PUNJABI UNIVERSITY PATIALA

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਬੀ. ਏ. ਭਾਗ ਤੀਜਾ** **ਪੰਜਾਬੀ ਚੋਣਵਾਂ ਵਿਸ਼ਾ**

**ਸਮੈਸਟਰ-ਪੰਜਵਾਂ**

**ਯੂਨਿਟ ਨੰ: 1**

## (ਭਾਗ–ੳ) ਪੁਸਤਕ : *ਪੁਰਾਤਨ ਪੰਜਾਬੀ ਕਾਵਿ ਸੰਗ੍ਰਹਿ*

**ਪਾਠ ਨੰਬਰ** :


1.1 : ਗੋਰਖ ਨਾਥ ਅਤੇ ਪੁਰਾਤਨ ਵਾਰਾਂ

1.2 : ਸ਼ੇਖ ਫ਼ਰੀਦ

1.3 : ਭਗਤ ਨਾਮਦੇਵ

1.4 : ਭਗਤ ਰਵਿਦਾਸ

1.5 : ਗੁਰੂ ਨਾਨਕ ਦੇਵ ਜੀ

1.6 : ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ

1.7 : ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਬਾਰੇ

1.8 : ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਬਾਰੇ

1.9 : ਭਾਈ ਗੁਰਦਾਸ ਦੀਆਂ ਰਚਨਾਵਾਂ ਬਾਰੇ

1.10 : ਭਾਈ ਗੁਰਦਾਸ ਦੀਆਂ ਰਚਨਾਵਾਂ ਬਾਰੇ

1.11 : ਦਮੋਦਰ ਦੀਆਂ ਰਚਨਾਵਾਂ ਬਾਰੇ


**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.pbidde.org ਤੋਂ ਡਾਊਨਲੋਡ ਕਰਨ।**

## ਤਤਕਰਾ


**1. ਗੋਰਖਨਾਥ ਅਤੇ ਪੁਰਾਤਨ ਵਾਰਾਂ (ਪਾਠ ਨੰ: 1)**

1.1 ਰੂਪ ਰੇਖਾ
1.2 ਗੋਰਖ ਨਾਥ ਦੀ ਕਾਵਿ ਕਲਾ
1.3 ਗੋਰਖਨਾਥ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ
1.4 ਪ੍ਰਸੰਗ ਸਹਿਤ ਵਿਆਖਿਆ
1.5 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ
1.6 ਪੁਰਾਤਨ ਵਾਰਾਂ
1.7 ਪ੍ਰਸੰਗ ਸਹਿਤ ਵਿਆਖਿਆ
1.8 ਸਹਾਇਕ ਪੁਸਤਕਾਵਲੀ

2. **ਸ਼ੇਖ਼ ਫ਼ਰੀਦ ਅਤੇ ਉਹਨਾਂ ਦੀਆਂ ਰਚਨਾਵਾਂ (ਪਾਠ ਨੰ: 2)**

2.1 ਭੂਮਿਕਾ
2.2 ਰੂਪ ਰੇਖਾ
2.3 ਫ਼ਰੀਦ ਦਾ ਕਾਵਿ-ਅਨੁਭਵ ਅਤੇ ਯੋਗਦਾਨ
2.4 ਫ਼ਰੀਦ ਦੀਆਂ ਰਚਨਾਵਾਂ ਦਾ ਵਿਸ਼ਾ ਵਸਤੂ
2.5 ਪ੍ਰਸੰਗ ਸਹਿਤ ਵਿਆਖਿਆ
2.6 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ
2.7 ਸਹਾਇਕ ਪੁਸਤਕਾਵਲੀ

3. **ਭਗਤ ਨਾਮਦੇਵ ਅਤੇ ਉਹਨਾਂ ਦੀਆਂ ਰਚਨਾਵਾਂ (ਪਾਠ ਨੰ: 3)**

**3.1** ਭੂਮਿਕਾ ਅਤੇ ਰੂਪ ਰੇਖਾ
3.2 ਭਗਤ ਨਾਮਦੇਵ ਜੀ ਦਾ ਸਾਹਿਤਕ ਯੋਗਦਾਨ
3.3 ਭਗਤ ਨਾਮਦੇਵ ਦੇ ਸ਼ਬਦਾਂ ਦਾ ਵਿਸ਼ਾ ਵਸਤੂ
3.4 ਪ੍ਰਸੰਗ ਸਹਿਤ ਵਿਆਖਿਆ
3.5 ਸੰਖੇਪ ਪ੍ਰਸ਼ਨ ਉੱਤਰ
3.6 ਸਹਾਇਕ ਪੁਸਤਕਾਵਲੀ

4. **ਭਗਤ ਰਵਿਦਾਸ ਅਤੇ ਉਹਨਾਂ ਦੀਆਂ ਰਚਨਾਵਾਂ (ਪਾਠ ਨੰ: 4)**

4.1 ਭਗਤ ਰਵਿਦਾਸ
4.2 ਭਗਤ ਰਵਿਦਾਸ ਦੇ ਸ਼ਬਦਾਂ ਦਾ ਵਿਸ਼ਾ-ਵਸਤੂ
4.3 ਪ੍ਰਸੰਗ ਦਸ ਕੇ ਵਿਆਖਿਆ

4.4 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

4.5 ਸਹਾਇਕ ਪੁਸਤਕਾਵਲੀ

5. **ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਰਚਨਾਵਾਂ (ੳ) (ਪਾਠ ਨੰ: 5)**

**5.1** ਭੂਮਿਕਾ

5.2 ਗੁਰੂ ਨਾਨਕ ਦੇਵ ਜੀ ਦਾ ਸਾਹਿਤਕ ਯੋਗਦਾਨ

5.3 ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਵਿਸ਼ਾ-ਵਸਤੂ (ੳ)

5.4 ਸੰਖੇਪ ਪ੍ਰਸ਼ਨ ਉੱਤਰ

6. **ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ (ਅ) (ਪਾਠ ਨੰ: 6)**

**6.1** ਭੂਮਿਕਾ

6.2 ਗੁਰੂ ਨਾਨਕ ਜੀ ਦੀਆਂ ਰਚਨਾਵਾਂ ਵਿਸ਼ਾ-ਵਸਤੂ (ਅ)

6.3 ਪ੍ਰਸ਼ਨ

6.4 ਸਹਾਇਕ ਪੁਸਤਕਾਵਲੀ

**7. ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ-(ੳ)**

7.1 ਗੁਰੂ ਅਰਜਨ ਦੇਵ ਜੀ ਦਾ ਸਾਹਿੱਤਕ ਯੋਗਦਾਨ

7.2 ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਵਿਸ਼ੇ ਵਸਤੂ

7.3 ਪ੍ਰਸੰਗ ਸਹਿਤ ਵਿਆਖਿਆ

**8. ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ-(ਅ)**

8.1 ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਦਾ ਵਿਸ਼ੇ-ਵਸਤੂ

8.2 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

8.3 ਪ੍ਰਸੰਗ ਸਹਿਤ ਵਿਆਖਿਆ

8.4 ਪ੍ਰਸ਼ਨ

8.5 ਸਹਾਇਕ ਪੁਸਤਕਾਵਲੀ

**9. ਭਾਈ ਗੁਰਦਾਸ ਦੀਆਂ ਰਚਨਾਵਾਂ-(ੳ)**

9.1 ਭੂਮਿਕਾ ਅਤੇ ਰੂਪ ਰੇਖਾ

9.2 ਭਾਈ ਗੁਰਦਾਸ ਜੀ ਦਾ ਸਾਹਿੱਤਕ ਯੋਗਦਾਨ

9.3 ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦਾ ਵਿਸ਼ੇ-ਵਸਤੂ

9.4 ਸੰਖੇਪ ਪ੍ਰਸ਼ਨ ਉੱਤਰ

**10. ਭਾਈ ਗੁਰਦਾਸ ਦੀਆਂ ਰਚਨਾਵਾਂ-(ਅ)**

10.1 ਭਾਈ ਗੁਰਦਾਸ ਦੀਆਂ ਰਚਨਾਵਾਂ ਦਾ ਵਿਸ਼ੇ-ਵਸਤੂ

10.2 ਪ੍ਰਸੰਗ ਸਹਿਤ ਵਿਆਖਿਆ

10.3 ਸੰਖੇਪ ਪ੍ਰਸ਼ਨ ਉੱਤਰ

10.4 ਪ੍ਰਸ਼ਨ

10.5 ਸਹਾਇਕ ਪੁਸਤਕਾਵਲੀ

**11. ਦਮੋਦਰ ਦੀਆਂ ਰਚਨਾਵਾਂ**

11.1 ਭੂਮਿਕਾ ਅਤੇ ਰੂਪ ਰੇਖਾ

11.2 ਦਮੋਦਰ : ਜੀਵਨ ਅਤੇ ਸਾਹਿੱਤਕ ਯੋਗਦਾਨ

11.3 ਹੀਰ ਦਮੋਦਰ ਦੇ ਚੋਣਵੇਂ ਅੰਸ਼ਾਂ ਦਾ ਵਿਸ਼ਾ-ਵਸਤੂ

11.4 ਸੰਖੇਪ ਪ੍ਰਸ਼ਨ ਉੱਤਰ

11.5 ਪ੍ਰਸੰਗ ਸਹਿਤ ਵਿਆਖਿਆ

7.6 ਪ੍ਰਸ਼ਨ

**12. ਵਿਦਿਆਰਥੀ ਉੱਤਰ ਪੱਤਰ**

**ਪਾਠ ਨੰਬਰ : 1.1**

## ਭੂਮਿਕਾ

ਬੀ.ਏ. ਭਾਗ ਤੀਜਾ ਦੇ ਵਿਦਿਆਰਥੀ ਨੂੰ 1700 ਈ. ਤਕ ਰਚੀ ਪੰਜਾਬੀ ਕਵਿਤਾ ਦੀ ਜਾਣ-ਪਛਾਣ ਅਤੇ ਇਸ ਦੀਆਂ ਵੱਖ-ਵੱਖ ਪ੍ਰਵਿਰਤੀਆਂ ਨਾਲ ਪਰਿਚਿਤ ਕਰਵਾਉਣਾ ਹੁੰਦਾ ਹੈ। ਇਸ ਕਾਲ ਤਕ ਪੰਜਾਬੀ ਕਵਿਤਾ ਨੇ ਆਪਣੀ ਵੰਨਸੁਵੰਨਤਾ ਅਤੇ ਅਮੀਰੀ ਦੀ ਬਹੁਪੱਖੀ ਪਛਾਣ ਸਥਾਪਿਤ ਕਰ ਲਈ ਸੀ। ਮੱਧਕਾਲੀਨ ਪੰਜਾਬੀ ਕਵਿਤਾ ਦਾ ਮੁੱਢ ਇਕ ਹਜ਼ਾਰ ਈਸਵੀ ਦੇ ਆਸ-ਪਾਸ ਬੱਝ ਗਿਆ ਸੀ। 1700 ਈ. ਤਕ ਇਸ ਦੇ ਜਨਮ ਨੂੰ ਲਗਭਗ ਸੱਤ ਸੌ ਵਰ੍ਹੇ ਗੁਜ਼ਰ ਚੁਕੇ ਸਨ। ਇਨ੍ਹਾਂ ਵਰ੍ਹਿਆਂ ਵਿਚ ਪੰਜਾਬੀ ਕਵਿਤਾ ਵਿਚ ਨਾਥ ਬਾਣੀ, ਨਿਰਗੁਣ ਕਾਵਿ ਧਾਰਾ, ਸੂਫੀ ਕਾਵਿ ਪਰੰਪਰਾ, ਗੁਰਮਤਿ ਕਾਵਿ ਧਾਰਾ ਅਤੇ ਬੀਰ ਕਾਵਿ ਧਾਰਾ ਵਰਗੀਆਂ ਮਹੱਤਵਪੂਰਨ ਵੰਨਗੀਆਂ ਪੈਦਾ ਹੋ ਚੁਕੀਆਂ ਸਨ। ਇਨ੍ਹਾਂ ਕਾਵਿ ਪਰੰਪਰਾਵਾਂ ਦੇ ਉਦੇਸ਼ ਅਤੇ ਬ੍ਰਿਤਾਂਤ-ਵਿਧੀਆਂ ਵੱਖ-ਵੱਖ ਹਨ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਨ੍ਹਾਂ ਪਰੰਪਰਾਵਾਂ ਦੇ ਉਦੇਸ਼ ਅਤੇ ਬ੍ਰਿਤਾਂਤ-ਵਿਧੀਆਂ ਨੂੰ ਸਮਝਣ ਵਾਸਤੇ ਪਾਠ-ਪੁਸਤਕ ਵਿਚ ਦਰਜ ਕਵਿਤਾਵਾਂ ਅਤੇ ਪਾਠ-ਪੁਸਤਕ ਦੇ ਅੰਤ ਵਿਚ ਦਿੱਤੇ ਗਏ ਕਵੀਆਂ ਦੇ ਪਰਿਚਯ ਅਤੇ ਅਰਥਾਵਲੀ ਭਾਗ ਨੂੰ ਧਿਆਨ ਨਾਲ ਵਾਚ ਲਵੋ ਤਾਂ ਜੋ ਮੱਧਕਾਲ ਵਿਚ ਰਚੀਆਂ ਗਈਆਂ ਇਨ੍ਹਾਂ ਪਰੰਪਰਾਵਾਂ ਬਾਰੇ ਸੰਪੂਰਨ ਜਾਣਕਾਰੀ ਹਾਸਲ ਕਰ ਸਕੋ। ਇਕ ਗੱਲ ਹੋਰ, ਪਾਠਾਂ ਨੂੰ ਪੜ੍ਹਨ ਤੋਂ ਪਹਿਲਾਂ ਪਾਠ-ਪੁਸਤਕ ਨੂੰ ਧਿਆਨ ਨਾਲ ਜ਼ਰੂਰ ਪੜ੍ਹੋ।

## 3. ਗੋਰਖ ਨਾਥ ਅਤੇ ਪੁਰਾਤਨ ਵਾਰਾਂ

### 1.1 ਰੂਪ ਰੇਖਾ :

ਇਸ ਪਾਠ ਵਿਚ ਨਾਥ-ਬਾਣੀ ਦੇ ਪ੍ਰਸਿੱਧ ਕਵੀ ਗੋਰਖ ਨਾਥ ਅਤੇ ਲੋਕ ਵਾਰਾਂ ਦੀ ਪ੍ਰਕ੍ਰਿਤੀ ਨਾਲ ਜਾਣ ਪਹਿਚਾਣ ਕਰਵਾਈ ਗਈ ਹੈ। ਇਨ੍ਹਾਂ ਦੋਹਾਂ ਕਾਵਿ ਧਾਰਾਵਾਂ ਨੂੰ ਸਮਝਣ ਵਾਸਤੇ ਅਸੀਂ ਪਾਠ ਪੁਸਤਕ ਵਿਚ ਦਰਜ ਕਵਿਤਾਵਾਂ ਦੇ ਵਿਸ਼ੇ-ਵਸਤੂ, ਕਵੀਆਂ ਦੇ ਅਨੁਭਵ ਅਤੇ ਕਾਵਿ ਕਲਾ, ਉਨ੍ਹਾਂ ਦੇ ਯੋਗਦਾਨ ਅਤੇ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਅੰਤ ਵਿਚ ਪਰੀਖਿਆ ਵਿਚ ਪੁੱਛੇ ਜਾ ਸਕਣ ਵਾਲੇ ਮਲਟੀਪਲ ਚੋਣ ਪ੍ਰਸ਼ਨ ਵੀ ਦਿੱਤੇ ਗਏ ਹਨ। ਇਸ ਤੋਂ ਇਲਾਵਾ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਕੁਝ ਪੁਸਤਕਾਂ ਵੀ ਸੁਝਾਈਆਂ ਗਈਆਂ ਹਨ।

### 3.2 ਗੋਰਖ ਨਾਥ ਦੀ ਕਾਵਿ-ਕਲਾ

ਗੋਰਖ ਨਾਥ ਨੂੰ ਗੁਰੂ ਗੋਰਖ ਨਾਥ ਵੀ ਕਿਹਾ ਗਿਆ ਹੈ ਕਿਉਂਕਿ ਨਾਥ ਪਰੰਪਰਾ ਵਿਚ ਇਹ ਇਕ ਗੁਰੂ ਦੀ ਹੈਸੀਅਤ ਨਾਲ ਜਾਣੇ ਜਾਂਦੇ ਸਨ। ਪੰਜਾਬੀ ਦੇ ਬਹੁਤ ਸਾਰੇ ਪੁਰਾਤਨ ਕਿੱਸਿਆ ਜਿਵੇਂ ਹੀਰ ਵਾਰਿਸ ਅਤੇ ਪੂਰਨ ਭਗਤ ਵਿਚ ਗੋਰਖ ਨਾਥ ਦਾ ਜ਼ਿਕਰ ਆਇਆ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਵੀ ਗੋਰਖ ਨਾਥ ਦੀ ਸ਼ਖ਼ਸੀਅਤ ਬਾਰੇ ਕੁਝ ਹਵਾਲੇ ਪ੍ਰਾਪਤ ਹੁੰਦੇ ਹਨ। ਇਨ੍ਹਾਂ ਹਵਾਲਿਆਂ ਤੋਂ ਸਿੱਧ ਹੁੰਦਾ ਹੈ ਕਿ ਗੋਰਖ ਨਾਥ ਗੁਰਮਤਿ ਕਾਵਿ ਧਾਰਾ ਅਤੇ ਕਿੱਸਾ ਕਾਵਿ ਧਾਰਾ ਤੋਂ ਪਹਿਲਾਂ ਹੋ ਚੁੱਕਾ ਸੀ। ਗੋਰਖ ਨਾਥ ਦੇ ਜੀਵਨ-ਕਾਲ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਗੋਰਖ ਨਾਥ ਇਕ ਹਜ਼ਾਰ ਸਦੀ ਈਸਵੀ ਦੇ ਆਸ-ਪਾਸ ਪੈਦਾ ਹੋਇਆ ਹੋਵੇਗਾ। ਨਾਥ ਸੰਪਰਦਾਇ ਬਾਰੇ ਖੋਜ ਕਰਨ ਵਾਲੇ ਵਿਦਵਾਨਾਂ ਡਾ. ਮੋਹਨ ਸਿੰਘ ਦੀਵਾਨਾ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਪਰਮਿੰਦਰ ਸਿੰਘ ਅਤੇ ਪ੍ਰੋ. ਕਿਰਪਾਲ

ਸਿੰਘ ਕਸੇਲ ਆਦਿ ਦਾ ਮੱਤ ਹੈ ਕਿ ਗੋਰਖ ਨਾਥ ਮਛੰਦਰ ਨਾਥ ਦਾ ਪ੍ਰਮੁੱਖ ਚੇਲਾ ਸੀ। ਗੋਰਖ ਨਾਥ ਨੇ ਭਾਰਤ ਤੋਂ ਬਿਨਾਂ ਤਿੱਬਤ, ਨੇਪਾਲ ਆਦਿਕ ਦੇਸ਼ਾਂ ਦੀਆਂ ਯਾਤਰਾਵਾਂ ਵੀ ਕੀਤੀਆਂ। ਉਸ ਦੇ ਪ੍ਰਚਾਰ ਸਦਕਾ ਭਾਰਤ ਵਿਚ ਨਾਥ-ਯੋਗੀਆਂ ਦਾ ਪ੍ਰਭਾਵ ਬਹੁਤ ਵਧਿਆ ਅਤੇ ਆਮ ਲੋਕ ਨਾਥ-ਜੋਗੀਆਂ ਦਾ ਬੜਾ ਸਤਿਕਾਰ ਕਰਨ ਲੱਗੇ। ਜਿਥੇ-ਜਿਥੇ ਵੀ ਗੋਰਖ ਨਾਥ ਗਏ, ਉਥੇ ਆਪ ਦੇ ਚੇਲੇ ਅਤੇ ਮਠ ਸਥਾਪਿਤ ਹੋ ਗਏ। ਅਜ ਕਲ੍ਹ ਇਨ੍ਹਾਂ ਦੇ ਨਾਮ ਨਾਲ ਜਾਣਿਆ ਜਾਂਦਾ ਸਭ ਤੋਂ ਪ੍ਰਸਿੱਧ ਡੇਰਾ ਗੋਰਖਪੁਰ (ਉਤਰ ਪ੍ਰਦੇਸ਼) ਵਿਖੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਗੋਰਖਨਾਥ ਇਥੇ ਬਹੁਤ ਸਮਾਂ ਰਹੇ ਅਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਵੀ ਇਸੇ ਸਥਾਨ ਤੇ ਹੋਇਆ।

**1.2.1** ਗੋਰਖ ਨਾਥ ਦੇ ਪ੍ਰਭਾਵ ਕਾਰਨ ਨੇਪਾਲ ਵਿਚ ਗੋਰਖਾ ਜਾਤੀ ਬਹੁਤ ਪ੍ਰਸਿੱਧ ਹੋਈ। ਉਨ੍ਹਾਂ ਨੇ ਆਪਣੇ ਮਤ ਦੇ ਪ੍ਰਚਾਰ ਲਈ ਆਪਣੇ ਸਾਰੇ ਚੇਲਿਆਂ ਅਤੇ ਅਨੁਆਈਆਂ ਨੂੰ 12 ਪੰਥਾਂ ਵਿਚ ਵੰਡਿਆ ਹੋਇਆ ਸੀ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਵੀ ਇਨ੍ਹਾਂ ਪੰਥਾਂ ਵੱਲ ਸੰਕੇਤ ਕੀਤਾ ਹੈ - 'ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ਗੋਰਖਨਾਥ ਨੇ ਆਪਣੇ ਮੱਤ ਦੇ ਪ੍ਰਚਾਰ ਲਈ ਜੋ ਉਪਦੇਸ਼ ਦਿੱਤੇ ਉਨ੍ਹਾਂ ਨੂੰ ਉਸੇ ਸਮੇਂ ਜਾਂ ਬਾਅਦ ਵਿਚ ਲਿਖਤੀ ਰੂਪ ਦੇ ਦਿੱਤਾ ਗਿਆ। ਇਸ ਤਰ੍ਹਾਂ ਪੱਕੇ ਤੌਰ ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਗੋਰਖਨਾਥ ਦੇ ਨਾਮ ਹੇਠ ਪ੍ਰਚਲਿਤ ਬਾਣੀ ਉਨ੍ਹਾਂ ਦੀ ਆਪਣੀ ਲਿਖੀ ਹੋਈ ਹੈ ਕਿ ਉਨ੍ਹਾਂ ਦੇ ਕਿਸੇ ਚੇਲੇ ਨੇ ਆਪਣੇ ਗੁਰੂ ਦੇ ਉਦੇਸ਼ਾਂ ਨੂੰ ਬਾਣੀ ਦੇ ਰੂਪ ਵਿਚ ਕਾਵਿਬੱਧ ਕਰ ਦਿੱਤਾ ਹੋਵੇਗਾ। ਗੋਰਖਨਾਥ ਦੀ ਬਾਣੀ ਬਾਰੇ ਖੋਜ ਕਰਨ ਵਾਲੇ ਪ੍ਰਸਿੱਧ ਵਿਦਵਾਨ ਡਾ. ਪੀਤਾਂਬਰ ਦੱਤ ਬੜਵਾਲ ਨੇ ਗੋਰਖਨਾਥ ਦੀਆ ਲਗਭਗ 40 ਰਚਨਾਵਾਂ ਲੱਭੀਆਂ ਹਨ। ਇਨ੍ਹਾਂ ਵਿਚੋਂ ਕੁਝ ਪਦੇ, ਕੁਝ ਸ਼ਬਦੀ, ਕੁਝ ਸਲੋਕ ਅਤੇ ਕੁਝ ਵਾਰਾਂ ਪ੍ਰਸਿੱਧ ਹਨ।

**1.2.2** ਗੋਰਖਨਾਥ ਦੀ ਭਾਸ਼ਾ ਉਤੇ ਅਪਭ੍ਰੰਸ਼ ਭਾਸ਼ਾਵਾਂ ਦਾ ਕਾਫ਼ੀ ਪ੍ਰਭਾਵ ਹੈ। ਜਿਸ ਸਮੇਂ ਆਪ ਰਚਨਾ ਕਰ ਰਹੇ ਸਨ ਉਸ ਸਮੇਂ ਅਜੇ ਸਾਹਿਤਿਕ ਪੰਜਾਬੀ ਦਾ ਠੁੱਕ ਨਹੀਂ ਸੀ ਬੱਝਾ। ਆਪ ਨੇ ਆਪਣੀ ਬਾਣੀ ਵਿਚ ਪ੍ਰਤੀਕਾਂ ਅਤੇ ਉਲਟ ਬਾਸੀਆਂ ਦਾ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਕਿਉਂਕਿ ਗੋਰਖਨਾਥ ਦਾ ਜ਼ਿਕਰ ਪੰਜਾਬੀ ਦੇ ਮੱਧਕਾਲੀਨ ਸਾਹਿਤ ਵਿਚ ਕਾਫ਼ੀ ਮਿਲਦਾ ਹੈ ਅਤੇ ਪੰਜਾਬ ਵਿਚ ਜੋਗੀਆਂ ਦੇ ਬਹੁਤ ਸਾਰੇ ਟਿਕਾਣੇ ਵੀ ਹਨ, ਇਸ ਲਈ ਗੋਰਖ ਬਾਣੀ ਨੂੰ ਪੰਜਾਬੀ ਦੀ ਆਦਿ-ਕਵਿਤਾ ਦਾ ਸਥਾਨ ਮਿਲਿਆ ਹੋਇਆ ਹੈ। ਗੋਰਖਨਾਥ ਨੇ ਮੱਧਕਾਲੀਨ ਭਾਰਤੀ ਸਭਿਆਚਾਰ ਦੇ ਪ੍ਰਮੁੱਖ ਅੰਗਾਂ ਨੂੰ ਇਨ੍ਹਾਂ ਦੇ ਗਤੀਸ਼ੀਲ ਰੂਪ ਵਿਚ ਬਿਆਨ ਕੀਤਾ ਹੈ। ਇਸ ਲਈ ਉਨ੍ਹਾਂ ਦੀ ਬਾਣੀ ਦਾ ਮਹੱਤਵ ਕਾਫ਼ੀ ਵੱਧ ਗਿਆ ਹੈ।

## 1.3 ਗੋਰਖ ਨਾਥ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ

### 1.3.1 ਅਨਤ ਨ ਭਰਮੋਂ

ਇਸ ਸ਼ਬਦ ਵਿਚ ਗੋਰਖ ਨਾਥ ਨੇ ਆਪਣੇ ਚੇਲਿਆਂ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਅਤੇ ਆਪਣੀ ਆਤਮਾ ਨੂੰ ਜਾਗ੍ਰਿਤ ਕਰਨ ਦਾ ਉਪਦੇਸ਼ ਦਿੱਤਾ ਹੈ। ਆਪ ਲਿਖਦੇ ਹਨ ਕਿ ਮਨ ਨੂੰ ਮਾਰਨ ਨਾਲ ਹੀ ਆਤਮਾ ਦਾ ਦਰਵਾਜ਼ਾ ਖੁਲ੍ਹਦਾ ਹੈ ਅਤੇ ਸਹਿਜ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਪਦਾਰਥਕ ਦੁਨੀਆਂ ਦੇ ਪਿੱਛੇ ਭਟਕਣ ਦੀ ਬਜਾਇ ਪਰਮਾਤਮਾ ਨਾਲ ਆਪਣੀ ਸੁਰਤਿ ਜੋੜੇ ਤਾਂ ਹੀ ਉਸਦਾ ਆਵਾਗਮਨ ਤੋਂ ਛੁਟਕਾਰਾ ਹੋ ਸਕਦਾ ਹੈ। ਜਿਹੜਾ ਵਿਅਕਤੀ ਆਪਣੇ ਪ੍ਰਾਣਾਂ ਨੂੰ ਸੋਧ ਲੈਂਦਾ ਹੈ ਉਸ ਨੂੰ ਨਿਰਗੁਣ ਪਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ। ਇਹ ਪਰਮਾਤਮਾ ਦੇਖਿਆ ਨਹੀਂ ਜਾ ਸਕਦਾ। ਉਸ ਤੱਕ ਪਹੁੰਚਿਆ ਵੀ ਨਹੀਂ ਜਾ ਸਕਦਾ। ਉਹ ਅਨੰਤ ਹੈ।

ਵਿਅਕਤੀ ਦੀ ਆਤਮਾ ਵਿਚ ਨਿਰੰਤਰ ਅਨਹਦ ਨਾਦ ਗੂੰਜ ਰਿਹਾ ਹੈ। ਜਿਹੜਾ ਵਿਅਕਤੀ ਆਪਣੀ ਆਤਮਾ ਨੂੰ ਜਾਗ੍ਰਿਤ ਕਰਕੇ ਇਹ ਨਾਦ ਸੁਣ ਲੈਂਦਾ ਹੈ, ਉਸ ਨੂੰ ਨਾਸ਼ਮਾਨ ਦੁਨੀਆਂ ਦਾ ਬੋਧ ਪ੍ਰਾਪਤ ਹੋ ਜਾਂਦਾ ਹੈ। ਉਹ ਸੂਨਯ ਅਵਸਥਾ ਵਿਚੋਂ ਮੂਲ ਸ਼ਬਦ 'ਓਅੰ ਦੀ ਝਣਕਾਰ ਸੁਣ ਸਕਦਾ ਹੈ। ਉਹ ਵਿਸ਼ੇ ਵਿਕਾਰਾਂ ਤੋਂ ਮੁਕਤ ਹੋ ਕੇ ਪਰਮਾਤਮਾ ਦੇ ਅਗਮ ਗੜ੍ਹ ਦਾ ਵਾਸੀ ਬਣ ਜਾਂਦਾ ਹੈ। ਨਿਰੰਕਾਰ ਪਰਮਾਤਮਾ ਨੂੰ ਸਿਮਰਨ ਨਾਲ ਹੀ ਮੁਕਤੀ

ਦੀ ਪ੍ਰਾਪਤੀ ਹੋ ਸਕਦੀ ਹੈ। ਭੈਰੋ ਰਾਗ ਵਿਚ ਲਿਖਿਆ ਗੋਰਖਨਾਥ ਦਾ ਇਹ ਸ਼ਬਦ ਉਨ੍ਹਾਂ ਦੀ ਵਿਚਾਰਧਾਰਾ ਅਤੇ ਦਰਸ਼ਨ ਦੀ ਬੜੀ ਪ੍ਰਮਾਣਿਕ ਤਸਵੀਰ ਪੇਸ਼ ਕਰਦਾ ਹੈ।

### 1.3.2 ਸਲੋਕ

ਸਲੋਕ ਪੰਜਾਬੀ ਕਾਵਿ ਪਰੰਪਰਾ ਦਾ ਇਕ ਬੜਾ ਪੁਰਾਤਨ ਅਤੇ ਲੋਕਪ੍ਰਿਯ ਕਾਵਿ ਰੂਪ ਹੈ। ਸਲੋਕਾਂ ਦੇ ਮਾਧਿਅਮ ਦੁਆਰਾ ਮੱਧਕਾਲੀਨ ਪੰਜਾਬੀ ਕਵੀਆਂ ਨੇ ਆਪਣੀ ਵਿਚਾਰਧਾਰਾ ਨੂੰ ਸੂਤਰਬੱਧ ਰੂਪ ਵਿਚ ਪੇਸ਼ ਕੀਤਾ ਹੈ। ਪੰਜਾਬੀ ਸਾਹਿਤ ਵਿਚ ਸ਼ੇਖ਼ ਫ਼ਰੀਦ, ਭਗਤ ਕਬੀਰ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਬਹੁਤ ਪ੍ਰਸਿੱਧ ਹਨ। ਇਨ੍ਹਾਂ ਸਲੋਕਾਂ ਵਿਚ ਕਵੀਆਂ ਅਤੇ ਗੁਰੂਆਂ ਨੇ ਪਰਮਾਤਮਾ ਦੀ ਮਹਿਮਾ ਅਤੇ ਦੁਨੀਆਂ ਦੀ ਨਾਸ਼ਮਾਨਤਾ ਦੇ ਬੜੇ ਪ੍ਰਭਾਵਸ਼ਾਲੀ ਬਿੰਬ ਪੇਸ਼ ਕੀਤੇ ਹਨ। ਗੋਰਖਨਾਥ ਨੇ ਵੀ ਸਲੋਕਾਂ ਦੇ ਮਾਧਿਅਮ ਦੁਆਰਾ ਆਪਣੇ ਜੀਵਨ-ਦਰਸ਼ਨ ਨੂੰ ਪੇਸ਼ ਕੀਤਾ ਹੈ।

ਗੋਰਖਨਾਥ ਲਿਖਦੇ ਹਨ ਕਿ ਜਿਹੜਾ ਵਿਅਕਤੀ ਕਾਲ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ ਅਤੇ ਆਪਣੀ ਜਵਾਨੀ ਨੂੰ ਕਾਬੂ ਵਿਚ ਰੱਖਦਾ ਹੈ, ਉਹੀ ਅਸਲ ਵਿਚ ਸਤੀ ਅਤੇ ਜਤੀ ਹੈ। ਇਕ ਜੋਗੀ ਨੂੰ ਖਾਣ-ਪੀਣ ਦਾ ਲਾਲਚ ਵੀ ਨਹੀਂ ਕਰਨਾ ਚਾਹੀਦਾ ਬਲਕਿ ਉਹ ਸਿਰਫ਼ ਉਤਨਾ ਹੀ ਖਾਵੇ, ਜਿਤਨਾ ਉਸ ਨੂੰ ਜੀਵੰਤ ਰਹਿਣ ਲਈ ਲੋੜੀਂਦਾ ਹੈ। ਇਹੋ ਜਿਹਾ ਜੋਗੀ ਹੀ ਮੇਰਾ ਵਾਸਤਵਿਕ ਸ਼ਾਗਿਰਦ ਹੈ।

ਗੋਰਖਨਾਥ ਦਾ ਕਥਨ ਹੈ ਕਿ ਇਕ ਸੱਚੇ ਜੋਗੀ ਨੂੰ ਨਮਕੀਨ ਜਾਂ ਮਿੱਠੇ ਪਦਾਰਥਾਂ ਦੀ ਲਾਲਸਾ ਨਹੀਂ ਕਰਨੀ ਚਾਹੀਦੀ ਭਾਵ ਇਹ ਕਿ ਜੀਵਨ ਸੰਸਾਰਕ ਪ੍ਰਾਪਤੀਆਂ ਦੀ ਲਾਲਸਾ ਰਹਿਤ ਹੋਵੇ। ਉਹ ਜੋਗੀ ਸੱਚਾ ਹੈ ਜੋ ਆਪਣੀ ਤ੍ਰਿਸ਼ਨਾ ਨੂੰ ਕਾਬੂ ਵਿਚ ਰੱਖ ਸਕਦਾ ਹੋਵੇ।

ਗੋਰਖਨਾਥ ਕਹਿੰਦੇ ਹਨ ਕਿ ਵਿਅਕਤੀ ਨੂੰ ਇਹੋ ਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਹ ਪਰਮਾਤਮਾ ਦੇ ਅੰਮ੍ਰਿਤ ਰੂਪੀ ਮਹਾਂ ਰਸ ਤੋਂ ਵੰਚਿਤ ਹੋ ਜਾਵੇ। ਜਿਹੜਾ ਵਿਅਕਤੀ ਕਾਮ ਵਾਸਨਾ ਵਿਚ ਡੁੱਬ ਜਾਂਦਾ ਹੈ ਉਹ ਆਪਣੇ ਜੀਵਨ ਨੂੰ ਵਿਅਰਥ ਹੀ ਬਰਬਾਦ ਕਰ ਬੈਠਦਾ ਹੈ। ਵਿਅਕਤੀ ਨੂੰ ਸਦਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੀਵਨ ਨਾਸ਼ਵਾਨ ਹੈ ਅਤੇ ਉਸ ਦੀ ਮ੍ਰਿਤੂ ਅਟੱਲ ਹੈ। ਇਸ ਲਈ ਉਹ ਆਪਣੇ ਮਨ ਨੂੰ ਤ੍ਰਿਸ਼ਨਾਵਾਂ ਦੇ ਆਕਰਸ਼ਣ ਵਿਚ ਨਾ ਬਝੱਣ ਦੇਵੇ। ਮੌਤ ਆਪਣੀ ਸੂਚਨਾ ਬਹੁਤ ਪਹਿਲਾਂ ਦੇ ਦਿੰਦੀ ਹੈ। ਮੌਤ ਦੇ ਆਉਣ ਤੋਂ ਪਹਿਲਾਂ ਹੀ ਗੋਡੇ ਡਗਮਗਾਉਣ (ਕੰਬਣ) ਲੱਗਦੇ ਹਨ, ਪੇਟ ਢਿੱਲਾ ਪੈ ਜਾਂਦਾ ਹੈ ਅਤੇ ਵਾਲਾਂ ਦਾ ਰੰਗ ਧਉਲਾ (ਸਫ਼ੈਦ) ਹੋ ਜਾਂਦਾ ਹੈ।

ਗੋਰਖਨਾਥ ਲਿਖਦੇ ਹਨ ਕਿ ਤ੍ਰਿਸ਼ਨਾਂ ਰੂਪੀ ਬਘਿਆੜੀਆਂ ਨੇ ਪਰਮਾਤਮਾ ਦੇ ਅੰਮ੍ਰਿਤ ਰੂਪੀ ਮਹਾਂ ਰਸ ਨੂੰ ਸੁੱਕਾ ਦਿੱਤਾ ਹੈ। ਇਸਤਰੀ ਰੂਪੀ ਬਘਿਆੜੀ ਕਾਮ ਵਾਸ਼ਨਾਂ ਨੂੰ ਉਤੇਜਿਤ ਕਰਕੇ ਵਿਅਕਤੀ ਨੂੰ ਆਪਣੇ ਆਕਰਸ਼ਣ ਵਿਚ ਫਸਾ ਲੈਂਦੀ ਹੈ। ਇਸ ਲਈ ਵਿਅਕਤੀ ਨੂੰ ਇਸਤਰੀ ਦੇ ਮੋਹ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਤਾਂ ਹੀ ਉਹ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ।

ਗੋਰਖਨਾਥ ਅਜਿਹੇ ਵਿਅਕਤੀ ਨੂੰ ਮੂਰਖ ਦਸਦੇ ਹਨ ਜਿਹੜਾ ਹਰ ਰੋਜ਼ ਇਸਤਰੀ ਦੀ ਕਾਮਨਾ ਕਰਦਾ ਹੈ। ਉਹ ਵਿਅਕਤੀ ਨਾ ਕੇਵਲ ਮੂਰਖ ਹੀ ਹੈ ਬਲਕਿ ਅੰਨ੍ਹਾਂ ਵੀ ਹੈ ਅਤੇ ਉਹ ਕਦੇ ਵੀ ਆਪਣੀ ਮੰਜ਼ਲ ਤੇ ਨਹੀਂ ਪੁੱਜ ਸਕੇਗਾ। ਇਹੋ ਜਿਹਾ ਮੂਰਖ ਆਦਮੀ ਆਪਣੀ ਜੇਬ ਵਿਚੋਂ ਪੈਸੇ ਖਰਚ ਕੇ ਇਸਤਰੀ ਰੂਪੀ ਬਘਿਆੜੀ ਨੂੰ ਘਰੇ ਲੈ ਆਉਂਦਾ ਹੈ। ਭੋਲੀ-ਭਾਲੀ ਮਾਂ ਇਹ ਸੋਚਦੀ ਹੈ ਕਿ ਉਸ ਦਾ ਪੁੱਤਰ ਵਿਆਹਿਆ ਗਿਆ ਹੈ ਅਤੇ ਉਸ ਦਾ ਘਰ ਵੱਸ ਗਿਆ ਹੈ। ਜਿਸ ਤਰ੍ਹਾਂ ਗਿੱਲੀ ਲੱਕੜੀ ਨੂੰ ਜਦੋਂ ਘੁਣ ਲੱਗ ਜਾਂਦਾ ਹੈ ਤਾਂ ਉਸ ਘੁਣ ਇਸ ਲੱਕੜੀ ਨੂੰ ਪੱਤਿਆਂ ਸਮੇਤ ਖਾ ਜਾਂਦਾ ਹੈ। ਇਸੇ ਤਰ੍ਹਾਂ ਇਸਤਰੀ ਰੂਪੀ ਬਘਿਆੜੀ ਮਰਦ ਦੀ ਜ਼ਿੰਦਗੀ ਨੂੰ ਖਾ ਜਾਂਦੀ ਹੈ। ਉਸ ਦੇ ਰਕਤ ਬਿੰਦ (ਵੀਰਜ) ਨੂੰ ਨਸ਼ਟ ਕਰ ਦਿੰਦੀ ਹੈ ਅਤੇ ਉਸ ਦੇ ਸਮੁੱਚੇ ਸਰੀਰ ਨੂੰ ਹੜੱਪ ਕਰ ਜਾਂਦੀ ਹੈ। ਇਸ ਇਸਤਰੀ ਨੇ ਸੁਰਗ, ਮਾਤ ਅਤੇ ਪਾਤਾਲ ਲੋਕ ਦੇ ਸਾਰੇ ਜੀਵਾਂ ਦਾ ਸਫ਼ਾਇਆ ਕਰ ਦਿੱਤਾ ਹੈ। ਇਸ

ਲਈ ਇਕ ਸੱਚੇ ਜੋਗੀ ਨੂੰ ਚਾਹੀਦਾ ਹੈ ਕਿ ਉਹ ਭੁੱਲ ਕੇ ਵੀ ਇਸਤਰੀ ਰੂਪੀ ਬਘਿਆੜੀ ਦੇ ਨੇੜੇ ਨਾ ਜਾਵੇ ਸਦਾ ਉਸ ਤੋਂ ਬਚ ਕੇ ਰਹੇ।

ਇਸ ਸਲੋਕ ਵਿਚ ਗੋਰਖਨਾਥ ਸੰਜਮ ਵਰਤਣ ਉਤੇ ਜ਼ੋਰ ਦਿੰਦੇ ਹਨ। ਆਪ ਫੁਰਮਾਉਂਦੇ ਹਨ ਕਿ ਬਹੁਤਾ ਖਾਣ ਵਾਲਾ ਵਿਅਕਤੀ ਵੀ ਮਰ ਜਾਂਦਾ ਹੈ ਅਤੇ ਬਿਲਕੁਲ ਭੁੱਖਾ ਰਹਿਣ ਵਾਲਾ ਵਿਅਕਤੀ ਵੀ ਜਿਉਂਦਾ ਨਹੀਂ ਰਹਿ ਸਕਦਾ। ਇਸ ਸੰਸਾਰ ਵਿਚ ਉਹੀ ਵਿਅਕਤੀ ਖੁਸ਼ ਰਹਿ ਸਕਦਾ ਹੈ ਜਿਹੜਾ ਹਰ ਗੱਲ ਦਾ ਸੰਜਮ ਵਰਤਦਾ ਹੈ। ਸੰਜਮੀ ਵਿਅਕਤੀ ਹੀ ਇਸ ਸੰਸਾਰ-ਸਮੁੰਦਰ ਨੂੰ ਪਾਰ ਕਰ ਸਕਦਾ ਹੈ।

### 1.3.3 ਚੌਪਈ

ਇਸ ਚੌਪਈ ਵਿਚ ਗੋਰਖਨਾਥ ਇਕ ਸੱਚੇ ਜੋਗੀ ਦੀ ਪਰਿਭਾਸ਼ਾ ਦਿੰਦੇ ਹਨ। ਆਪ ਅਨੁਸਾਰ ਜੋ ਵਿਅਕਤੀ ਘਰ-ਬਾਰ ਤਿਆਗ ਕੇ ਹੀ ਇਹ ਸਮਝਣ ਲੱਗ ਪਵੇ ਕਿ ਉਸ ਨੇ ਜੋਗ ਧਾਰਨ ਕਰ ਲਿਆ ਹੈ, ਉਹ ਠੀਕ ਨਹੀਂ ਕਹਿ ਰਿਹਾ ਅਤੇ ਜਿਹੜਾ ਵਿਅਕਤੀ ਘਰ ਵਿਚ ਰਹਿਣ ਵਾਲੇ ਵਿਅਕਤੀ ਨੂੰ ਭੋਗੀ ਮੰਨ ਕੇ ਉਸ ਦਾ ਤ੍ਰਿਸਕਾਰ ਕਰਦਾ ਹੈ, ਉਹ ਵੀ ਜੋਗ ਮਾਰਗ ਤੋਂ ਭਟਕਿਆ ਹੋਇਆ ਹੈ। ਅਸਲ ਵਿਚ ਜੋਗੀ ਉਹੀ ਹੈ ਜਿਸ ਨੇ ਆਪਣੇ ਮਨ ਨੂੰ ਸਾਧ ਲਿਆ ਹੈ ਅਤੇ ਜਿਸ ਦੀ ਅੰਤਰ ਆਤਮਾ ਪਰਮਾਤਮਾ ਨਾਲ ਜੁੜ ਗਈ ਹੈ। ਅੰਤਰ ਆਤਮਾ ਵਿਚ ਝਾਤੀ ਮਾਰਨ ਤੋਂ ਬਿਨਾਂ ਆਪਣੇ ਆਪ ਨੂੰ ਜੋਗੀ ਸਮਝਣ ਵਾਲਾ ਵਿਅਕਤੀ ਮੂਰਖ ਹੈ। ਉਹ ਕਦੇ ਵੀ ਸੱਚਾ ਜੋਗੀ ਨਹੀਂ ਕਿਹਾ ਜਾ ਸਕਦਾ।

ਗੋਰਖਨਾਥ ਜੀ ਲਿਖਦੇ ਹਨ ਕਿ ਕਈ ਆਦਮੀ ਮਾਇਆ ਦੇ ਹਵਾਲੇ ਨਾਲ ਜਤਿ ਸਤਿ ਦੀ ਪਰਿਭਾਸ਼ਾ ਦੇਣ ਦਾ ਯਤਨ ਕਰਦੇ ਹਨ। ਅਜਿਹੇ ਆਦਮੀ ਵੀ ਅਗਿਆਨੀ ਹੀ ਕਹੇ ਜਾਣਗੇ। ਜਿਹੜਾ ਵਿਅਕਤੀ ਮਾਇਆ ਜੋੜ ਕੇ ਆਪਣੇ ਆਪ ਨੂੰ ਵੱਡਾ ਅਤੇ ਸ਼੍ਰੇਸ਼ਠ ਮੰਨਦਾ ਹੈ, ਉਹ ਅਗਿਆਨੀ ਹੈ। ਇਸ ਦੇ ਨਾਲ ਹੀ ਅਜਿਹਾ ਵਿਅਕਤੀ ਵੀ ਅਗਿਆਨੀ ਮੰਨਿਆ ਜਾਵੇਗਾ ਜੋ ਮਾਇਆ ਦੇ ਚਲੀ ਜਾਣ ਤੇ ਆਪਣੇ ਆਪ ਨੂੰ ਗ਼ਰੀਬ ਅਤੇ ਨਿਰਧਨ ਸਮਝਣ ਲੱਗ ਪੈਂਦਾ ਹੈ। ਮਾਇਆ ਦੇ ਦਾਨ ਕਰਨ ਨਾਲ ਵੀ ਜੋਗੀ ਦੀ ਉਪਾਧੀ ਨਹੀਂ ਮਿਲਦੀ ਕਿਉਂਕਿ ਇਹੋ ਜਿਹੇ ਦਾਨੀ ਵਿਅਕਤੀ ਅਭਿਮਾਨ ਵਿਚ ਫਸ ਜਾਂਦੇ ਹਨ। ਸੋ ਮਾਇਆ ਤੋਂ ਨਿਰਲੇਪ ਰਹਿਣ ਤੇ ਹੀ ਸੱਚੇ ਜੋਗ ਦੀ ਪ੍ਰਾਪਤੀ ਹੋ ਸਕਦੀ ਹੈ।

ਅਗਲੀ ਚੌਪਈ ਵਿਚ ਗੋਰਖਨਾਥ ਅਗਿਆਨੀ ਵਿਅਕਤੀ ਦੀ ਨਾਦਾਨ ਬੱਚੇ ਨਾਲ ਤੁਲਨਾ ਕਰਦੇ ਹੋਏ ਲਿਖਦੇ ਹਨ ਕਿ ਦੁਨੀਆਂ ਦਾ ਦਸਤੂਰ ਉਲਟਾ ਹੈ। ਇਹ ਪੁੱਠੇ ਚੱਕਰ ਵਿਚ ਫਸੀ ਹੋਈ ਹੈ। ਵਿਅਕਤੀ ਨੂੰ ਆਪਣੇ ਮਨ ਵਿਚ ਸਹਿਜ ਭਾਵ ਪੈਦਾ ਕਰਨਾ ਚਾਹੀਦਾ ਹੈ। ਸਹਿਜ ਗਿਆਨ ਹੀ ਵਾਸਤਵਿਕ ਗਿਆਨ ਹੈ। ਸਹਿਜ ਗਿਆਨ ਨੂੰ ਛੱਡ ਕੇ ਜਿਹੜਾ ਵਿਅਕਤੀ ਵਾਦ-ਵਿਵਾਦ ਵਿਚ ਪੈ ਕੇ ਆਪਣੇ ਪੁਸਤਕ-ਗਿਆਨ ਉਪਰ ਅਭਿਮਾਨ ਕਰਦਾ ਹੈ, ਉਹ ਅੰਨ੍ਹਾਂ ਅਤੇ ਅਗਿਆਨੀ ਹੈ। ਉਸ ਨੂੰ ਅਜੇ ਤੱਕ ਆਪਣੀ ਮੰਜ਼ਿਲ ਦੀ ਸੋਝੀ ਨਹੀਂ ਹੋਈ।

### 1.3.4 ਹਿੰਦੀ ਦੀਆਂ ਲਿਖਤਾਂ

ਗੋਰਖਨਾਥ ਨੇ ਹਿੰਦੀ ਵਿਚ ਵੀ ਬਹੁਤ ਸਾਰੀ ਬਾਣੀ ਰਚੀ ਹੈ। ਡਾ. ਪੀਤਾਂਬਰ ਦੱਤ ਬੜਥਵਾਲ ਨੇ 'ਗੋਰਖ ਬਾਣੀ' ਵਿਚ ਇਸ ਬਾਣੀ ਨੂੰ ਸੰਗ੍ਰਹਿਤ ਕੀਤਾ ਹੈ। 'ਪੰਜਾਬੀ ਕਾਵਿ ਸੰਗ੍ਰਹਿ ਦੇ ਵਿਦਵਾਨ ਸੰਪਾਦਕਾਂ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ ਗੋਰਖ ਨਾਥ ਦੀ ਵਿਚਾਰਧਾਰਾ ਅਤੇ ਦਰਸ਼ਨ ਨੂੰ ਸਮਝਣ ਵਾਸਤੇ ਉਨ੍ਹਾਂ ਦੀਆਂ ਹਿੰਦੀ ਲਿਖਤਾਂ ਵਿਚੋਂ ਵੀ ਕੁਝ ਨਮੂਨੇ ਸੰਕਲਿਤ ਕੀਤੇ ਹਨ।

ਇਸ ਸੰਸਾਰ ਵਿਚ ਅਨੇਕਾਂ ਆਦਮੀ ਜਨਮ ਲੈਂਦੇ ਹਨ ਅਤੇ ਅਨੇਕਾਂ ਹੀ ਮਰ ਜਾਂਦੇ ਹਨ। ਪਰਮਾਤਮਾ ਤੋਂ ਦਾਤਾਂ ਮੰਗ-ਖਾਣ ਵਾਲੇ ਜਾਚਕਾਂ ਦੀ ਗਿਣਤੀ ਵੀ ਅਨੇਕ ਹੈ। ਇਸ ਦੁਨੀਆਂ ਵਿਚ ਬੇਸ਼ੁਮਾਰ ਕਿਸਮ ਦੀ ਬਨਸਪਤੀ

ਹੈ। ਗੋਰਖਨਾਥ ਅਨੁਸਾਰ ਪਰਮਾਤਮਾ ਬੇਅੰਤ ਅਤੇ ਮਹਾਨ ਹੈ। ਆਪ ਫੁਰਮਾਉਂਦੇ ਹਨ ਕਿ ਅਕਲੀ ਚਤੁਰਾਈਆਂ ਅਤੇ ਦੁਨਿਆਵੀ ਵਿਦਿਆ ਪੜ੍ਹ ਲੈਣ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਸਗੋਂ ਵਿਅਕਤੀ ਆਪਣੇ ਕਰਮਾਂ ਦੁਆਰਾ ਹੀ ਪਾਰ ਉਤਰਦਾ ਹੈ। ਗੋਰਖਨਾਥ ਸਾਖੀਆਂ ਬਿਆਨ ਕਰ ਰਹੇ ਹਨ। ਉਸ ਪਰਮਾਤਮਾ ਦੀ ਜੋਤਿ ਹਰ ਇਕ ਦਿਲ ਵਿਚ ਵੱਸੀ ਹੋਈ ਹੈ।

ਗੋਰਖਨਾਥ ਸਾਧੂ ਨੂੰ ਸਮਝਾਉਂਦੇ ਹਨ ਕਿ ਇਸ ਦੁਨੀਆਂ ਵਿਚ ਇਉਂ ਰਹਿਣਾ ਚਾਹੀਦਾ ਹੈ ਜਿਵੇਂ ਇਸ ਨਾਲ ਕੋਈ ਮਤਲਬ ਜਾਂ ਲਗਾਉ ਹੀ ਨਾ ਹੋਵੇ। ਦੁਨੀਆਂ ਵਿਚ ਬਹੁਤ ਸਾਰੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਰ ਇਕ ਸੱਚਾ ਜੋਗੀ ਨਾ ਤਾਂ ਇਨ੍ਹਾਂ ਨੂੰ ਦੇਖਦਾ ਹੈ, ਨਾ ਸੁਣਦਾ ਹੈ ਨਾ ਹੀ ਮੂੰਹ ਦੁਆਰਾ ਕੁਝ ਬੋਲਦਾ ਹੀ ਹੈ। ਇਸ ਪਾਸੇ ਅਤੇ ਉਸ ਪਾਸੇ, ਲੋਕ ਅਤੇ ਪਰਲੋਕ ਵਿਚ ਲਹਿਰਾਂ ਉੱਠ ਰਹੀਆਂ ਹਨ। ਪਰਮਾਤਮਾ ਨਾ ਉਰਾਰ ਹੈ, ਨਾ ਪਾਰ ਬਲਕਿ ਸੰਸਾਰ ਸਮੁੰਦਰ ਦੇ ਐਨ ਵਿਚਕਾਰ ਸੁੰਨ ਸਮਾਧੀ ਲਾਈ ਬੈਠਾ ਹੈ।

ਪ੍ਰਭੂ ਦੇ ਪ੍ਰੇਮ ਵਿਚ ਦੀਵਾਨੇ ਇਕ ਸਾਧੂ ਦੀ ਸੰਗਤਿ ਕਰ ਲਈ ਹੈ। ਪ੍ਰਭੂ ਦਾ ਨਾਮ ਲੈ ਲੈਣ ਨਾਲ ਨਿਰਵਾਣ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋਗੀ ਨੇ ਪ੍ਰਾਣਾਯਾਮ ਦੁਆਰਾ ਆਪਣੇ ਮਨ ਨੂੰ ਵਸ ਵਿਚ ਕਰਕੇ ਆਪਣੇ ਸਵਾਸ ਦਸਮ ਦੁਆਰ ਵਿਚ ਚੜ੍ਹਾ ਲਏ ਹਨ। ਇਸ ਦੁਨੀਆਂ ਦੇ ਧੰਧੂਕਾਰ ਵਿਚ ਜੋਗੀ ਨੇ ਨਾਦਬਿੰਦ ਨੂੰ ਸਮਝ ਲਿਆ ਹੈ। ਦਸਮ ਦੁਆਰ ਵਿਚ ਸਵਾਸ ਪਹੁੰਚਣ ਨਾਲ ਉਸ ਦੀ ਆਤਮਾ ਦੇ ਕਪਾਟ (ਦਰਵਾਜ਼ੇ) ਖੁੱਲ੍ਹ ਗਏ ਹਨ। ਗੋਰਖਨਾਥ ਲਿਖਦੇ ਹਨ ਕਿ ਕਈ ਭੁੱਲੇ-ਭਟਕੇ ਖੋਜੀ ਉਸ ਪਰਮਾਤਮਾ ਦੀ ਤਲਾਸ਼ ਬਾਹਰ ਕਰਦੇ ਹਨ ਪਰੰਤੂ ਉਹ ਤਾਂ ਮਨੁੱਖ ਦੀ ਅੰਤਰਆਤਮਾ ਵਿਚ ਸਮਾਇਆ ਹੋਇਆ ਹੈ। ਹੇ ਜੋਗੀ ' ਸਾਡੇ ਉਸ ਈਸ਼ਵਰ ਦੇ ਚਰਨੀ ਲੱਗ ਜਾ। ਗੁਰੂ ਮਛੰਦਰ ਨਾਥ ਸਮਝਾਉਂਦੇ ਹਨ ਕਿ ਨਿਗੁਰੇ ਵਿਅਕਤੀ ਦੀ ਗਤਿ ਨਹੀਂ ਹੁੰਦੀ। ਉਸ ਨੂੰ ਨਿਰਵਾਣ ਨਹੀਂ ਮਿਲਦਾ। ਇਸ ਲਈ ਸੱਚੇ ਗੁਰੂ ਦੀ ਤਲਾਸ਼ ਕਰ ਲੈਣੀ ਚਾਹੀਦੀ ਹੈ।

ਗੋਰਖਨਾਥ ਲਿਖਦੇ ਹਨ ਕਿ ਜਿਹੜਾ ਵਿਅਕਤੀ ਆਪਣੀਆਂ ਇੰਦਰੀਆਂ ਦੇ ਪਿੱਛੇ ਲੱਗ ਟੁਰਦਾ ਹੈ, ਉਹ ਮੂੰਹ ਤੋਂ ਸਦਾ ਖੋਟੇ ਬਚਨ ਬੋਲੇਗਾ। ਇਹੋ ਜਿਹੋ ਵਿਅਕਤੀ ਨੂੰ ਗੋਰਖਨਾਥ 'ਚੂਹੜਾ ਕਹਿੰਦੇ ਹਨ। ਜਿਹੜਾ ਵਿਅਕਤੀ ਆਪਣੇ ਲੰਗੋਟੇ ਦਾ ਜਤੀ ਅਤੇ ਮੂੰਹ ਦਾ ਸੱਚਾ ਹੈ, ਉਹ ਸਭ ਤੋਂ ਉੱਤਮ ਹੈ। ਜੇ ਕਿਸੇ ਵਿਅਕਤੀ ਦਾ ਮਨ ਸ਼ੁਭ ਹੈ, ਤਾਂ ਉਸ ਲਈ ਕੁਠਾਲੀ ਵਿਚ ਪਾਇਆ ਹੋਇਆ ਪਾਣੀ ਹੀ ਗੰਗਾ ਦੇ ਪਾਣੀ ਵਰਗਾ ਪਵਿੱਤਰ ਹੈ। ਇਹੋ ਜਿਹੇ ਵਿਅਕਤੀ ਨੂੰ ਤੀਰਥਾਂ ਉਤੇ ਜਾ ਕੇ ਭਟਕਣ ਦੀ ਲੋੜ ਨਹੀਂ ਬਲਕਿ ਉਹ ਆਪਣੇ ਘਰ ਬੈਠਾ ਹੀ ਪਰਮਪਦ ਨੂੰ ਪਾ ਲੈਂਦਾ ਹੈ।

## 1.3.5 ਜੋਗੀ ਸੋ ਜੋ ਰਾਖੈ ਜੋਗ

ਇਸ ਸ਼ਬਦ ਵਿਚ ਗੋਰਖਨਾਥ ਜੀ ਫੁਰਮਾਉਂਦੇ ਹਨ ਕਿ ਜੋਗੀ ਉਹ ਵਿਅਕਤੀ ਹੈ, ਜਿਸ ਨੇ ਜੋਗ ਧਾਰਨ ਕਰ ਲਿਆ ਹੋਵੇ ਅਰਥਾਤ ਜਿਸ ਨੇ ਆਪਣੇ ਮਨ ਨੂੰ ਮੋਹ ਮਾਇਆ ਤੋਂ ਵਰਜ ਕੇ ਪਰਮਾਤਮਾ ਨਾਲ ਜੋੜ ਲਿਆ ਹੋਵੇ। ਉਸੇ ਨੂੰ ਸੱਚਾ ਜੋਗੀ ਜਾਣੋ ਜੋ ਆਪਣੀ ਜੀਭ ਅਥਵਾ ਹੋਰ ਇੰਦਰੀਆਂ ਦੇ ਮਾਧਿਅਮ ਦੁਆਰਾ ਦੁਨਿਆਵੀ ਪਦਾਰਥਾਂ ਦਾ (ਉਪ) ਭੋਗ ਨਾ ਕਰੇ। ਜਿਹੜਾ ਵਿਅਕਤੀ ਮਾਇਆ ਨੂੰ ਛੱਡ ਕੇ ਮਾਇਆ-ਰਹਿਤ ਪਰਮਾਤਮਾ ਦੇ ਨਾਲ ਜੁੜ ਜਾਂਦਾ ਹੈ, ਉਹੀ ਅਸਲ ਜੋਗੀ ਹੈ।

ਗੋਰਖਨਾਥ ਜੀ ਕਹਿੰਦੇ ਹਨ ਕਿ ਇਕ ਸੱਚਾ ਜੋਗੀ ਨੱਕ-ਕਟੇ, ਕੰਨ ਰਹਿਤ ਅਤੇ ਕਾਣੇ ਵਿਅਕਤੀ ਦਾ ਕਦੇ ਵੀ ਸਾਥ ਨਹੀਂ ਕਰਦਾ। ਸ੍ਰੇਸ਼ਠ ਪੁਰਸ਼ ਕਦੇ ਵੀ ਸੁੰਦਰ ਇਸਤਰੀਆਂ ਦੇ ਮੋਹ ਵਿਚ ਨਹੀਂ ਫਸਦੇ। ਜਿਸ ਤਰ੍ਹਾਂ ਕਾਲੀ ਹਾਂਡੀ ਨੂੰ ਹੱਥ ਲਗਾਉਣ ਤੇ ਵਿਅਕਤੀ ਨੂੰ ਕਾਲਖ਼ ਚੁੰਬੜ ਜਾਂਦੀ ਹੈ, ਇਸ ਤਰ੍ਹਾਂ ਇਸਤਰੀਆਂ ਦੀ ਸੰਗਤ ਵਿਚ ਬੈਠ ਕੇ ਵਿਅਕਤੀ ਦਾ ਮੂੰਹ ਕਾਲਾ ਹੋ ਜਾਂਦਾ ਹੈ। ਗੋਰਖਨਾਥ ਜੀ ਵਿਅਕਤੀ ਨੂੰ ਤਾੜਨਾ ਕਰਦੇ ਹਨ ਕਿ ਉਹ ਇਸਤਰੀ ਨਾਲ ਮੇਲ-ਮਿਲਾਪ ਕਰਨ ਦੀ ਬਜਾਇ ਉਸ ਤੋਂ ਦੂਰ ਹੀ ਰਹੇ। ਗੋਰਖ ਨਾਥ ਜੀ ਸੱਚੋ-ਸੱਚ ਕਹਿ ਰਹੇ ਹਨ ਕਿ ਇਸਤਰੀ ਨੂੰ ਤਿਆਗ ਕੇ ਇਨ੍ਹਾਂ ਤੋਂ ਨਿਰਲੇਪ ਰਹੋ। ਨਿਰਵਾਣ ਪਦ ਦੀ ਪ੍ਰਾਪਤੀ ਲਈ ਇਸਤਰੀ ਤੋਂ ਦੂਰ ਰਹਿਣਾ ਹੀ ਬਿਹਤਰ ਹੈ।

## 1.4 ਪ੍ਰਸੰਗ ਸਹਿਤ ਵਿਆਖਿਆ

**ਦਾਮ ਕਾਢ ਬਾਘਨ ਲੈ ਆਇਆ। ਮਾਉਂ ਕਹੇ ਮੇਰਾ ਪੂਤ ਵਿਆਹਿਆ।**
**ਗੀਲੀ ਲਕੜੀ ਕੋ ਘੁਣ ਲਾਇਆ। ਤਿਨ ਡਾਲ ਮੂਲ ਸਣਿ ਖਾਇਆ।**

ਵਿਚਾਰ ਅਧੀਨ ਕਾਵਿ ਖੰਡ ਗੋਰਖਨਾਥ ਦੀ ਬਾਣੀ ਵਿਚੋਂ ਲਿਆ ਗਿਆ ਹੈ। ਇਹ ਰਚਨਾ ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਕਲਿਤ ਹੈ। ਇਸ ਪੁਸਤਕ ਦੇ ਸੰਪਾਦਕ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੋਰ ਜੱਗੀ ਹਨ।

ਨਾਥ ਕਾਵਿ ਪਰੰਪਰਾ ਦੇ ਸ਼ਿਰੋਮਣੀ ਕਵੀ ਗੋਰਖਨਾਥ ਲਿਖਦੇ ਹਨ ਕਿ ਵਿਅਕਤੀ ਦੀ ਮੂਰਖਤਾ ਵੇਖੋ ਕਿ ਉਹ ਪੈਸੇ ਖਰਚ ਕੇ ਘਰ ਵਿਚ ਇਸਤਰੀ (ਪਤਨੀ) ਲੈ ਆਉਂਦਾ ਹੈ ਅਤੇ ਮਾਂ ਸਮਝਦੀ ਹੈ ਕਿ ਉਸ ਦਾ ਪੁੱਤਰ ਵਿਆਹਿਆ ਗਿਆ ਹੈ। ਉਸ ਦਾ ਘਰ ਵੱਸ ਗਿਆ ਹੈ। ਪਰੰਤੂ ਹਕੀਕਤ ਵਿਚ ਇਸਤਰੀ ਦਾ ਸਾਥ ਇਉਂ ਹੈ ਜਿਵੇਂ ਗਿੱਲੀ ਲੱਕੜੀ ਨੂੰ ਘੁਣ ਲੱਗ ਗਿਆ ਹੋਵੇ। ਇਹ ਘੁਣ ਲੱਕੜੀ ਦਾ ਬਿਲਕੁਲ ਸਫਾਇਆ ਕਰ ਦਿੰਦਾ ਹੈ ਅਤੇ ਹਰੇ-ਭਰੇ ਰੁੱਖ ਵੀ ਘੁਣ ਲੱਗਣ ਨਾਲ ਨਸ਼ਟ ਹੋ ਜਾਂਦੇ ਹਨ। ਗੋਰਖਨਾਥ ਵਿਅਕਤੀ ਨੂੰ ਸਮਝਾਉਂਦੇ ਹਨ ਕਿ ਉਹ ਇਸਤਰੀ ਦੀ ਸੰਗਤ ਤੋਂ ਬਚ ਕੇ ਰਹੇ।

ਨਾਥ ਕਾਵਿ ਪਰੰਪਰਾ ਵਿਚ ਇਸਤਰੀ ਨੂੰ ਵਾਸ਼ਨਾਵਾਂ ਉਤੇਜਿਤ ਕਰਨ ਵਾਲਾ ਜੀਵ ਮੰਨ ਕੇ ਇਸ ਤੋਂ ਬਚਣ ਦਾ ਉਪਦੇਸ਼ ਦਿੱਤਾ ਗਿਆ ਹੈ। ਨਾਥ ਮਤ ਅਨੁਸਾਰ ਇਸਤਰੀ ਦੀ ਸੰਗਤ ਵਿਚ ਰਹਿਣ ਵਾਲਾ ਵਿਅਕਤੀ ਮੋਹ ਮਾਇਆ ਵਿਚ ਗ੍ਰਸਤ ਹੋ ਜਾਂਦਾ ਹੈ। ਇਸ ਲਈ ਉਸ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਕਾਵਿ-ਬੰਦ ਨਾਥ ਕਾਵਿ ਪਰੰਪਰਾ ਅਤੇ ਗੋਰਖ ਬਾਣੀ ਦੀ ਪੂਰੀ-ਪੂਰੀ ਪ੍ਰਤਿਨਿਧਤਾ ਕਰਦਾ ਹੈ।

ਪ੍ਰਸੰਗ ਸਹਿਤ ਲਈ ਕੁਝ ਹੋਰ ਪੰਕਤੀਆਂ

**(ੳ) ਖਾਟੇ ਝਰੈ ਸਲੂਣੇ ਜਰੈ ਮੀਠੈ ਉਪਜੈ ਰੋਗ**
**ਕਹੈ ਗੋਰਖ ਸੁਨਹੁ ਅੰਨ ਪਾਣੀ ਜੋਗ**

**(ਅ) ਜੋ ਘਰ ਤਿਆਗ ਕਹਾਵੈ ਜੋਗੀ**
**ਘਰ ਵਾਸੀ ਕੋ ਕਹੈ ਜੁ ਭੋਗੀ**
**ਅੰਤਰ ਭਾਵ ਨਾ ਪਰਖੈ ਜੋਈ**
**ਗੋਰਖ ਬੋਲੈ ਮੂਰਖ ਸੋਈ**

**ਅਭਿਆਸ ਲਈ**

**ਗੋਰਖ ਨਾਥ ਦੀਆਂ ਪੰਜ ਟੂਕਾਂ ਜ਼ੁਬਾਨੀ ਯਾਦ ਕਰੋ।**

## 1.5 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ : ਗੋਰਖਨਾਥ ਕੌਣ ਹੈ ? ਉਸ ਦਾ ਪੰਜਾਬੀ ਸਾਹਿੱਤ ਨਾਲ ਕੀ ਸੰਬੰਧ ਹੈ?

ਉਤਰ : ਗੋਰਖਨਾਥ, ਨਾਥ-ਜੋਗੀਆਂ ਦੀ ਪਰੰਪਰਾ ਦਾ ਇਕ ਮਹਾਨ ਕਵੀ ਹੈ। ਉਸ ਦੀ ਬਾਣੀ ਵਿਚ ਜੀਵਨ ਦੀਆਂ ਤ੍ਰਿਸ਼ਨਾਵਾਂ ਦਾ ਤਿਆਗ ਕਰਕੇ ਪਰਮਾਤਮਾ ਨਾਲ ਮਿਲਣ ਦੀ ਵਿਧੀ ਸਮਝਾਈ ਗਈ ਹੈ। ਉਸ ਦੀ ਭਾਸ਼ਾ ਪੁਰਾਤਨ ਪੰਜਾਬੀ ਨਾਲ ਮਿਲਦੀ-ਜੁਲਦੀ ਹੈ। ਇਸ ਲਈ ਉਸ ਨੂੰ ਪੰਜਾਬੀ ਸਾਹਿਤ ਦਾ ਆਦਿ-ਕਵੀ ਮੰਨਿਆ ਜਾਂਦਾ ਹੈ।

ਪ੍ਰਸ਼ਨ : ਗੋਰਖ ਬਾਣੀ ਵਿਚ ਬਾਘਨਿ ਕਿਸ ਨੂੰ ਕਿਹਾ ਗਿਆ ਹੈ ?

ਉਤਰ : ਗੋਰਖ ਬਾਣੀ ਵਿਚ ਬਾਘਨਿ ਇਸਤਰੀ ਨੂੰ ਕਿਹਾ ਗਿਆ ਹੈ। ਜਿਵੇਂ ਇਕ ਬਘਿਆੜੀ ਵਿਅਕਤੀ ਉਤੇ ਆਕ੍ਰਮਣ ਕਰਕੇ ਉਸ ਨੂੰ ਖਾ ਜਾਂਦੀ ਹੈ ਇਸੇ ਤਰ੍ਹਾਂ ਇਸਤਰੀ ਵੀ ਵਿਅਕਤੀ ਦੀਆਂ ਵਾਸ਼ਨਾਵਾਂ ਨੂੰ ਭੜਕਾ ਕੇ ਉਸ ਦਾ ਵਿਨਾਸ਼ ਕਰ ਦਿੰਦੀ ਹੈ। ਇਸੇ ਲਈ ਨਾਥ-ਬਾਣੀ ਵਿਚ ਇਸਤਰੀ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ।

ਪ੍ਰਸ਼ਨ : ਗੋਰਖਨਾਥ ਦੀ ਬਾਣੀ ਕਿਹੜੇ-ਕਿਹੜੇ ਕਾਵਿ ਰੂਪਾਂ ਅਤੇ ਛੰਦਾਂ ਵਿਚ ਮਿਲਦੀ ਹੈ?

ਉਤਰ : ਗੋਰਖਨਾਥ ਦੀ ਬਾਣੀ ਵੱਖ-ਵੱਖ ਸ਼ਾਸਤਰੀ ਰਾਗਾਂ ਜਿਵੇਂ ਭੈਰਉ ਅਤੇ ਰਾਮਕਲੀ ਆਦਿ ਵਿਚ ਸੰਕਲਿਤ ਹੈ। ਕਵੀ ਨੇ ਸ਼ਬਦਾਂ ਅਤੇ ਸਲੋਕਾਂ ਦੇ ਮਾਧਿਅਮ ਦੁਆਰਾ ਬਾਣੀ ਰਚੀ ਹੈ। ਦੋਹਰਾ ਅਤੇ ਚੌਪਈ ਉਸ ਦੇ ਪ੍ਰਿਯ ਛੰਦ ਹਨ। ਗੋਰਖ ਨਾਥ ਨੇ ਅਖੌਤਾਂ, ਅਟਲ ਸਚਾਈਆਂ ਅਤੇ ਉਲਟ ਬਾਂਸੀਆਂ ਦੇ ਮਾਧਿਅਮ ਦੁਆਰਾ ਆਪਣੀ ਬਾਣੀ ਰਚੀ ਹੈ।

## 1.6 ਪੁਰਾਤਨ ਵਾਰਾਂ

ਮੱਧਕਾਲ ਵਿਚ ਵਾਰ ਇਕ ਬਹੁਤ ਹੀ ਪ੍ਰਸਿੱਧ ਅਤੇ ਲੋਕਪ੍ਰਿਯ ਕਾਵਿ ਰੂਪ ਰਿਹਾ ਹੈ। ਪੰਜਾਬ ਇਕ ਸੀਮਾਵਰਤੀ ਪ੍ਰਦੇਸ਼ ਹੋਣ ਕਰਕੇ ਇਥੇ ਜੰਗਾਂ-ਯੁੱਧਾਂ ਦਾ ਬਹੁਤ ਜ਼ੋਰ ਰਿਹਾ ਹੈ। ਭਾਰਤ ਉਤੇ ਹਮਲਾ ਕਰਨ ਵਾਲੇ ਜਿਤਨੇ ਵੀ ਧਾੜਵੀ ਜਾਂ ਰਾਜੇ ਆਏ, ਉਹ ਸਾਰੇ ਪੰਜਾਬ ਦੇ ਰਸਤਿਉਂ ਹੁੰਦੇ ਹੋਏ ਹੀ ਦਿੱਲੀ ਤੱਕ ਪਹੁੰਚੇ। ਯੂਨਾਨੀ, ਮੰਗੋਲ, ਹੂਣ, ਤੁਰਕ ਅਤੇ ਮੁਗਲ ਆਦਿਕ ਸਭ ਕੌਮਾਂ ਪੰਜਾਬ ਵਾਸੀਆਂ ਨਾਲ ਲੋਹਾ ਲੈਣ ਪਿਛੋਂ ਹੀ ਅੱਗੇ ਲੰਘ ਸਕੀਆਂ। ਪੰਜਾਬ ਉਤੇ ਹੋਣ ਵਾਲੇ ਅਜਿਹੇ ਹਮਲਿਆਂ ਨੇ ਪੰਜਾਬੀਆਂ ਨੂੰ ਜੰਗਜੂ ਅਤੇ ਬਹਾਦਰ ਬਣਾ ਦਿੱਤਾ। ਇਹੀ ਕਾਰਨ ਹੈ ਕਿ ਜੰਗਾਂ-ਯੁੱਧਾਂ ਦੇ ਬਿਆਨ ਨਾਲ ਭਰਪੂਰ ਕਾਵਿ ਰੂਪ ਵਾਰ ਪੰਜਾਬੀਆਂ ਦਾ ਸਭ ਤੋਂ ਵੱਧ ਹਰਮਨ ਪਿਆਰਾ ਕਾਵਿ ਰੂਪ ਬਣ ਗਿਆ। ਮੱਧਕਾਲ ਵਿਚ, ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਛੇ ਵਾਰਾਂ ਬਾਰੇ ਚਰਚਾ ਮਿਲਦੀ ਹੈ। ਇਹ ਵਾਰਾਂ ਲੋਕ ਕਵੀਆਂ ਦੀ ਰਚਨਾ ਸਨ। ਇਹ ਆਪਣੇ ਮੁਕੰਮਲ ਅਤੇ ਪ੍ਰਮਾਣਿਕ ਰੂਪ ਵਿਚ ਨਹੀਂ ਮਿਲਦੀਆਂ। ਇਨ੍ਹਾਂ ਦੇ ਕੁਝ ਅੰਸ਼ ਹੀ ਸਾਡੇ ਤੱਕ ਪਹੁੰਚੇ ਹਨ। ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਇਹ ਅੰਸ਼ ਪੰਜਾਬੀ ਕਾਵਿ ਸੰਗ੍ਰਹਿ ਵਿਚ ਸ਼ਾਮਲ ਕਰ ਲਏ ਗਏ ਹਨ। ਇਨ੍ਹਾਂ ਵਾਰਾਂ ਦੇ ਨਾਮ ਹਨ:

1. ਵਾਰ ਰਾਇ ਕਮਾਲ ਮੌਜੁਦੀ ਕੀ
2. ਵਾਰ ਟੁੰਡੇ ਅਸਰਾਜੇ ਕੀ
3. ਵਾਰ ਲਲਾ ਬਹਿਲੀਮਾ ਕੀ
4. ਵਾਰ ਜੋਧੇ ਵੀਰੇ ਪੂਰਬਾਣੀ ਕੀ
5. ਵਾਰ ਰਾਇ ਮਹਿਮੇ ਹਸਨੇ ਕੀ
6. ਵਾਰ ਸਿੰਕਦਰ ਇਬਰਾਹਿਮ ਕੀ

**1.6.1** ਇਹ ਵਾਰਾਂ ਪੰਜਾਬ ਦੇ ਸਰਦਾਰਾਂ, ਜਾਗੀਰਦਾਰਾਂ ਅਤੇ ਰਜਵਾੜਿਆਂ ਦੇ ਯੁੱਧ-ਸਮਾਚਾਰਾਂ ਨੂੰ ਬਿਆਨ ਕਰਦੀਆਂ ਹਨ। ਇਨ੍ਹਾਂ ਵਿਚ ਯੁੱਧ ਦੇ ਵਾਤਾਵਰਣ ਦੀ ਪੇਸ਼ਕਾਰੀ ਬੜੇ ਸੁਚੱਜੇ ਢੰਗ ਨਾਲ ਹੋਈ ਹੈ। ਮੱਧਕਾਲ ਵਿਚ ਯੁੱਧ ਦੇ ਮੂਲ ਕਾਰਨ ਸਨ : ਜਰ (ਦੌਲਤ), ਜੋਰੂ (ਇਸਤਰੀ) ਅਤੇ ਜਮੀਨ। ਇਨ੍ਹਾਂ ਵਾਰਾਂ ਵਿਚ ਇਨ੍ਹਾਂ ਤਿੰਨ ਮੂਲ ਕਾਰਨਾ ਕਰਕੇ ਹੋਣ ਵਾਲੀਆਂ ਲੜਾਈਆਂ ਦੇ ਵੇਰਵੇ ਅੰਕਿਤ ਹਨ। ਇਹਨਾਂ ਵਾਰਾਂ ਦੀ ਇਸ ਕਰਕੇ ਵੀ ਮਹੱਤਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਨ ਦੀਆਂ ਕਈ ਵਾਰਾਂ ਨੂੰ ਇਹਨਾਂ ਵਾਰਾਂ ਦੀ ਧੁਨੀ ਉੱਤੇ ਗਾਉਣ ਦਾ ਆਦੇਸ਼ ਕੀਤਾ ਗਿਆ ਹੈ।

## 1.7 ਪ੍ਰਸੰਗ ਸਹਿਤ ਵਿਆਖਿਆ

ਪਾਪੀ ਖਾਨ ਬਿਰਾਮ ਪਰ ਚੜ੍ਹਿ ਆਇ ਸਿਕੰਦਰ।
ਭੇੜ ਦੁਹਾਂ ਦਾ ਮਚਿਆ ਬਡ ਰਣ ਦੇ ਅੰਦਰ।
ਫੜਿਆ ਖਾਨ ਬਿਰਾਮ ਨੂੰ ਕਰ ਬਡ ਅਡੰਬਰ।
ਬਧਾ ਸੰਗਲ ਪਾਇਕੈ ਜਣ ਕੀਲੇ ਬੰਦਰ।

ਵਿਚਾਰ ਅਧੀਨ ਕਾਵਿ ਪੰਕਤੀਆਂ ਪੁਰਾਤਨ ਵਾਰਾਂ ਵਿਚੋਂ ਲਈਆਂ ਗਈਆਂ ਹਨ। ਇਨ੍ਹਾਂ ਵਾਰਾਂ ਦੇ ਖੰਡਾਂ ਨੂੰ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਪਾਦਿਤ ਕੀਤਾ ਹੈ।

ਇਹ ਵਾਰਾਂ ਲੋਕ-ਕਵੀਆਂ ਦੀ ਰਚਨਾ ਹਨ ਪਰੰਤੂ ਇਹਨਾਂ ਕਵੀਆਂ ਬਾਰੇ ਬਹੁਤੇ ਵੇਰਵੇ ਨਹੀਂ ਮਿਲਦੇ। ਇਸ ਵਾਰ ਵਿਚ ਕਵੀ ਸਿਕੰਦਰ ਅਤੇ ਇਬਰਾਹੀਮ ਦੇ ਦਰਮਿਆਨ ਹੋਣ ਵਾਲੀ ਲੜਾਈ ਦਾ ਹਾਲ ਬਿਆਨ ਕਰਦਾ ਹੈ। ਕਵੀ ਅਨੁਸਾਰ ਇਬਰਾਹੀਮ ਖਾਨ ਇਕ ਪਾਪੀ ਜਾਗੀਰਦਾਰ ਸੀ। ਉਸ ਦੇ ਜ਼ੁਲਮਾਂ ਨੂੰ ਵੇਖ ਕੇ ਸਿਕੰਦਰ ਖਾਨ ਨੇ ਉਸ ਉਪਰ ਹਮਲਾ ਬੋਲ ਦਿੱਤਾ। ਦੋਹਾਂ ਯੋਧਿਆਂ ਦੀ ਰਣ-ਖੇਤਰ ਵਿਚ ਬਹੁਤ ਭਿਆਨਕ ਲੜਾਈ ਹੋਈ। ਆਖਰ ਸੱਚੇ ਸੂਰਮੇ ਸਿਕੰਦਰ ਖਾਨ ਦੀ ਜਿੱਤ ਹੋਈ ਅਤੇ ਉਸ ਨੇ ਬਹੁਤ ਹੁਸ਼ਿਆਰੀ ਨਾਲ ਇਬਰਾਹੀਮ ਖਾਨ ਨੂੰ ਗ੍ਰਿਫਤਾਰ ਕਰ ਲਿਆ। ਉਸ ਨੇ ਇਬਰਾਹੀਮ ਖਾਨ ਦੇ ਗਲ ਵਿਚ ਸੰਗਲ ਪਾ ਕੇ ਉਸ ਨੂੰ ਬੰਨ੍ਹ ਲਿਆ ਅਤੇ ਉਸ ਦੇ ਜ਼ੁਲਮ ਦਾ ਅੰਤ ਕਰ ਦਿੱਤਾ।

ਇਸ ਵਾਰ ਵਿਚ ਕਵੀ ਦਾ ਬਿਆਨ ਬਹੁਤ ਜੋਸ਼ ਭਰਪੂਰ ਅਤੇ ਬੀਰ ਰਸੀ ਹੈ। ਕਵੀ ਨੇ ਦ੍ਰਿਸ਼ਟਾਂਤ ਅਲੰਕਾਰ ਦੇ ਪ੍ਰਯੋਗ ਨਾਲ ਆਪਣੇ ਬਿਆਨ ਨੂੰ ਬਹੁਤ ਪ੍ਰਭਾਵਸ਼ਾਲੀ ਅਤੇ ਰੌਚਕ ਬਣਾ ਲਿਆ ਹੈ। ਇਸ ਕਾਵਿ-ਬੰਦ ਵਿਚ ਹਾਸ ਰਸ ਦਾ ਵੀ ਬੜਾ ਕਲਾਮਈ ਪ੍ਰਯੋਗ ਹੋਇਆ ਹੈ। ਸਮੁੱਚੇ ਰੂਪ ਵਿਚ ਇਹ ਰਚਨਾ ਪੰਜਾਬੀ ਦੀਆਂ ਲੋਕਵਾਰਾਂ ਦੀ ਪੂਰੀ ਪੂਰੀ ਪ੍ਰਤੀਨਿਧਤਾ ਕਰਦੀ ਹੈ।

### ਸੰਖੇਪ ਉੱਤਰ ਵਾਲੇ ਪ੍ਰਸ਼ਨ

1. ਪੰਜਾਬੀ ਸਾਹਿਤ ਦਾ ਮੁੱਢਲਾ ਰਚਨਾਕਾਰ ਕਿਸ ਨੂੰ ਮੰਨਿਆ ਜਾਂਦਾ ਹੈ ਤੇ ਉਸ ਦਾ ਗੁਰੂ ਕੌਣ ਸੀ? (ਦਸੰਬਰ 2016)
2. 'ਪੁਰਾਤਨ ਪੰਜਾਬੀ ਕਾਵਿ ਸੰਗ੍ਰਹਿ' ਪੁਸਤਕ ਦੇ ਸੰਪਾਦਕਾਂ ਦੇ ਨਾਂ ਲਿਖੋ। ਇਸ ਵਿਚ ਕਿਹੜੇ-ਕਿਹੜੇ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਦਰਜ ਹਨ? (ਦਸੰਬਰ 2017)

## 1.8 ਸਹਾਇਕ ਪੁਸਤਕਾਵਲੀ


1. ਪ੍ਰੋ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ।
2. ਪ੍ਰੋ. ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
3. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ।

**ਪਾਠ ਨੰਬਰ : 1.2**

# ਸ਼ੇਖ਼ ਫ਼ਰੀਦ ਅਤੇ ਉਹਨਾਂ ਦੀਆਂ ਰਚਨਾਵਾਂ

## 1.2.1 ਭੂਮਿਕਾ

ਬੀ. ਏ. ਭਾਗ ਤੀਜਾ, ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਨੂੰ 1700 ਈ. ਤਕ ਰਚੀ ਗਈ ਬਾਣੀ ਅਤੇ ਕਵਿਤਾ ਬਾਰੇ ਜਾਣਕਾਰੀ ਦੇਣਾ, ਸਿਲੇਬਸ ਦਾ ਮੂਲ ਮੰਤਵ ਹੈ। ਇਸ ਮੰਤਵ ਲਈ ਇਸ ਕਾਲ ਦੇ ਮਹੱਤਵਪੂਰਨ ਕਵੀਆਂ ਦੀਆਂ ਚੋਣਵੀਆਂ ਰਚਨਾਵਾਂ ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਪਾਦਿਤ ਕੀਤੀਆਂ ਗਈਆਂ ਹਨ। ਇਨ੍ਹਾਂ ਕਵੀਆਂ ਵਿਚੋਂ ਸ਼ੇਖ਼ ਫ਼ਰੀਦ ਪੰਜਾਬੀ ਸਾਹਿਤ ਦਾ ਇਕ ਮਹਾਨ ਕਵੀ ਹੈ। ਉਸ ਨੇ ਸੂਫੀ ਕਾਵਿ ਪਰੰਪਰਾ ਦਾ ਆਰੰਭ ਕੀਤਾ। ਉਨ੍ਹਾਂ ਤੋਂ ਬਾਅਦ ਇਹ ਕਾਵਿ ਪਰੰਪਰਾ ਮੱਧਕਾਲੀਨ ਪੰਜਾਬੀ ਕਵਿਤਾ ਦਾ ਇਕ ਅਮੀਰ ਅਤੇ ਗੌਰਵਮਈ ਸਰਮਾਇਆ ਬਣ ਗਈ ਅਤੇ ਇਸ ਪਰੰਪਰਾ ਵਿਚ ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਅਤੇ ਹਾਸ਼ਮ ਵਰਗੇ ਲੋਕਪ੍ਰਿਯ ਕਵੀ ਪੈਦਾ ਹੋਏ।

## 1.2.2 ਰੂਪ-ਰੇਖਾ

ਇਸ ਪਾਠ ਵਿਚ ਸ਼ੇਖ਼ ਫ਼ਰੀਦ ਜੀ ਦੀ ਸ਼ਖ਼ਸ਼ੀਅਤ, ਵਿਚਾਰਧਾਰਾ ਅਤੇ ਕਾਵਿ ਕਲਾ ਨਾਲ ਜਾਣ ਪਹਿਚਾਣ ਕਰਵਾਈ ਗਈ ਹੈ। ਫ਼ਰੀਦ ਜੀ ਦੀ ਬਾਣੀ ਨਾਲ ਸੰਬੰਧਿਤ ਸ਼ਬਦਾਂ ਅਤੇ ਸਲੋਕਾਂ ਵਿਚ ਵਰਣਿਤ ਉਨ੍ਹਾਂ ਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਪੰਜਾਬੀ ਕਵਿਤਾ ਨੂੰ ਉਨ੍ਹਾਂ ਦੇ ਯੋਗਦਾਨ ਬਾਰੇ ਵੀ ਵਿਚਾਰ ਕੀਤਾ ਗਿਆ ਹੈ। ਪਾਠ ਦੇ ਅੰਤ ਵਿਚ ਸੰਖੇਪ ਉੱਤਰਾਂ ਨਾਲ ਸੰਬੰਧਿਤ ਪ੍ਰਸ਼ਨ ਵੀ ਦਿੱਤੇ ਗਏ ਹਨ ਤਾਂ ਜੋ ਵਿਦਿਆਰਥੀ ਫ਼ਰੀਦ-ਬਾਣੀ ਨਾਲ ਸੰਬੰਧਿਤ ਹਰ ਜ਼ਰੂਰੀ ਵੇਰਵੇ ਬਾਰੇ ਪਰਿਚਿਤ ਹੋ ਸਕਣ। ਅੰਤ ਵਿਚ ਸਹਾਇਕ ਸਮੱਗਰੀ ਦਾ ਵੇਰਵਾ ਵੀ ਦਿੱਤਾ ਗਿਆ ਹੈ।

## 1.2.3 ਫ਼ਰੀਦ ਜੀ ਦਾ ਕਾਵਿ ਅਨੁਭਵ ਅਤੇ ਯੋਗਦਾਨ

ਸ਼ੇਖ਼ ਫ਼ਰੀਦ ਦਾ ਜਨਮ 1173 ਈ. ਵਿਚ ਪਿੰਡ ਕੋਠੇਵਾਲ (ਖੋਤਵਾਲ) ਵਿਖੇ ਸ਼ੇਖ਼ ਜਮਾਲੁਦੀਨ ਸੁਲੇਮਾਨ ਦੇ ਘਰ ਹੋਇਆ। ਆਪ ਨੇ ਮੁਢਲੀ ਵਿਦਿਆ ਮੁਲਤਾਨ ਵਿਖੇ ਪ੍ਰਾਪਤ ਕੀਤੀ। ਇਥੇ ਹੀ ਆਪ ਦੀ ਮੁਲਾਕਾਤ ਖ਼ੁਆਜਾ ਕੁਤਬੁੱਦੀਨ ਬਖਤਿਆਰ ਕਾਕੀ ਨਾਲ ਹੋਈ ਜੋ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਬਹੁਤ ਵੱਡੇ ਸੂਫ਼ੀ ਫ਼ਕੀਰ ਸਨ। ਆਪ ਨੇ ਖ਼ੁਆਜਾ ਜੀ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਆਪ ਨੇ ਕੁਝ ਸਮਾਂ ਦਿੱਲੀ ਵਿਚ ਬਿਤਾਇਆ। ਪਰ ਇਸ ਸਥਾਨ ਤੇ ਰਹਿੰਦਿਆਂ ਹੋਇਆ ਆਪ ਦੀ ਪ੍ਰਭੂ ਭਗਤੀ ਵਿਚ ਕਾਫ਼ੀ ਵਿਘਨ ਸੀ। ਇਸ ਲਈ ਆਪ ਆਪਣੇ ਪਿੰਡ ਕੋਠੇਵਾਲ ਦੇ ਨਜ਼ਦੀਕ ਹੀ ਅਜੋਧਨ ਵਿਖੇ ਆ ਟਿਕੇ। ਆਪ ਦੇ ਚਰਨ ਪੈਣ ਸਦਕਾ ਇਹ ਸਥਾਨ ਪਵਿੱਤਰ ਬਣ ਗਿਆ ਅਤੇ ਅੱਜਕਲ੍ਹ ਇਹ ਪਾਕਪਟਨ ਦੇ ਨਾਮ ਨਾਲ ਮਸ਼ਹੂਰ ਹੈ। ਇਥੇ ਰਹਿੰਦਿਆਂ ਹੋਇਆ ਆਪ ਨੇ ਪ੍ਰਭੂ-ਭਗਤੀ ਅਤੇ ਸੂਫ਼ੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਆਪ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਲੋਕ ਸੂਫ਼ੀ ਵਿਚਾਰਧਾਰਾ ਵੱਲ ਖਿਚੇ ਗਏ। ਖ਼ੁਆਜਾ ਕੁਤਬੁਦੀਨ ਬਖਤਿਆਰ ਕਾਕੀ ਦੇ ਚਲਾਣਾ ਕਰ ਜਾਣ ਪਿਛੋਂ ਆਪ ਚਿਸ਼ਤੀ ਸੰਪਰਦਾਇ ਦੇ ਮੁਖੀ ਬਣ ਗਏ। ਸੂਫ਼ੀਵਾਦ ਦੇ ਸੰਦਰਭ ਵਿਚ ਅਜ ਵੀ ਆਪਦਾ ਨਾਮ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ।

4.3.1. ਆਪ ਨੇ ਪੰਜਾਬੀ ਭਾਸ਼ਾ ਵਿਚ ਬਹੁਤ ਸਾਰੀ ਬਾਣੀ ਰਚੀ। ਆਪ ਦੁਆਰਾ ਉਚਾਰੇ ਗਏ 112 ਸਲੋਕ ਅਤੇ 4 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਇਸ ਬਾਣੀ ਵਿਚ ਪਰਮਾਤਮਾ ਨਾਲ ਮੁੱਹਬਤ, ਗੁਰੂ

ਦੀ ਲੋੜ, ਸ਼ੁਭ ਕਰਮਾਂ ਅਤੇ ਹਲੀਮੀ ਭਰਿਆ ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਗਿਆ ਹੈ। ਆਪ ਪੰਜਾਬੀ ਦੇ ਪ੍ਰਥਮ ਕਵੀ ਹੋਏ ਹਨ ਕਿਉਂਕਿ ਆਪ ਤੋਂ ਪਹਿਲਾਂ ਕਿਸੇ ਵੀ ਕਵੀ ਦੀ ਰਚਨਾ ਲਿਖਤ ਰੂਪ ਵਿਚ ਸਾਡੇ ਤੱਕ ਨਹੀਂ ਪਹੁੰਚੀ।

ਆਪ ਦੁਆਰਾ ਲਿਖੇ ਗਏ ਸਲੋਕਾਂ ਦੀ ਬੋਲੀ ਬੜੀ ਮਿੱਠੀ, ਠੇਠ ਅਤੇ ਰਵਾਨੀ ਭਰਪੂਰ ਹੈ। ਸਲੋਕਾਂ ਵਿਚ ਵਧੇਰੇ ਕਰਕੇ ਦੋਹਰਾ ਛੰਦ ਦਾ ਪ੍ਰਯੋਗ ਹੋਇਆ ਹੈ। ਕਿਧਰੇ ਸੋਰਠਾ ਵਰਗੇ ਛੰਦ ਵੀ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਆਪ ਦੁਆਰਾ ਵਰਤੇ ਗਏ ਬਿੰਬ, ਪ੍ਰਤੀਕ ਅਤੇ ਅਲੰਕਾਰ ਬੜੇ ਮੌਲਿਕ ਅਤੇ ਪ੍ਰਭਾਵਸ਼ਾਲੀ ਹਨ। ਦੇਖੋ :

ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣੁ ਲੇਫੁ
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ

.......................................

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ
ਦਰਵੇਸਾ ਨੋ ਲੋੜੀਐ ਰੁਖਾਂ ਦੀ ਜੀਰਾਂਦਿ

.........................................

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ

ਆਪ ਦੀ ਕਾਵਿ ਭਾਸ਼ਾ ਉਤੇ ਮੁਲਤਾਨੀ ਦਾ ਕਾਫ਼ੀ ਪ੍ਰਭਾਵ ਹੈ ਜੋ ਉਸ ਸਮੇਂ ਪੰਜਾਬੀ ਦੀ ਇਕ ਪ੍ਰਮੁੱਖ ਉਪਭਾਸ਼ਾ ਸੀ। ਇਸ ਤੋਂ ਬਿਨਾਂ ਅਰਬੀ, ਫਾਰਸੀ ਅਤੇ ਸੰਸਕ੍ਰਿਤ ਦੇ ਕੁਝ ਸ਼ਬਦ ਵੀ ਆਪ ਦੀ ਬਾਣੀ ਵਿਚ ਆ ਗਏ ਹਨ। ਸ਼ੇਖ਼ ਫ਼ਰੀਦ ਜੀ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਦੇ ਸਰਵ ਸ਼ਿਰੋਮਣੀ ਕਵੀ ਕਹੇ ਜਾਂਦੇ ਹਨ।

## ਯਾਦ ਰੱਖਣ ਯੋਗ ਕੁਝ ਗੱਲਾਂ

**ਸ਼ੇਖ਼ ਫ਼ਰੀਦ**

1. ਸੂਫ਼ੀ ਕਾਵਿ-ਧਾਰਾ ਦੇ ਮੋਢੀ
2. ਪੰਜਾਬੀ ਦੇ ਪਹਿਲੇ ਪ੍ਰਮਾਣਿਕ ਕਵੀ
3. ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ
4. ਲੋਕ ਭਾਸ਼ਾ ਦੀ ਵਰਤੋਂ

## 1.2.4 ਸ਼ੇਖ਼ ਫ਼ਰੀਦ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ

### 1.2.4.1 ਸਲੋਕ :

ਸ਼ੇਖ਼ ਫ਼ਰੀਦ ਜੀ ਦੇ ਸਲੋਕਾਂ ਅਤੇ ਸ਼ਬਦਾਂ ਦਾ ਵਿਸ਼ਾ ਵਸਤੂ ਰੱਬੀ ਪ੍ਰੇਮ ਹੈ। ਆਪ ਦਾ ਵਿਚਾਰ ਹੈ ਕਿ ਉਸ ਪਰਮਾਤਮਾ ਨੇ ਸਾਨੂੰ ਇਹ ਜੀਵਨ ਇਸੇ ਲਈ ਪ੍ਰਦਾਨ ਕੀਤਾ ਹੈ ਕਿ ਅਸੀਂ ਉਸ ਦਾ ਸਿਮਰਨ ਕਰਕੇ ਆਪਣੇ ਜੀਵਨ ਨੂੰ ਸਾਰਥਿਕ ਬਣਾ ਸਕੀਏ ਅਤੇ ਨਰਕਾਂ ਦੀ ਅੱਗ ਤੋਂ ਬਚ ਸਕੀਏ। ਜਿਹੜੇ ਲੋਕ ਪਰਮਾਤਮਾ ਦਾ ਸਿਮਰਨ ਜਾਂ ਬੰਦਗੀ ਕਰਨ ਦੀ ਬਜਾਇ ਦੁਨਿਆਵੀ ਪ੍ਰਾਪਤੀਆਂ ਦੇ ਪਿੱਛੇ ਲੱਗ ਤੁਰਦੇ ਹਨ, ਫ਼ਰੀਦ ਜੀ ਉਹਨਾਂ ਨੂੰ ਬਾਰ-ਬਾਰ ਤਾੜਨਾ ਵੀ ਕਰਦੇ ਹਨ। ਦੇਖੋ :

ਫ਼ਰੀਦਾ ਕੋਠੇ ਮੰਡਪ ਮਾੜੀਆ ਉਸਾਰ ਦੇ ਭੀ ਗਏ
ਕੂੜਾ ਸਉਦਾ ਕਰ ਗਏ ਗੋਰੀ ਆਇ ਪਏ

ਅਤੇ

ਫ਼ਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ

ਫ਼ਰੀਦ ਜੀ ਵਿਅਕਤੀ ਨੂੰ ਪਰਮਾਤਮਾ ਦੇ ਲੜ ਲਾਉਣ ਲਈ ਉਸ ਨੂੰ ਮੌਤ ਦਾ ਡਰਾਵਾ ਵੀ ਦਿੰਦੇ ਹਨ। ਆਪ ਅਨੁਸਾਰ ਜੀਵਨ ਅਤੇ ਮੌਤ ਦੋਵੇਂ ਪਰਮਾਤਮਾ ਦੇ ਹੱਥ ਵਿਚ ਹਨ। ਜਿਸ ਦਿਨ ਵਿਅਕਤੀ ਦਾ ਜਨਮ ਹੁੰਦਾ ਹੈ, ਉਸੇ ਦਿਨ ਉਸ ਦੀ ਮੌਤ ਵੀ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ। ਮੌਤ ਅਟੱਲ ਹੈ। ਇਸ ਤੋਂ ਕੋਈ ਬਚ ਨਹੀਂ ਸਕਦਾ। ਜਿਹੜੇ ਲੋਕ ਪਰਮਾਤਮਾ ਦਾ ਸਿਮਰਨ ਅਤੇ ਬੰਦਗੀ ਕਰਦੇ ਹਨ, ਉਨ੍ਹਾਂ ਨੂੰ ਪਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ ਪਰ ਜਿਹੜੇ ਲੋਕ ਦੁਨਿਆਵੀ ਵਸਤਾਂ ਦੀ ਪ੍ਰਾਪਤੀ ਲਈ ਭਟਕਦੇ ਰਹਿੰਦੇ ਹਨ, ਮਰਨ ਤੋਂ ਬਾਅਦ ਪਰਮਾਤਮਾ ਉਨ੍ਹਾਂ ਨੂੰ ਬੜੀਆਂ ਕਠੋਰ ਸਜ਼ਾਵਾਂ ਦਿੰਦਾ ਹੈ। ਆਪ ਫੁਰਮਾਉਂਦੇ ਹਨ:

ਫ਼ਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ
ਮੰਦੇ ਅਮਲ ਕਰੇਦਿਆਂ ਇਹ ਸਜਾਇ ਤਿਨਾਹ

ਫ਼ਰੀਦ ਜੀ ਦਾ ਕਥਨ ਹੈ ਕਿ ਪਰਮਾਤਮਾ ਦਾ ਨਾਮ ਸਭ ਦੁਨਿਆਵੀ ਵਸਤਾਂ ਤੋਂ ਮਿੱਠਾ ਅਤੇ ਸੁਆਦਲਾ ਹੈ। ਜੀਵਨ ਦੇ ਹੋਰ ਸਾਰੇ ਪਦਾਰਥ ਵਿਸ਼ੈਲੇ (ਜ਼ਹਿਰੀਲੇ) ਹਨ, ਕੇਵਲ ਪਰਮਾਤਮਾ ਦਾ ਨਾਮ ਹੀ ਅੰਮ੍ਰਿਤਮਈ ਹੈ। ਇਸ ਲਈ ਲੋਕਾਂ ਨੂੰ ਪਰਮਾਤਮਾ ਦੇ ਨਾਮ ਨਾਲ ਜੁੜ ਜਾਣਾ ਚਾਹੀਦਾ ਹੈ। ਫ਼ਰੀਦ ਜੀ ਵਿਅਕਤੀ ਨੂੰ ਨੈਤਿਕ ਗੁਣ ਧਾਰਨ ਕਰਨ ਦਾ ਉਪਦੇਸ਼ ਵੀ ਦਿੰਦੇ ਹਨ। ਆਪ ਅਨੁਸਾਰ ਕਦੇ ਕਿਸੇ ਨੂੰ ਫਿੱਕਾ ਨਹੀਂ ਬੋਲਣਾ ਚਾਹੀਦਾ ਕਿਉਂਕਿ ਸਾਰੇ ਇਨਸਾਨ ਉਸੇ ਪਰਮਾਤਮਾ ਦੇ ਸਾਜੇ ਹੋਏ ਹਨ। ਕਦੇ ਕਿਸੇ ਦਾ ਦਿਲ ਵੀ ਨਹੀਂ ਦੁਖਾਉਣਾ ਚਾਹੀਦਾ ਕਿਉਂਕਿ ਹਰ ਦਿਲ ਵਿਚ ਉਸੇ ਪਰਮਾਤਮਾ ਦਾ ਨਿਵਾਸ ਹੈ। ਇਸ ਤੋਂ ਬਿਨਾਂ ਆਪ ਖਿਮਾ ਕਰਨ, ਗੁਨਾਹਾਂ ਤੋਂ ਤੋਬਾ ਕਰਨ ਅਤੇ ਸਬਰ-ਸੰਤੋਖ ਧਾਰਨ ਕਰਨ ਵਰਗੇ ਸ਼ੁਭ ਕਰਮਾਂ ਉੱਤੇ ਵੀ ਜ਼ੋਰ ਦਿੰਦੇ ਹਨ।

### 1.2.4.2 ਖੈਰੁ ਦੀਜੈ ਬੰਦਗੀ

ਇਸ ਸ਼ਬਦ ਵਿਚ ਫ਼ਰੀਦ ਜੀ ਪਰਮਾਤਮਾ ਤੋਂ ਬੰਦਗੀ ਦੀ ਖ਼ੈਰ ਮੰਗਦੇ ਹਨ। ਆਪ ਦਾ ਵਿਚਾਰ ਹੈ ਕਿ ਇਸ ਦੁਨੀਆਂ ਦੇ ਪਦਾਰਥ ਅਤੇ ਸੁਖ-ਆਰਾਮ ਮਿਥਿਆ ਅਤੇ ਨਾਸ਼ਮਾਨ ਹਨ। ਕੇਵਲ ਪਰਮਾਤਮਾ ਦਾ ਨਾਮ ਹੀ ਸਚਾ ਅਤੇ ਸੁਖਦਾਈ ਹੈ। ਫ਼ਰੀਦ ਜੀ ਦਾ ਕਥਨ ਹੈ ਕਿ ਜੋ ਪਰਮਾਤਮਾ ਦੀ ਬੰਦਗੀ ਕਰਨੀ ਹੈ ਤਾਂ ਸਚੇ ਦਿਲੋਂ ਕਰਨੀ ਚਾਹੀਦੀ ਹੈ। ਵਿਖਾਵੇ ਦੀ ਭਗਤੀ ਕਰਨ ਦਾ ਕੋਈ ਲਾਭ ਨਹੀਂ। ਜਿਹੜੇ ਲੋਕ ਇਉਂ ਕਰਦੇ ਹਨ, ਉਹ ਝੂਠੇ ਅਤੇ ਪਾਖੰਡੀ ਹਨ। ਪਰਮਾਤਮਾ ਦਾ ਨਾਮ ਜਪਣ ਵਾਲੇ ਵਿਅਕਤੀ ਦੇ ਚਿਹਰੇ ਉਪਰ ਇਕ ਅਲੌਕਿਕ ਚਮਕ ਆ ਜਾਂਦੀ ਹੈ ਜਦੋਂ ਕਿ ਉਸ ਦੇ ਨਾਮ ਤੋਂ ਟੁੱਟੇ ਵਿਅਕਤੀ ਧਰਤੀ ਉਪਰ ਬੋਝ ਬਣ ਕੇ ਰਹਿ ਜਾਂਦੇ ਹਨ।

ਫ਼ਰੀਦ ਜੀ ਅਨੁਸਾਰ ਉਹੀ ਲੋਕ ਅਸਲ ਦਰਵੇਸ਼ ਹਨ ਜਿਨ੍ਹਾਂ ਨੂੰ ਪਰਮਾਤਮਾ ਆਪ ਆਪਣੀ ਮਰਜ਼ੀ ਨਾਲ ਆਪਣੇ ਲੜ ਲਾ ਲੈਂਦਾ ਹੈ। ਅਜਿਹੇ ਦਰਵੇਸ਼ ਧਨ ਹੁੰਦੇ ਹਨ ਅਤੇ ਉਨ੍ਹਾਂ ਦਾ ਹੀ ਇਸ ਦੁਨੀਆਂ ਵਿਚ ਆਉਣਾ ਸਫਲ ਮੰਨਿਆਂ ਜਾਂਦਾ ਹੈ। ਫ਼ਰੀਦ ਜੀ ਪਰਮਾਤਮਾ ਦੇ ਗੁਣਾਂ ਅਤੇ ਮਹਿਮਾ ਦਾ ਗਾਇਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਉਹ ਪਰਮਾਤਮਾ ਲੋਕਾਂ ਦੀ ਰੱਖਿਆ ਕਰਨ ਵਾਲਾ ਅਪਾਰ ਅਤੇ ਬੇਅੰਤ ਹੈ। ਜਿਹੜੇ ਲੋਕ ਉਸ ਦੇ ਇਸ ਸਰੂਪ ਨੂੰ ਪਹਿਚਾਣ ਲੈਂਦੇ ਹਨ, ਮੈਂ ਉਨ੍ਹਾਂ ਦੇ ਚਰਨ ਚੁੰਮਦਾ ਹਾਂ। ਫ਼ਰੀਦ ਜੀ ਇਸ ਵਿਆਪਕ ਅਤੇ ਅਨੰਤ ਪਰਮਾਤਮਾ ਦੀ ਪਨਾਹ ਵਿਚ ਰਹਿਣਾ ਲੋਚਦੇ ਹਨ। ਉਹ ਪਰਮਾਤਮਾ ਬਖਸ਼ਣਹਾਰ ਹੈ। ਵਿਅਕਤੀ ਨੂੰ ਉਸ ਦੀ ਬੰਦਗੀ ਤੋਂ ਬਿਨਾਂ ਹੋਰ ਕਿਸੇ ਸ਼ਕਤੀ ਦਾ ਆਸਰਾ ਨਹੀਂ ਤਕਾਉਣਾ ਚਾਹੀਦਾ।

## 1.2.4.3 ਜਿਮੀ ਪੁਛੈ ਆਸਮਾਨ

ਇਸ ਸ਼ਬਦ ਵਿਚ ਸ਼ੇਖ਼ ਫ਼ਰੀਦ ਜੀ ਜੀਵ ਨੂੰ ਮੌਤ ਦਾ ਡਰ ਦਿੰਦੇ ਹੋਏ, ਪਰਮਾਤਮਾ ਨਾਲ ਪ੍ਰੇਮ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਦਾ ਫੁਰਮਾਨ ਹੈ ਕਿ ਜਿਸ ਸ਼ਰੀਰ ਦੀਆਂ ਇੱਛਾਵਾਂ ਨੂੰ ਪੂਰੀਆਂ ਕਰਨ ਵਾਸਤੇ ਇਨਸਾਨ ਆਪਣੀ ਸਾਰੀ ਜ਼ਿੰਦਗੀ ਲਾ ਦਿੰਦਾ ਹੈ, ਉਸ ਨੇ ਮਿੱਟੀ ਵਿਚ ਮਿਲ ਜਾਣਾ ਹੈ ਅਤੇ ਕਬਰ ਹੀ ਉਸ ਦਾ ਅਸਲ ਘਰ ਬਣੇਗੀ। ਇਸੇ ਲਈ ਫ਼ਰੀਦ ਜੀ ਵਿਅਕਤੀ ਨੂੰ ਸਮਝਾਉਂਦੇ ਹਨ ਕਿ ਉਹ ਆਪਣੇ ਮਨ ਦੀਆਂ ਇਛਾਵਾਂ ਦੇ ਪਿਛੇ ਨਾ ਭਟਕੇ। ਕਿਉਂਕਿ ਇਹ ਇੱਛਾਵਾਂ ਮਨ ਨੂੰ ਅਸ਼ਾਂਤੀ ਅਤੇ ਪੀੜਾ ਹੀ ਦਿੰਦੀਆਂ ਹਨ। ਫ਼ਰੀਦ ਜੀ ਕਹਿੰਦੇ ਹਨ ਕਿ ਜੇ ਇਨਸਾਨ ਇਸ ਗੱਲ ਨੂੰ ਆਪਣੇ ਮਨ ਵਿਚ ਪੱਕੀ ਤਰ੍ਹਾਂ ਵਸਾ ਲਵੇ ਅਤੇ ਕਦੇ ਵੀ ਭੁੱਲੇ ਨਾ ਕਿ ਉਸ ਦੀ ਮੌਤ ਅਟੱਲ ਹੈ ਅਤੇ ਉਸ ਨੂੰ ਦੁਬਾਰਾ ਕਦੇ ਵੀ ਇਹ ਜੀਵਨ ਪ੍ਰਾਪਤ ਨਹੀਂ ਹੋਵੇਗਾ ਤਾਂ ਉਹ ਨਾਸ਼ਮਾਨ ਦੁਨੀਆਂ ਦੀ ਮੋਹ-ਮਾਇਆ ਦੇ ਪਿਛੇ ਲੱਗ ਕੇ ਕਦੇ ਵੀ ਆਪਣੇ ਆਪ ਨੂੰ ਬਰਬਾਦ ਨਾ ਕਰੇ।

ਫ਼ਰੀਦ ਜੀ ਇਨਸਾਨ ਨੂੰ ਸੱਚ ਬੋਲਣ, ਧਰਮ ਦੇ ਮਾਰਗ ਉਤੇ ਚੱਲਣ ਅਤੇ ਝੂਠ ਤੋਂ ਬਚ ਕੇ ਰਹਿਣ ਦਾ ਉਪਦੇਸ਼ ਦਿੰਦੇ ਹਨ। ਜੇ ਇਨਸਾਨ ਨੇ ਆਪਣੀ ਜੀਵਨ-ਯਾਤਰਾ ਨੂੰ ਸਫ਼ਲ ਬਣਾਉਣਾ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਗੁਰੂ ਦੇ ਦੱਸੇ ਹੋਏ ਰਸਤੇ ਉਤੇ ਪੂਰੇ ਵਿਸ਼ਵਾਸ਼ ਨਾਲ ਚੱਲੇ। ਕੋਈ ਵਿਰਲੇ ਗੁਰਮੁਖ ਹੀ ਇਸ ਸੰਸਾਰਕ ਸਮੁੰਦਰ ਤੋਂ ਸੁਰਖਰੂ ਹੋ ਕੇ ਪਾਰ ਉਤਰਦੇ ਹਨ, ਬਾਕੀ ਦੇ ਸਭ ਆਪਣੇ-ਆਪਣੇ ਗੁਨਾਹਾਂ ਦੇ ਭਾਰ ਨਾਲ ਡੁੱਬ ਜਾਂਦੇ ਹਨ। ਜਿਹੜੇ ਲੋਕ ਸ਼ੁੱਭ ਕਰਮ ਨਹੀਂ ਕਰਦੇ, ਅਗਲੇ ਜਹਾਨ ਵਿਚ ਜਾ ਕੇ ਉਨ੍ਹਾਂ ਨੂੰ ਬਹੁਤ ਕਠੋਰ ਸਜ਼ਾਵਾਂ ਝੱਲਣੀਆਂ ਪੈਣਗੀਆਂ। ਇਥੋਂ ਤਕ ਕਿ ਉਨ੍ਹਾਂ ਦੇ ਸੋਨੇ ਵਰਗੇ ਸਰੀਰ ਨੂੰ ਜਮਦੂਤ ਆਰਿਆਂ ਨਾਲ ਚੀਰ ਦੇਣਗੇ।

ਫ਼ਰੀਦ ਜੀ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਕੁਝ ਵੀ ਸਥਿਰ ਜਾਂ ਸਥਾਈ ਨਹੀਂ ਹੈ। ਵੱਡੇ-ਵੱਡੇ ਸ਼ੇਖ਼ ਅਤੇ ਪੀਰ ਵੀ ਸਦਾ ਲਈ ਇਸ ਸੰਸਾਰ ਵਿਚ ਨਹੀਂ ਰਹਿ ਸਕਦੇ। ਆਪਣੀ ਗੱਲ ਕਰਦੇ ਹੋਏ ਫ਼ਰੀਦ ਜੀ ਸਮਝਾਉਂਦੇ ਹਨ ਕਿ ਅਜ ਮੈਂ ਜਿਸ ਆਸਣ ਉੱਤੇ ਬੈਠ ਕੇ ਤੁਹਾਡੇ ਨਾਲ ਗੱਲਬਾਤ ਕਰ ਰਿਹਾ ਹਾਂ, ਮੇਰੇ ਤੋਂ ਪਹਿਲਾਂ ਅਨੇਕਾਂ ਹੋਰ ਲੋਕ ਇਸੇ ਆਸਣ ਉੱਤੇ ਬੈਠੇ ਹੋਣਗੇ ਪਰੰਤੂ ਅਜ ਉਹ ਇਸ ਦੁਨੀਆਂ ਵਿਚ ਨਹੀਂ ਹਨ।

ਜਿਵੇਂ ਕੱਤਕ ਦੇ ਮਹੀਨੇ ਵਿਚ ਕੂੰਜਾਂ ਦੂਰ-ਦੁਰਾਡੇ ਤੋਂ ਉੱਡ ਕੇ ਸਾਡੇ ਦੇਸ਼ ਵਿਚ ਆ ਪਹੁੰਚਦੀਆਂ ਹਨ, ਚੇਤ ਦੇ ਮਹੀਨੇ ਵਿਚ ਹਵਾ ਦੀ ਰਗੜ ਨਾਲ ਜੰਗਲਾਂ ਨੂੰ ਅੱਗ ਲੱਗ ਜਾਂਦੀ ਹੈ ਅਤੇ ਸਾਵਣ ਦੇ ਮਹੀਨੇ ਵਿਚ ਬਿਜਲੀ ਦੀ ਗਰਜ-ਚਮਕ ਸੁਭਾਵਕ ਹੈ, ਇਸੇ ਤਰ੍ਹਾਂ ਸਿਆਲ ਦੀ ਰੁੱਤ ਵਿਚ ਜੀਵ-ਰੂਪੀ ਇਸਤਰੀ ਨੂੰ ਪਤੀ ਰੂਪੀ ਪਰਮਾਤਮਾ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ। ਵਿਅਕਤੀ ਨੂੰ ਆਪਣੇ ਮਨ ਵਿਚ ਪੱਕੀ ਤਰ੍ਹਾਂ ਇਸ ਸੱਚ ਨੂੰ ਵਸਾ ਲੈਣਾ ਚਾਹੀਦਾ ਹੈ ਕਿ ਉਹ ਨਾਸ਼ਮਾਨ ਹੈ ਅਤੇ ਉਸ ਨੇ ਇਕ ਦਿਨ ਇਸ ਸੰਸਾਰ ਨੂੰ ਛੱਡ ਕੇ ਕੂਚ ਕਰ ਜਾਣਾ ਹੈ। ਵਿਅਕਤੀ ਦਾ ਬੁੱਤ ਬਣਨ ਤੇ ਘੱਟੋ-ਘੱਟ ਛੇ ਮਹੀਨੇ ਦਾ ਸਮਾਂ ਲੱਗ ਜਾਂਦਾ ਹੈ ਪਰੰਤੂ ਖ਼ਤਮ ਹੁੰਦਿਆਂ ਇਕ ਪਲ ਵੀ ਨਹੀਂ ਲਗਦਾ। ਇਸ ਜ਼ਮੀਨ ਉੱਤੇ ਬਹੁਤ ਸਾਰੇ ਮਹਾਂਪੁਰਖਾਂ ਨੇ ਜਨਮ ਲਿਆ ਪਰੰਤੂ ਅੱਜ ਉਹ ਕਿਧਰੇ ਵੀ ਦਿਖਾਈ ਨਹੀਂ ਦਿੰਦੇ। ਉਹ ਕਬਰਾਂ ਵਿਚ ਪਏ ਹਨ ਅਤੇ ਬਹੁਤ ਲੋਕਾਂ ਦੇ ਉਲਾਹਮੇ ਉਨ੍ਹਾਂ ਦੇ ਸਿਰ ਰਹਿ ਗਏ ਹਨ। ਇਸ ਲਈ ਫ਼ਰੀਦ ਜੀ ਦੁਨੀਆਂ ਨੂੰ ਨਾਸ਼ਮਾਨ ਅਤੇ ਅਸਥਾਈ ਮੰਨਦੇ ਹੋਏ ਲੋਕਾਂ ਨੂੰ ਪਰਮਾਤਮਾ ਨਾਲ ਜੁੜਨ ਅਤੇ ਉਸ ਦੀ ਬੰਦਗੀ ਕਰਨ ਦਾ ਉਪਦੇਸ਼ ਦਿੰਦੇ ਹਨ।

## 1.4.4.4 ਬੇੜਾ ਬੰਧਿ ਨਾ ਸਕਿਓ

ਇਸ ਸ਼ਬਦ ਵਿਚ ਫ਼ਰੀਦ ਜੀ ਵਿਅਕਤੀ ਨੂੰ ਸਮੇਂ ਦਾ ਸਦ-ਉਪਯੋਗ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਜਿਹੜੇ ਲੋਕ ਜਵਾਨੀ ਵਿਚ ਪਰਮਾਤਮਾ ਦੀ ਬੰਦਗੀ ਨਹੀਂ ਕਰਦੇ, ਉਹ ਬੁਢਾਪੇ ਵਿਚ ਆ ਕੇ ਇਹ ਕੰਮ ਨਹੀਂ ਕਰ ਸਕਦੇ। ਕਿਉਂਕਿ ਜਿਹੜੇ ਲੋਕ ਜਵਾਨੀ ਵਿਚ ਆਪਣੇ ਮਨ ਦੀਆਂ ਇੱਛਾਵਾਂ ਦੇ ਪਿੱਛੇ ਲੱਗ ਕੇ ਭਟਕਦੇ ਰਹਿੰਦੇ ਹਨ, ਬੁਢੇਪੇ ਦੇ ਸਮੇਂ ਵਿਚ ਵੀ ਉਨ੍ਹਾਂ ਦਾ ਆਪਣੇ ਮਨ ਉਤੇ ਕਾਬੂ ਨਹੀਂ ਰਹਿ ਸਕੇਗਾ। ਬਲਕਿ ਆਪਣੇ ਮਨ ਦੀਆਂ ਤ੍ਰਿਸ਼ਨਾਵਾਂ ਦੇ ਪਿਛੇ ਲਾਚਾਰ ਹੋ ਕੇ ਭਟਕਦੇ ਹੋਏ ਅਜਿਹੇ ਲੋਕ ਇਸ ਸੰਸਾਰ-ਸਮੁੰਦਰ ਦੀਆਂ ਮੂੰਹ ਜ਼ੋਰ ਲਹਿਰਾਂ ਵਿਚ ਡੁੱਬ ਮਰਨਗੇ। ਫ਼ਰੀਦ ਜੀ ਕਹਿੰਦੇ ਹਨ ਕਿ ਇਸ ਦੁਨੀਆ ਦੇ ਆਕਰਸ਼ਣ ਅਤੇ

ਰੰਗਰੂਪ ਕਸੁੰਭੜੇ ਦੇ ਫੁਲਾਂ ਦੇ ਰੰਗ ਵਾਂਗ ਕੱਚੇ ਅਤੇ ਥੋੜ ਚਿਰੇ ਹਨ। ਇਨ੍ਹਾਂ ਨਾਲ ਪ੍ਰੀਤ ਪਾਉਣਾ ਆਪਣੇ ਮਨ ਨੂੰ ਅਸ਼ਾਂਤ ਕਰਨਾ ਹੈ।

ਫ਼ਰੀਦ ਜੀ ਦੁਨੀਆਂ ਦੇ ਸਰੂਪ ਬਾਰੇ ਹੋਰ ਸਮਝਾਉਂਦੇ ਹੋਏ ਲਿਖਦੇ ਹਨ ਜਿਵੇਂ ਇਕ ਇਸਤਰੀ ਆਪ ਤਾਂ ਕਮਜ਼ੋਰ ਅਤੇ ਪਤਲੀ ਜਿਹੀ ਹੋਵੇ ਪਰ ਉਸ ਦਾ ਪਤੀ ਅਤਿਅੰਤ ਕਠੋਰ ਅਤੇ ਡਾਢਾ ਹੋਵੇ ਤਾਂ ਉਸ ਇਸਤਰੀ ਨੂੰ ਆਪਣੇ ਪਤੀ ਦੀ ਮਰਜ਼ੀ ਅਤੇ ਰਜ਼ਾ ਤੋਂ ਬਾਹਰ ਜਾਣਾ ਨਹੀਂ ਚਾਹੀਦਾ। ਇਉਂ ਨਾ ਕਰਨ ਤੇ ਉਸ ਨੂੰ ਬੜੀ ਕਠੋਰ ਸਜ਼ਾ ਮਿਲ ਸਕਦੀ ਹੈ। ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਨੂੰ ਆਪਣੇ ਸਰਵ ਸ਼ਕਤੀਮਾਨ ਅਤੇ ਬੇਅੰਤ ਪਤੀ ਰੂਪੀ ਪਰਮਾਤਮਾ ਦੀ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ।

ਇਸ ਦੁਨੀਆਂ ਵਿਚ ਬਾਰ-ਬਾਰ ਨਹੀਂ ਆਇਆ ਜਾਣਾ ਕਿਉਂਕਿ ਪਰਮਾਤਮਾ ਨੇ ਕੇਵਲ ਇਕ ਵਾਰ ਹੀ ਜੀਵ ਨੂੰ ਜ਼ਿੰਦਗੀ ਪ੍ਰਦਾਨ ਕੀਤੀ ਹੈ। ਜਿਵੇਂ ਥਣਾਂ ਵਿਚੋਂ ਬਾਹਰ ਆਇਆ ਦੁੱਧ ਦੁਬਾਰਾ ਥਣਾਂ ਵਿਚ ਨਹੀਂ ਜਾ ਸਕਦਾ ਅਤੇ ਮੇਲੇ ਵਿਚ ਜੁੜੇ ਲੋਕ ਦੁਬਾਰਾ ਉਸੇ ਤਰ੍ਹਾਂ ਇੱਕਠੇ ਨਹੀਂ ਹੋ ਸਕਦੇ, ਇਸੇ ਤਰ੍ਹਾਂ ਜੀਵ ਦੁਬਾਰਾ ਇਸ ਦੁਨੀਆਂ ਵਿਚ ਨਹੀਂ ਆ ਸਕੇਗਾ। ਚੇਤਾਵਨੀ ਦਿੰਦੇ ਹੋਏ ਫ਼ਰੀਦ ਜੀ ਸਮਝਾਉਂਦੇ ਹਨ ਕਿ ਜਿਸ ਸਮੇਂ ਪਰਮਾਤਮਾ ਨੇ ਜੀਵ ਨੂੰ ਆਪਣੇ ਪਾਸ ਬੁਲਾ ਲਿਆ ਤਾਂ ਉਸ ਨੂੰ ਹਰ ਹਾਲਤ ਵਿਚ ਜਾਣਾ ਹੀ ਪੈਣਾ ਹੈ। ਉਸ ਦੇ ਹੁਕਮ ਅੱਗੇ ਜੀਵ ਦਾ ਕੋਈ ਉਜ਼ਰ ਜਾਂ ਬਹਾਨਾ ਨਹੀਂ ਚੱਲੇਗਾ। ਜੀਵ ਦੀ ਆਤਮਾ ਉਸ ਦੇ ਹੁਕਮ ਵਿਚ ਬੱਝੀ ਹੋਈ, ਉਸ ਦੇ ਚਰਨਾਂ ਵਿਚ ਪਹੁੰਚੇਗੀ ਅਤੇ ਇਸ ਜੀਵ ਦਾ ਸਰੀਰ ਇਥੇ ਹੀ ਮਿੱਟੀ ਵਿਚ ਮਿਲ ਜਾਵੇਗਾ। ਇਸ ਲਈ ਵਿਅਕਤੀ ਨੂੰ ਹਮੇਸ਼ਾ ਪਰਮਾਤਮਾ ਦੇ ਨਾਮ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ ਅਤੇ ਬੰਦਗੀ ਦੇ ਅਮਲ ਨੂੰ ਕਦੇ ਵੀ ਕਲ੍ਹ ਤੇ ਨਹੀਂ ਛੱਡਣਾ ਚਾਹੀਦਾ। ਕੋਈ ਪਤਾ ਨਹੀਂ ਕਿ ਕਲ੍ਹ ਦਾ ਦਿਨ ਵਿਅਕਤੀ ਨੇ ਦੇਖਣਾ ਵੀ ਹੈ ਜਾਂ ਨਹੀਂ।

## ਫ਼ਰੀਦ ਦੀ ਕਵਿਤਾ ਦੇ ਪ੍ਰਮੁੱਖ ਵਿਸ਼ੇ

ਜੀਵ ਅਤੇ ਸਾਰਾ ਸੰਸਾਰ ਨਾਸ਼ਮਾਨ ਹੈ।
ਜੀਵ ਨੂੰ ਪਰਮਾਤਮਾ ਨਾਲ ਪਿਆਰ ਕਰਨਾ ਚਾਹੀਦਾ ਹੈ।
ਜੀਵ ਨੂੰ ਜੀਵਨ ਵਿਚ ਚੰਗੇ ਕੰਮ ਕਰਨੇ ਚਾਹੀਦੇ ਹਨ।

## 1.4.5 ਪ੍ਰਸੰਗ ਸਹਿਤ ਵਿਆਖਿਆ

ਦਿਲਹੁ ਮੁਹਬਤਿ ਜਿਨ੍ਹ ਸੇਈ ਸਚਿਆ।।
ਜਿਨ੍ਹ ਮਨਿ ਹੋਰ ਮੁਖਿ ਹੋਰ ਸਿ ਕਾਂਢੇ ਕਚਿਆ।।
ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ।।
ਵਿਸਰਿਆ ਜਿਨ ਨਾਮੁ ਤੇ, ਭੁਇ ਭਾਰੁ ਥੀਏ।।

ਵਿਚਾਰ ਅਧੀਨ ਕਾਵਿ ਪੰਕਤੀਆਂ ਸੂਫ਼ੀ ਕਾਵਿ ਪਰੰਪਰਾ ਦੇ ਸ਼ਿਰੋਮਣੀ ਕਵੀ ਸ਼ੇਖ਼ ਫ਼ਰੀਦ ਜੀ ਦੀ ਰਚਨਾ ''ਖੈਰ ਦੀਜੈ ਬੰਦਗੀਂ ਵਿਚੋਂ ਲਈਆਂ ਗਈਆਂ ਹਨ। ਇਹ ਰਚਨਾ ''ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਕਲਿਤ ਹੈ। ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ ਇਸ ਰਚਨਾ ਦੇ ਮਹੱਤਵ ਨੂੰ ਪਹਿਚਾਣਦਿਆਂ ਹੋਇਆਂ ਇਸ ਨੂੰ ਬੀ.ਏ. ਭਾਗ ਤੀਜਾ ਲਈ ਨਿਸ਼ਚਿਤ ਪਾਠ-ਪੁਸਤਕ ਵਿਚ ਸ਼ਾਮਲ ਕੀਤਾ ਹੈ।

ਇਸ ਕਾਵਿ-ਟੁਕੜੀ ਵਿਚ ਫ਼ਰੀਦ ਜੀ ਵਿਅਕਤੀ ਨੂੰ ਪਰਮਾਤਮਾ ਨਾਲ ਸੱਚਾ ਪ੍ਰੇਮ ਕਰਨ ਦਾ ਉਪਦੇਸ਼ ਦਿੰਦੇ ਹਨ। ਸੱਚਾ ਪ੍ਰੇਮ ਕਰਨ ਵਾਲਾ ਵਿਅਕਤੀ ਹੀ ਸੱਚਾ ਅਖਵਾ ਸਕਦਾ ਹੈ ਕਿਉਂਕਿ ਉਹ ਝੂਠ ਅਤੇ ਪਾਖੰਡ ਤੋਂ ਬਚ ਕੇ ਰਹਿਣ ਦੀ ਦਲੇਰੀ ਕਰ ਸਕਦਾ ਹੈ। ਪਰ ਜਿਹੜੇ ਲੋਕ ਦੂਜਿਆਂ ਨੂੰ ਧੋਖਾ ਦੇਣ ਲਈ ਵਿਖਾਵੇ ਦੀ ਭਗਤੀ ਕਰਦੇ ਹਨ, ਉਨ੍ਹਾਂ ਨੂੰ ਇਸ ਕਰਮ ਤੋਂ ਕੋਈ ਲਾਭ ਨਹੀਂ ਹੋਣਾ ਕਿਉਂਕਿ ਪਰਮਾਤਮਾ ਕੇਵਲ ਸੱਚੀ ਭਗਤੀ ਉਪਰ

ਹੀ ਰੀਝਦਾ ਹੈ। ਜਿਹੜੇ ਲੋਕ ਪਰਮਾਤਮਾ ਨਾਲ ਸੱਚੇ ਇਸ਼ਕ ਦੇ ਜਜ਼ਬੇ ਨਾਲ ਜੁੜ ਜਾਂਦੇ ਹਨ, ਉਨ੍ਹਾਂ ਦੀ ਸ਼ਖ਼ਸ਼ੀਅਤ ਉਤੇ ਇਕ ਆਲੌਕਿਕ ਨਿਖਾਰ ਆ ਜਾਂਦਾ ਹੈ ਅਤੇ ਉਹ ਸੰਤ ਪੁਰਖ ਬਣ ਜਾਂਦੇ ਹਨ ਪਰੰਤੂ ਇਸ ਦੇ ਉਲਟ ਜਿਹੜੇ ਮਨਮੁਖ ਲੋਕ ਪਰਮਾਤਮਾ ਦੀ ਮੁਹੱਬਤ ਤੋਂ ਬੇਮੁਖ ਹੋ ਕੇ ਹੋਰ ਲਾਲਸਾਵਾਂ ਦੇ ਪਿਛੇ ਭਟਕਦੇ ਰਹਿੰਦੇ ਹਨ, ਉਨ੍ਹਾਂ ਦਾ ਜੀਵਨ ਨਿਸ਼ਫਲ ਰਹਿ ਜਾਂਦਾ ਹੈ। ਉਹ ਇਸ ਤਰ੍ਹਾਂ ਨਾਲ ਇਸ ਦੁਨੀਆ ਉਤੇ ਇਕ ਭਾਰ ਹੀ ਹਨ ਅਤੇ ਉਨ੍ਹਾਂ ਦੇ ਜੀਵਨ ਦਾ ਕੋਈ ਅਰਥ ਨਹੀਂ। ਇਸ ਤਰ੍ਹਾਂ ਫ਼ਰੀਦ ਜੀ ਬੜੇ ਸਹਿਜ ਢੰਗ ਨਾਲ ਵਿਅਕਤੀ ਨੂੰ ਪਰਮਾਤਮਾ ਨਾਲ ਪ੍ਰੇਮ ਕਰਨ ਦਾ ਉਪਦੇਸ਼ ਦਿੰਦੇ ਹਨ।

ਇਸ ਸ਼ਬਦ ਵਿਚ ਫ਼ਰੀਦ ਜੀ ਨੇ ਅਧਿਆਤਮਿਕ ਪ੍ਰੇਮ ਦੇ ਪ੍ਰਗਟਾਵੇ ਲਈ ਬੜੇ ਸੁੰਦਰ ਮੁਹਾਵਰਿਆਂ ਅਤੇ ਅਖਾਉਂਤਾ ਦਾ ਪ੍ਰਯੋਗ ਕੀਤਾ ਹੈ। ਪੰਜਾਬੀ ਬੋਲੀ ਦਾ ਠੇਠ ਅਤੇ ਮਿੱਠਾ ਰੂਪ ਇਸ ਸ਼ਬਦ ਦੇ ਪ੍ਰਭਾਵ ਨੂੰ ਹੋਰ ਵੀ ਤੀਖਣ ਬਣਾ ਦਿੰਦਾ ਹੈ। ਕਿਧਰੇ-ਕਿਧਰੇ ਲਹਿੰਦੀ ਉਪਭਾਸ਼ਾ ਦੀ ਚਾਸ਼ਨੀ ਵੀ ਵੇਖੀ ਜਾ ਸਕਦੀ ਹੈ। ਸੰਖੇਪ ਵਿਚ ਇਹ ਕਾਵਿ-ਟੁਕੜੀ ਫ਼ਰੀਦ-ਬਾਣੀ ਦੀ ਇਕ ਬੜੀ ਉਤਕ੍ਰਿਸ਼ਟ ਉਦਾਹਰਣ ਪੇਸ਼ ਕਰਦੀ ਹੈ।

## ਪ੍ਰਸੰਗ ਸਹਿਤ ਵਿਆਖਿਆ ਲਈ ਕੁਝ ਮਹੱਤਵਪੂਰਣ ਪੰਕਤੀਆਂ

(ੳ) ਫ਼ਰੀਦਾ ਦਰ ਦਰਵੇਸੀ ਗਾਖੜੀ ਚਲੀ ਦੁਨੀਆ ਭਤਿ।।
ਬੰਨ੍ਹਿ ਉਠਾਈ ਪੋਟਲੀ ਕਿਥੇ ਵੰਞਾ ਘਤਿ।।

(ਅ) ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ।।
ਫ਼ਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ।।

(ੲ) ਬੋਲੀਐ ਸਚੁ ਧਰਮੁ ਝੂਠ ਨ ਬੋਲੀਐ।।
ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ।।
ਛੈਲ ਲੰਘਦੇ ਪਾਰਿ ਗੋਰੀ ਮਨ ਧੀਰੀਆ।।
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ।।

*ਨੋਟ : ਇਹਨਾਂ ਪੰਕਤੀਆਂ ਦੀ ਪ੍ਰਸੰਗ ਸਹਿਤ ਵਿਆਖਿਆ ਆਪਣੇ ਪਧੱਰ ਤੇ ਕਰੋ।*

## 1.2.6 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ : ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਜੀ ਦੇ ਕਿੰਨੇ ਸਲੋਕ ਦਰਜ ਹਨ?

ਉਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਜੀ ਦੇ ਨਾਮ ਹੇਠ ਕੁਲ 130 ਸਲੋਕ ਦਰਜ ਹਨ। ਇਨ੍ਹਾਂ ਵਿਚੋਂ 18 ਸਲੋਕ ਵੱਖ-ਵੱਖ ਗੁਰੂ ਸਾਹਿਬਾਨ ਦੀ ਰਚਨਾ ਹਨ ਅਤੇ 112 ਸਲੋਕ ਸ਼ੇਖ਼ ਫ਼ਰੀਦ ਜੀ ਦੇ ਹਨ।

ਪ੍ਰਸ਼ਨ : ਫ਼ਰੀਦ ਜੀ ਦੇ ਸਲੋਕਾਂ ਦਾ ਵਿਸ਼ਾ ਕੀ ਹੈ?

ਉਤਰ : ਫ਼ਰੀਦ ਜੀ ਦੇ ਸਲੋਕਾਂ ਵਿਚ ਮਨੁੱਖ ਨੂੰ ਜੀਵਨ ਦੀ ਨਾਸ਼ਮਾਨਤਾ ਅਤੇ ਮੌਤ ਦੀ ਭਿਆਨਕਤਾ ਦਿਖਾ ਕੇ ਪਰਮਾਤਮਾ ਦੀ ਬੰਦਗੀ ਕਰਨੀ ਸਿਖਾਈ ਗਈ ਹੈ।

ਪ੍ਰਸ਼ਨ : ਫ਼ਰੀਦ ਜੀ ਕਿਸ ਧਾਰਾ ਦੇ ਕਵੀ ਹਨ?

ਉਤਰ : ਫ਼ਰੀਦ ਜੀ ਸੂਫ਼ੀ ਕਾਵਿ ਧਾਰਾ ਦੇ ਕਵੀ ਸਨ। ਆਪ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਮਹਾਨ ਸੂਫ਼ੀ ਫ਼ਕੀਰ ਹੋਏ ਹਨ। ਭਾਰਤ ਵਿਚ ਆਪ ਦਾ ਨਾਮ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਪ੍ਰਸ਼ਨ : ਫ਼ਰੀਦ ਜੀ ਨੂੰ ਸੂਫ਼ੀ ਕਵੀ ਕਿਉਂ ਕਿਹਾ ਜਾਂਦਾ ਹੈ?

ਉਤਰ : ਫ਼ਰੀਦ ਜੀ ਦਾ ਸੰਬੰਧ ਸੂਫ਼ੀ ਫਿਰਕੇ ਨਾਲ ਸੀ। ਇਹ ਲੋਕ ਕਾਲੀ ਸੂਫ਼ ਦੇ ਕੱਪੜੇ ਪਹਿਨਿਆ ਕਰਦੇ ਸਨ ਅਤੇ ਰੱਬ ਨਾਲ ਮੁਹੱਬਤ ਕਰਨ ਤੋਂ ਸਿਵਾਇ ਹੋਰ ਕਿਸੇ ਦੁਨਿਆਵੀ ਕੰਮ ਨੂੰ ਮਹੱਤਵ ਨਹੀਂ ਸਨ ਦਿੰਦੇ। ਸੂਫ਼ੀ ਪਰੰਪਰਾ ਈਰਾਨ ਤੋਂ ਹੁੰਦੀ ਹੋਈ ਭਾਰਤਵਰਸ਼ ਵਿਚ ਪਹੁੰਚੀ ਸੀ।

ਪ੍ਰਸ਼ਨ : ਫ਼ਰੀਦ ਜੀ ਦੀ ਪੰਜਾਬੀ ਕਾਵਿ ਨੂੰ ਕੀ ਦੇਣ ਹੈ?

ਉਤਰ : ਫ਼ਰੀਦ ਜੀ ਪੰਜਾਬੀ ਭਾਸ਼ਾ ਦੇ ਪਹਿਲੇ ਪ੍ਰਮਾਣਿਕ ਕਵੀ ਹੋਏ ਸਨ। ਆਪ ਤੋਂ ਪਹਿਲਾਂ ਰਚੇ ਗਏ ਸਾਹਿੱਤ ਦੀ ਪ੍ਰਮਾਣਿਕਤਾ ਬਾਰੇ ਵਿਸ਼ਵਾਸ਼ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਫ਼ਰੀਦ ਬਾਣੀ ਨੂੰ ਪੂਰੀ ਤਰ੍ਹਾਂ ਸੰਭਾਲ ਲਿਆ ਸੀ ਅਤੇ ਬਾਅਦ ਵਿਚ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰ ਦਿੱਤਾ ਗਿਆ ਸੀ, ਇਸ ਵਾਸਤੇ ਫ਼ਰੀਦ ਜੀ ਨੂੰ ਪੰਜਾਬੀ ਭਾਸ਼ਾ ਦਾ ਪਹਿਲਾ ਸ਼ਿਰੋਮਣੀ ਕਵੀ ਮੰਨਿਆ ਜਾ ਸਕਦਾ ਹੈ।

ਪ੍ਰਸ਼ਨ : ਕਿਸੇ ਇਕ ਕਵਿਤਾ ਦੇ ਵਿਸ਼ੈ ਵਸਤੂ ਉਤੇ ਨੋਟ ਲਿਖੋ :

(ੳ) ਜਿਮੀ ਪੁਛੈ ਅਸਮਾਨ

(ਅ) ਬੇੜਾ ਬੰਧਿ ਨਾ ਸਕਿਓ

(ੲ) ਖੈਰੁ ਦੀਜੈ ਬੰਦਗੀ

## ਮਹੱਤਵਪੂਰਨ ਪ੍ਰਸ਼ਨ

1. ਸ਼ੇਖ਼ ਫ਼ਰੀਦ ਕਵੀ ਬਾਰੇ ਜਾਣਕਾਰੀ ਦਿੰਦੇ ਹੋਏ ਉਸ ਦੁਆਰਾ ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਦਿਓ। (ਦਸੰਬਰ 2016)
2. 'ਬੇੜਾ ਬੰਧਿ ਨ ਸਕਿਓ' ਕਵਿਤਾ ਦੀ ਸਾਹਿਤਕ ਤੌਰ 'ਤੇ ਪਰਖ ਕਰੋ। (ਦਸੰਬਰ 2016)

## ਸੰਖੇਪ ਉੱਤਰ ਵਾਲੇ ਪ੍ਰਸ਼ਨ

1. ਬਾਬਾ ਫ਼ਰੀਦ ਨੇ ਆਪਣੀਆਂ ਰਚਨਾਵਾਂ ਵਿਚ ਕਿਹੋ ਜਿਹੇ ਵਿਸ਼ੇ ਲਏ ਹਨ? (ਦਸੰਬਰ 2016)
2. ਬਾਬਾ ਫ਼ਰੀਦ ਜੀ ਨੇ ਆਪਣੇ ਸ਼ਲੋਕਾਂ ਵਿਚ ਕਿਹੜੇ-ਕਿਹੜੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਲਈ ਕਿਹਾਹੈ? (ਦਸੰਬਰ 2017)

## 1.2.7 ਸਹਾਇਕ ਪੁਸਤਕਾਵਲੀ

1. ਪ੍ਰੋ. ਬ੍ਰਹਮਜਗਦੀਸ਼ ਸਿੰਘ, ਬੋਲੈ ਸ਼ੇਖ਼ ਫ਼ਰੀਦ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ।
2. ਡਾ. ਹਰਮੰਦਰ ਸਿੰਘ ਦਿਓਲ ਅਤੇ ਬ੍ਰਹਮ ਜਗਦੀਸ਼ ਸਿੰਘ, ਮਾਨਵਤਾ ਦਾ ਪ੍ਰਤੀਕ : ਬਾਬਾ ਫ਼ਰੀਦ, ਫ਼ਰੀਦ ਸਾਹਿਤ ਸੰਮੇਲਨ, ਅੰਮ੍ਰਿਤਸਰ।
3. ਪ੍ਰੋ. ਸਾਹਿਬ ਸਿੰਘ, ਸਟੀਕ ਸਲੋਕ ਸ਼ੇਖ਼ ਫ਼ਰੀਦ, ਸਿੰਘ ਬਰਦਰਜ਼, ਅੰਮ੍ਰਿਤਸਰ।

**ਪਾਠ ਨੰਬਰ : 1.3**

## ਭਗਤ ਨਾਮਦੇਵ ਅਤੇ ਉਹਨਾਂ ਦੀਆਂ ਰਚਨਾਵਾਂ

### 1.3.1 ਭੂਮਿਕਾ ਅਤੇ ਰੂਪ-ਰੇਖਾ

ਬੀ.ਏ. ਭਾਗ ਤੀਜਾ, ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਨੂੰ ਮੱਧਕਾਲੀਨ ਪੰਜਾਬ ਕਾਵਿ ਦੀਆਂ ਵੱਖ-ਵੱਖ ਧਾਰਾਵਾਂ ਅਤੇ ਪ੍ਰਵਿਰਤੀਆਂ ਨਾਲ ਪਰਿਚਿਤ ਕਰਾਉਣ ਲਈ ਮੱਧਕਾਲ ਵਿਚ ਰਚੇ ਗਏ ਭਗਤੀ ਕਾਵਿ ਦਾ ਅਧਿਐਨ ਬੜਾ ਜ਼ਰੂਰੀ ਸਮਝਿਆ ਗਿਆ ਹੈ। ਭਗਤੀ ਕਾਵਿ ਇਕ ਅਜਿਹਾ ਮੰਚ ਹੈ ਜੋ ਗੁਰਮਤਿ ਕਾਵਿ ਧਾਰਾ ਅਤੇ ਮੱਧਕਾਲ ਦੀਆਂ ਕੁਝ ਹੋਰ ਕਾਵਿ ਪ੍ਰਵਿਰਤੀਆਂ ਦੀ ਆਧਾਰਸ਼ਿਲਾ ਬਣਿਆ। ਪੰਜਾਬੀ ਵਿਚ ਲਿਖਣ ਵਾਲੇ ਸੰਤਾਂ-ਭਗਤਾਂ ਵਿਚੋਂ ਨਾਮਦੇਵ ਜੀ ਸਰਵ ਪ੍ਰਮੁੱਖ ਹਨ। ਬੇਸ਼ੱਕ ਆਪਦਾ ਜਨਮ ਮਹਾਂਰਾਸ਼ਟਰ ਵਿਚ ਹੋਇਆ ਪਰੰਤੂ ਆਪ ਕਾਫ਼ੀ ਸਮਾਂ ਪੰਜਾਬ ਵਿਚ ਵੀ ਰਹੇ ਅਤੇ ਮਰਾਠੀ ਤੋਂ ਬਿਨਾਂ ਆਪ ਨੇ ਪੰਜਾਬੀ ਵਿਚ ਵੀ ਕਾਫ਼ੀ ਬਾਣੀ ਰਚੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 61 ਸ਼ਬਦ ਸੰਗ੍ਰਹਿਤ ਹਨ। ਪੰਜਾਬੀ ਕਾਵਿ ਸੰਗ੍ਰਹਿ ਦੇ ਸੰਪਾਦਕਾਂ ਨੇ ਵਿਦਿਆਰਥੀਆਂ ਨੂੰ ਭਗਤ ਨਾਮਦੇਵ ਜੀ ਦੀ ਬਾਣੀ ਨਾਲ ਪਰਿਚਿਤ ਕਰਵਾਉਣ ਵਾਸਤੇ ਉਨ੍ਹਾਂ ਦੇ 20 ਸ਼ਬਦ ਇਸ ਪਾਠ-ਪੁਸਤਕ ਵਿਚ ਸ਼ਾਮਲ ਕੀਤੇ ਹਨ।

### 1.3.2 ਭਗਤ ਨਾਮਦੇਵ ਜੀ ਦਾ ਸਾਹਿਤਿਕ ਯੋਗਦਾਨ

ਮੱਧਕਾਲੀਨ ਭਗਤੀ ਕਾਵਿ ਦੀ ਪਰੰਪਰਾ ਵਿਚ ਭਗਤ ਨਾਮਦੇਵ ਜੀ ਦਾ ਨਾਮ ਬੜਾ ਉੱਘਾ ਹੈ। ਉਨ੍ਹਾਂ ਦਾ ਉਪਦੇਸ਼ ਖੇਤਰ ਕੇਵਲ ਆਪਣੇ ਪ੍ਰਦੇਸ਼-ਮਹਾਂਰਾਸ਼ਟਰ-ਤਕ ਹੀ ਸੀਮਤ ਨਹੀਂ ਸੀ ਬਲਕਿ ਆਪ ਨੇ ਭਾਰਤ ਦੇ ਬਹੁਤ ਸਾਰੇ ਪ੍ਰਦੇਸ਼ਾਂ ਵਿਚ ਘੁੰਮ-ਫਿਰ ਕੇ ਭਗਤੀ ਮਾਰਗ ਦਾ ਪ੍ਰਚਾਰ ਕੀਤਾ। ਉੱਤਰ ਭਾਰਤ ਵਿਚ ਭਗਤੀ ਮਾਰਗ ਦਾ ਪ੍ਰਚਾਰ ਕਰਨ ਵਾਲੇ ਪਹਿਲੇ ਸੰਤ, ਭਗਤ ਨਾਮਦੇਵ ਜੀ ਹੀ ਹੋਏ ਹਨ। ਨਾਮਦੇਵ ਜੀ ਦੀ ਜੀਵਨੀ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਉਪਲਬੱਧ ਨਹੀਂ ਹੈ। ਡਾ. ਪ੍ਰਭਾਕਰ ਮਾਚਵੇ ਦੁਆਰਾ ਲਿਖਤ ਪੁਸਤਕ ਨਾਮਦੇ ਵ : ਜੀਵਨੀ ਅਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਹੋਈ ਹੈ। ਇਸੇ ਪ੍ਰਸੰਗ ਵਿਚ ਡਾ. ਜੋਧ ਸਿੰਘ ਰਚਿਤ 'ਭਗਤ ਨਾਮਦੇਵ ਤਥਾ ਹੋਰ ਭਗਤੋ ਜੀ ਦੇ ਜੀਵਨ ਅਤੇ ਬਾਣੀ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ।

**1.3.2.1** ਭਗਤ ਨਾਮਦੇਵ ਜੀ ਭਾਰਤ ਦੇ ਉਨ੍ਹਾਂ ਮੁਢਲੇ ਭਗਤਾਂ ਵਿਚੋਂ ਹਨ ਜਿਨ੍ਹਾਂ ਨੇ ਬ੍ਰਾਹਮਣਵਾਦ ਦੇ ਜਬਰ ਅਤੇ ਦਮਨ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਕਰਮਕਾਂਡਾਂ ਨੂੰ ਪਾਖੰਡ ਸਿੱਧ ਕਰਕੇ ਮਾਨਵ ਨੂੰ ਪ੍ਰੇਮਾਭਗਤੀ ਦੇ ਮਾਰਗ ਉਤੇ ਤੋਰਿਆ ਅਤੇ ਦਰਸਾਇਆ ਕਿ ਪਰਮਾਤਮਾ ਤਕ ਪਹੁੰਚਣ ਲਈ ਕਿਸੇ ਵਿਸ਼ੇਸ਼ ਕੁਲ ਜਾਂ ਵੰਸ਼ ਵਿਚ ਪੈਦਾ ਹੋਣਾ ਜ਼ਰੂਰੀ ਨਹੀਂ ਹੈ। ਆਪ ਨੇ ਮਨੁੱਖ-ਮਨੁੱਖ ਵਿਚਲੀ ਸਮਾਨਤਾ ਨੂੰ ਸਪਸ਼ਟ ਕੀਤਾ ਅਤੇ ਇਸ ਤਰ੍ਹਾਂ ਆਪ ਮਾਨਵੀ ਏਕਤਾ ਦੇ ਇਕ ਸੱਚੇ-ਸੁੱਚੇ ਪ੍ਰਤੀਕ ਬਣ ਗਏ। ਆਪ ਦੇ ਪਿਛੋਂ ਮਹਾਂਰਾਸ਼ਟਰ ਵਿਚ ਸੰਤ ਤੁਕਾ ਰਾਮ, ਉੱਤਰੀ ਭਾਰਤ ਵਿਚ ਭਗਤ ਕਬੀਰ ਅਤੇ ਰਵਿਦਾਸ, ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਅਤੇ ਸਮੁੱਚੀ ਗੁਰਮਤਿ ਕਾਵਿ ਪਰੰਪਰਾ ਇਸੇ ਮਾਰਗ ਉਤੇ ਚੱਲੀ।

**1.3.2.2** ਭਾਵੇਂ ਨਾਮਦੇਵ ਜੀ ਮਹਾਂਰਾਸ਼ਟਰ ਦੇ ਵਸਨੀਕ ਸਨ ਪਰੰਤੂ ਆਪਨੇ ਪੰਜਾਬ ਵਿਚ ਆਪਣੇ ਜੀਵਨ ਦੇ ਲਗਭਗ ਵੀਹ ਵਰ੍ਹੇ ਬਿਤਾਏ। ਇਨ੍ਹਾਂ ਵਰ੍ਹਿਆਂ ਵਿਚ ਆਪਦੀ ਕਾਵਿ ਪ੍ਰਤਿਭਾ ਪੂਰੇ ਸਿਖਰ ਤੇ ਸੀ ਅਤੇ ਆਪ ਆਪਣੇ ਜੀਵਨ-ਮਨੋਰਥ ਬਾਰੇ ਪੂਰੀ ਤਰ੍ਹਾਂ ਸਪਸ਼ਟ ਸਨ। ਇਹੀ ਕਾਰਨ ਹੈ ਕਿ ਪੰਜਾਬੀ ਵਿਚ ਰਚੇ

ਗਏ ਆਪ ਦੇ 61 ਸ਼ਬਦਾਂ ਵਿਚ ਪ੍ਰੇਮਾਭਗਤੀ ਦਾ ਸਾਰ-ਤੱਤ ਪ੍ਰਾਪਤ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਮਨੁੱਖ-ਮਾਤਰ ਲਈ ਇਨ੍ਹਾਂ ਸ਼ਬਦਾਂ ਦੇ ਮਹੱਤਵ ਨੂੰ ਧਿਆਨ ਵਿਚ ਰੱਖਦਿਆਂ ਹੋਇਆ 1604 ਈ. ਵਿਚ ਇਨ੍ਹਾਂ ਨੂੰ ਆਦਿ ਗ੍ਰੰਥ ਵਿਚ ਸ਼ਾਮਲ ਕਰ ਲਿਆ ਸੀ।

**3.2.3** ਭਗਤੀ ਕਾਵਿ ਪਰੰਪਰਾ ਉਤੇ ਨਾਮਦੇਵ ਜੀ ਨੇ ਬੜਾ ਵਿਆਪਕ ਪ੍ਰਭਾਵ ਪਾਇਆ। ਇਕ ਪਰਮਾਤਮਾ ਦੀ ਉਪਾਸਨਾ, ਸਾਧ ਸੰਗਤ ਦਾ ਮਹੱਤਵ, ਸੱਚੇ ਗੁਰੂ ਦੀ ਲੋੜ, ਮਾਇਆ ਦਾ ਤਿਆਗ, ਪਰਮਾਤਮਾ ਦੀ ਕ੍ਰਿਪਾ, ਕਰਮ-ਕਾਂਡ ਦੀ ਨਿਹਫ਼ਲਤਾ, ਜਾਤ-ਪਾਤ ਦਾ ਖੰਡਨ, ਗ੍ਰਹਿਸਥ ਮਹਿ ਉਦਾਸੀ, ਮਾਨਵ ਦੀ ਏਕਤਾ ਅਤੇ ਸਮਾਨਤਾ ਕੁਝ ਅਜਿਹੇ ਵਿਸ਼ੇ ਹਨ ਜਿਹੜੇ ਆਪ ਤੋਂ ਬਾਅਦ ਆਉਣ ਵਾਲੇ ਸਮੁੱਚੇ ਭਗਤਾਂ ਦੀ ਬਾਣੀ ਵਿਚ ਸਮਾਨ ਰੂਪ ਵਿਚ ਮੌਜੂਦ ਹਨ। ਆਪ ਦੁਆਰਾ ਸਿਰਜੀਆਂ ਗਈਆਂ ਕਾਵਿ-ਵਿਧੀਆਂ ਵੀ ਸਮੁੱਚੀ ਭਗਤੀ ਕਾਵਿ ਪਰੰਪਰਾ ਦਾ ਇਕ ਮਹੱਤਵਪੂਰਨ ਅੰਗ ਬਣੀਆਂ ਰਹੀਆਂ। ਆਪ ਦੀ ਭਗਤੀ ਕਾਵਿ ਪਰੰਪਰਾ ਨੂੰ ਦੇਣ ਸੰਬੰਧੀ ਡਾ. ਰੈਨਾਡੇ ਲਿਖਦੇ ਹਨ, ਭਗਤ ਨਾਮਦੇਵ ਅਤੇ ਉਨ੍ਹਾਂ ਦੇ ਸਮਕਾਲੀ ਸੰਤ-ਕਵੀਆਂ ਨੇ ਦਾਰਸ਼ਨਿਕ ਵਿਚਾਰਧਾਰਾ ਵਿਚ ਅਜਿਹੀਆਂ ਵਿਸ਼ੇਸ਼ਤਾਵਾਂ ਪੈਦਾ ਕੀਤੀਆਂ ਜੋ ਨਾ ਪੂਰਵ-ਵਰਤੀ ਚਿੰਤਕਾਂ ਅਤੇ ਰਹੱਸਵਾਦੀਆਂ ਕੋਲ ਸਨ ਅਤੇ ਨਾ ਪਿਛਲਿਆਂ ਵਿਚ ਆ ਸਕੀਆਂ। ਭਗਤੀ ਕਾਵਿ ਦੀ ਸਮੁੱਚੀ ਪਰੰਪਰਾ ਵਿਚ ਨਾਮਦੇਵ ਜੀ ਨੂੰ ਇਕ ਸ਼ਿਰੋਮਣੀ ਭਗਤ ਅਤੇ ਮਹਾਨ ਕਵੀ ਦੇ ਰੂਪ ਵਿਚ ਸਵੀਕ੍ਰਿਤੀ ਮਿਲੀ ਹੋਈ ਹੈ।

## ਯਾਦ ਰੱਖਣਯੋਗ ਗੱਲਾਂ

ਭਗਤ ਨਾਮਦੇਵ

ਮਹਾਰਾਸ਼ਟਰ ਦੇ ਰਹਿਣ ਵਾਲੇ

ਪ੍ਰਸਿੱਧ ਸੰਤ ਕਵੀ

ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ

ਪਰਮਾਤਮਾ ਦੀ ਉਪਾਸਨਾ, ਸੰਗਤ ਦਾ ਮਹੱਤਵ, ਸੱਚੇ ਗੁਰੂ ਦੀ ਲੋੜ, ਮਾਇਆ ਦਾ ਤਿਆਗ, ਪਰਮਾਤਮਾ ਦੀ ਕ੍ਰਿਪਾ, ਕਰਮਕਾਂਡ ਦੀ ਨਿਹਫਲਤਾ, ਜਾਤ-ਪਾਤ ਦਾ ਖੰਡਨ ਆਦਿ ਰਚਨਾਂ ਦੇ ਪ੍ਰਮੁੱਖ ਵਿਸ਼ੇ।

## ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਕਲਿਤ ਭਗਤ ਨਾਮਦੇਵ ਦੇ ਸ਼ਬਦਾਂ ਦਾ ਵਿਸ਼ਾ-ਵਸਤੂ

### 1.3.3.1 ਏਕ ਅਨੇਕ ਵਿਆਪਕ ਪੂਰਕ

ਰਾਗ ਆਸਾ ਵਿਚ ਉਚਾਰੇ ਗਏ ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਪਰਮਾਤਮਾ ਦੀ ਸਰਵਸ਼ਕਤੀਮਾਨਤਾ ਅਤੇ ਸ੍ਰਿਸ਼ਟੀ ਵਿਚ ਸਮਾਏ ਰਹਿਣ ਵਾਲੇ ਸਰੂਪ ਬਾਰੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਸ੍ਰਿਸ਼ਟੀ ਦੇ ਹਰ ਇਕ ਰੂਪ ਵਿਚ ਪਰਮਾਤਮਾ ਮੌਜੂਦ ਹੈ। ਜਿਸ ਪਾਸੇ ਵੀ ਦੇਖੋ, ਉਸੇ ਦੀ ਝਲਕ ਪਵੇਗੀ। ਜਿਵੇਂ ਕਿਸੇ ਵੱਡੀ ਮਾਲਾ ਵਿਚ ਭਾਵੇਂ ਸੱਤਰ ਹਜ਼ਾਰ ਮਣਕੇ ਹੋਣ ਪਰੰਤੂ ਮਾਲਾ ਦਾ ਧਾਗਾ ਕੇਵਲ ਇਕ ਹੀ ਹੁੰਦਾ ਹੈ, ਇਸੇ ਤਰ੍ਹਾਂ ਸ੍ਰਿਸ਼ਟੀ ਦੇ ਅਰਬਾਂ-ਖਰਬਾਂ ਜੀਵਾਂ ਵਿਚ ਉਸੇ ਪਰਮਾਤਮਾ ਦਾ ਨਿਵਾਸ ਹੈ। ਜਿਵੇਂ ਪਾਣੀ ਵਿਚੋਂ ਪੈਦਾ ਹੋਣ ਵਾਲੀ ਲਹਿਰ ਅਤੇ ਝੱਗ ਦਾ ਬੁਲਬੁਲਾ ਪਾਣੀ ਤੋਂ ਵੱਖਰੀ ਹੈਸੀਅਤ ਨਹੀਂ ਰੱਖਦੇ, ਇਸੇ ਤਰ੍ਹਾਂ ਸਮੁੱਚੀ ਸ੍ਰਿਸ਼ਟੀ ਉਸੇ ਪਰਮਾਤਮਾ ਦਾ ਹੀ ਇਕ ਰੂਪ ਹੈ। ਅਗਿਆਨੀ ਹੋਣ ਕਾਰਨ ਕਈ ਲੋਕ ਸ੍ਰਿਸ਼ਟੀ ਅਤੇ ਪਰਮਾਤਮਾ ਨੂੰ ਵੱਖ-ਵੱਖ ਸਮਝਣ ਦੀ ਭੁੱਲ ਕਰ ਬੈਠਦੇ ਹਨ ਪਰੰਤੂ ਜਿਵੇਂ ਹੀ ਵਿਅਕਤੀ ਨੂੰ ਸੱਚਾ ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਸ ਨੂੰ ਸ੍ਰਿਸ਼ਟੀ ਦੀ ਸਾਰੀ ਹਕੀਕਤ ਸਮਝ ਵਿਚ ਆ ਜਾਂਦੀ ਹੈ। ਇਸ ਤਰ੍ਹਾਂ ਇਸ ਸ਼ਬਦ ਵਿਚ ਨਾਮਦੇਵ ਜੀ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਸਿਰਜਕ, ਸੰਚਾਲਕ ਅਤੇ ਅਭਿੰਨ ਅੰਗ ਮੰਨਦੇ ਹਨ।

### 1.3.3.2. ਆਨੀਲੇ ਕੁੰਭ ਭਰਾਈਲੇ ਊਦਕ

ਇਸ ਸ਼ਬਦ ਵਿਚ ਨਾਮਦੇਵ ਜੀ ਕਰਮ-ਕਾਂਡਾਂ ਦੀ ਨਿਹਫਲਤਾ ਵੱਲ ਸੰਕੇਤ ਕਰਦੇ ਹਨ। ਆਪ ਫੁਰਮਾਉਂਦੇ ਹਨ ਕਿ ਜੇ ਅਸੀਂ ਪਾਣੀ ਦਾ ਘੜਾ ਲਿਆ ਕੇ ਠਾਕਰ ਨੂੰ ਇਸ਼ਨਾਨ ਕਰਵਾ ਕੇ ਪਵਿੱਤਰ ਕਰਦੇ ਹਾਂ ਤਾਂ ਪਾਣੀ ਵਿਚ

ਤਾਂ ਪਹਿਲਾਂ ਹੀ ਬਿਆਲੀ ਲੱਖ ਜੀਵ ਵੱਸਦੇ ਹਨ। ਫਿਰ ਇਹ ਪਾਣੀ ਪਵਿੱਤਰ ਕਿਵੇਂ ਰਿਹਾ? ਅਸਲ ਵਿਚ ਪਰਮਾਤਮਾ (ਠਾਕਰ) ਪ੍ਰਕ੍ਰਿਤੀ ਤੋਂ ਵੱਖ ਨਹੀਂ ਹੈ। ਕਰਮ-ਕਾਂਡ ਉਸ ਲਈ ਕੋਈ ਅਰਥ ਨਹੀਂ ਰੱਖਦੇ।

ਇਸੇ ਤਰ੍ਹਾਂ ਜੋ ਅਸੀਂ ਫੁੱਲ ਲਿਆ ਕੇ ਠਾਕਰ ਦੇ ਗਲ ਵਿਚ ਪਾਈਏ ਤਾਂ ਇਨ੍ਹਾਂ ਫੁਲਾਂ ਦੀ ਵਾਸ਼ਨਾਂ ਵੀ ਭੌਰਿਆਂ ਨੇ ਪਹਿਲਾਂ ਹੀ ਜੂਠੀ ਕੀਤੀ ਹੋਈ ਹੈ, ਉਨ੍ਹਾਂ ਵਿਚ ਵੀ ਉਹੀ ਠਾਕਰ ਵੱਸਦਾ ਹੈ। ਜੇ ਅਸੀਂ ਠਾਕਰ ਨੂੰ ਭੋਗ ਲਵਾਉਣ ਲਈ ਦੁੱਧ ਦੀ ਬਣੀ ਖੀਰ ਤਿਆਰ ਕਰਦੇ ਹਾਂ ਤਾਂ ਇਸ ਦੁੱਧ ਨੂੰ ਵੀ ਵੱਛੇ ਨੇ ਜੂਠਾ ਕੀਤਾ ਹੋਇਆ ਹੈ। ਉਸ ਵੱਛੇ ਵਿਚ ਵੀ ਪਰਮਾਤਮਾ ਦਾ ਨਿਵਾਸ ਹੈ। ਨਾਮਦੇਵ ਜੀ ਸਮਝਾਉਂਦੇ ਹਨ ਕਿ ਪਰਮਾਤਮਾ ਬੁੱਤਾਂ ਜਾਂ ਮੂਰਤੀਆਂ ਵਿਚ ਨਹੀਂ ਵੱਸਦਾ। ਉਸ ਦਾ ਨਿਵਾਸ ਸਮੁੱਚੀ ਸ੍ਰਿਸ਼ਟੀ ਵਿੱਚ ਹੈ। ਇਸ ਲਈ ਕਰਮ-ਕਾਂਡਾਂ ਦਾ ਕੋਈ ਲਾਭ ਨਹੀਂ।

## 1.3.3.3. ਸਾਪ ਕੁੰਚ ਛੋਡੈ ਬਿਖ ਨਹੀਂ ਛਾਡੈ

ਇਸ ਸ਼ਬਦ ਵਿਚ ਨਾਮਦੇਵ ਜੀ ਮਨ ਦੀ ਸ਼ੁੱਧੀ ਉਤੇ ਜ਼ੋਰ ਦਿੰਦੇ ਹਨ। ਆਪ ਦਾ ਕਥਨ ਹੈ ਕਿ ਮਨ ਦੀ ਸ਼ੁੱਧੀ ਤੋਂ ਬਿਨਾਂ ਸਾਰੇ ਜਪ-ਤਪ ਵਿਅਰਥ ਹਨ। ਸੱਪ ਆਪਣੀ ਕੁੰਜ ਤਾਂ ਉਤਾਰ ਦਿੰਦਾ ਹੈ, ਪਰ ਜ਼ਹਿਰ ਨਹੀਂ ਛੱਡਦਾ। ਜਲ ਵਿਚ ਬੈਠਾ ਬਗਲਾ ਮੱਛੀ ਵਿਚ ਧਿਆਨ ਲਗਾ ਕੇ ਬੈਠਾ ਹੁੰਦਾ ਹੈ। ਜੋ ਵਿਅਕਤੀ ਦੂਜਿਆਂ ਉਤੇ ਜੁਲਮ ਕਰਕੇ ਉਪਜੀਵਕਾ ਕਮਾਉਂਦਾ ਹੈ ਉਹ ਆਪਣੇ ਆਪ ਵਿਚ ਭਾਵੇਂ ਕਿੱਡਾ ਧਰਮੀ-ਕਰਮੀ ਹੋਣ ਦਾ ਦਾਅਵਾ ਪਿਆ ਕਰੇ ਪਰ ਅਸਲ ਵਿਚ ਉਹ ਠੱਗਾਂ ਦਾ ਠੱਗ ਹੀ ਹੁੰਦਾ ਹੈ। ਉਸ ਦਾ ਜੀਵਨ ਕਦੇ ਵੀ ਸਫ਼ਲ ਨਹੀਂ ਹੋ ਸਕਦਾ। ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਵਿਅਰਥ ਕਿਸਮ ਦੇ ਵਾਦ-ਵਿਵਾਦ ਵਿਚ ਪੈਣ ਦਾ ਕੋਈ ਲਾਭ ਨਹੀਂ। ਰਾਮ-ਨਾਮ ਦਾ ਅੰਮ੍ਰਿਤ ਪੀਉ। ਇਹੀ ਪਰਮਾਤਮਾ ਦੀ ਪ੍ਰਾਪਤੀ ਦਾ ਇਕੋ ਇਕ ਮਾਰਗ ਹੈ।

## 1.3.3.4. ਜੋ ਰਾਜ ਦੇਹਿ ਤ ਕਵਨ ਬਡਾਈ

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਪਰਮਾਤਮਾ ਪ੍ਰਤੀ ਆਪਣੇ ਅਕੱਟ ਪ੍ਰੇਮ ਅਤੇ ਸਮਰਪਣ-ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਆਪ ਅਨੁਸਾਰ ਜੇ ਪਰਮਾਤਮਾ ਉਨ੍ਹਾਂ ਨੂੰ ਬਾਦਸ਼ਾਹ ਵੀ ਬਣਾ ਦੇਵੇ ਤਾਂ ਉਹ ਆਪਣੀ ਕੋਈ ਵਡਿਆਈ ਨਹੀਂ ਸਮਝਣਗੇ। ਇਸੇ ਤਰ੍ਹਾਂ ਜੇ ਉਹ ਭਗਤ ਜੀ ਨੂੰ ਭਿਖਾਰੀ ਬਣਾ ਦੇਵੇ ਤਾਂ ਇਸ ਵਿਚ ਉਨ੍ਹਾਂ ਦੀ ਕੋਈ ਬੇਇਜ਼ਤੀ ਨਹੀਂ ਹੋਵੇਗੀ। ਦੁਨਿਆਵੀ ਪ੍ਰਾਪਤੀਆਂ-ਅਪ੍ਰਾਪਤੀਆਂ ਅਰਥਹੀਣ ਹਨ। ਇਸ ਲਈ ਵਿਅਕਤੀ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਮੁਕਤੀ ਪ੍ਰਾਪਤ ਹੋਵੇ ਗੀ ਅਤੇ ਜਨਮ'ਮਰਨ ਦਾ ਬੰਧਨ ਕੱਟਿਆ ਜਾਵੇਗਾ। ਉਸੇ ਪਰਮਾਤਮਾ ਨੇ ਹੀ ਸਾਰੇ ਜੀਵਾਂ ਨੂੰ ਪੈਦਾ ਕੀਤਾ ਹੈ ਅਤੇ ਆਪ ਹੀ ਉਸ ਨੇ ਜੀਵਾਂ ਨੂੰ ਮਾਇਆ ਦੇ ਭਰਮ'ਭੁਲੇਖਿਆਂ ਵਿਚ ਪਾਇਆ ਹੋਇਆ ਹੈ। ਪਰ ਜਿਸ ਨੂੰ ਉਹ ਬੁੱਧ'ਵਿਵੇਕ ਪ੍ਰਦਾਨ ਕਰਦਾ ਹੈ, ਉਸ ਦੇ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਜੇ ਸਤਿਗੁਰੂ ਮਿਲ ਜਾਵੇ ਤਾਂ ਸਾਰੇ ਸੰਸੇ ਖਤਮ ਹੋ ਜਾਂਦੇ ਹਨ। ਅਗਿਆਨੀ ਅਤੇ ਕਰਮ'ਕਾਂਡੀ ਲੋਕ ਇਕ ਪੱਥਰ ਨੂੰ ਠਾਕਰ ਜਾਣਕੇ ਉਸ ਦੀ ਪੂਜਾ ਕਰਦੇ ਹਨ ਅਤੇ ਦੂਜੇ ਨੂੰ ਪੈਰਾਂ ਦੀ ਠੋਕਰ ਮਾਰਦੇ ਹਨ। ਨਾਮਦੇਵ ਜੀ ਕਹਿੰਦੇ ਹਨ ਕਿ ਸਾਰੇ ਕਰਮ-ਕਾਂਡ ਛੱਡ ਕੇ ਪਰਮਾਤਮਾ ਦੀ ਭਗਤੀ ਵਿੱਚ ਲੱਗ ਜਾਣਾ ਚਾਹੀਦਾ ਹੈ।

## 1.3.3.5. ਗਹਰੀ ਕਰਕੇ ਨੀਵ ਖੁਦਾਈ

ਇਸ ਸ਼ਬਦ ਵਿੱਚ ਭਗਤ ਨਾਮਦੇਵ ਜੀ ਯਾਦ ਕਰਵਾਉਂਦੇ ਹਨ ਕਿ ਮਨੁੱਖ ਦਾ ਸਰੀਰ ਨਾਸ਼ਵਾਨ ਹੈ। ਇਸ ਉੱਤੇ ਮਾਨ-ਅਭਿਮਾਨ ਕਰਨ ਨਾਲ ਕੀ ਹੋਵੇਗਾ ? ਇਹ ਸਰੀਰ ਨਾਲ ਨਹੀਂ ਜਾਵੇਗਾ। ਇਸ ਤਰ੍ਹਾਂ ਅਗਿਆਨੀ ਲੋਕ ਦੁਨੀਆਂ ਵਿੱਚ ਰਹਿਣ ਵਾਸਤੇ ਬੜੇ ਪੱਕੇ ਟਿਕਾਣੇ ਬਣਾਉਣ ਲੱਗ ਪੈਦੇ ਹਨ। ਡੂੰਘੀਆਂ ਨੀਹਾਂ ਪੁੱਟ ਕੇ ਉੱਪਰ ਮੰਡਪ ਉਸਾਰਦੇ ਰਹਿੰਦੇ ਹਨ। ਜ਼ਰਾਂ ਸੋਚੋ ਮਾਰਕੰਡੇਯ ਰਿਸ਼ੀ ਦੀ ਕਿੰਨੀ ਉਮਰ ਸੀ। ਪਰ ਉਸ ਨੇ ਅਜਿਹਾ ਕੁੱਝ ਵੀ ਨਹੀਂ ਕੀਤਾ। ਜਦੋਂ ਬਾਰਿਸ਼ ਹੁੰਦੀ ਸਰੀਰ ਉਪਰ ਕੁੱਝ ਤਿਣਕੇ ਰੱਖ ਲੈਂਦਾ। ਪੁੱਛਣ ਤੇ ਕਹਿੰਦਾ ਸੀ ਕਿ ਇਸ ਨਾਸ਼ਵਾਨ ਸਰੀਰ ਲਈ ਕੌਣ ਛੱਪਰ ਦਾ ਪ੍ਰਬੰਧ ਕਰੇ।

ਕੌਰਵ ਭਰਾ ਮੇਰੀ-ਮੇਰੀ ਕਰਦੇ ਥਕਦੇ ਨਹੀਂ ਸਨ। ਉਨ੍ਹਾਂ ਦੀ ਫ਼ੌਜ ਦੀ ਲੰਬਾਈ 48 ਕੋਹਾਂ ਤੱਕ ਫੈਲੀ ਹੋਈ ਸੀ। ਪਰ ਅੰਤ ਸਮੇਂ ਉਨ੍ਹਾਂ ਦੀਆਂ ਲਾਸ਼ਾਂ ਸਾਂਭਣ ਵਾਲਾ ਵੀ ਕੋਈ ਨਹੀਂ ਸੀ। ਇਹ ਵੀ ਗਿਰਝਾਂ ਨੇ ਖਾਧੀਆਂ। ਇਸੇ ਤਰ੍ਹਾਂ ਰਾਵਣ ਨੂੰ ਵੇਖੋ। ਕਿੰਨਾ ਵੱਡਾ ਚਕਵਰਤੀ ਸਮਰਾਟ ਸੀ। ਸਾਰੀ ਲੰਕਾਂ ਸੋਨੇ ਦੀ ਬਣੀ ਹੋਈ ਸੀ। ਪਰ ਇੱਕ ਛਿਣ ਵਿਚ ਹੀ ਸਭ ਕੁੱਝ ਪਰਾਇਆ ਹੋ ਗਿਆ। ਯਾਦਵਾਂ ਨੇ ਇਕ ਵਾਰ ਦੁਰਭਾਸ਼ਾ ਰਿਸ਼ੀ ਨਾਲ ਮਖੌਲ ਕੀਤਾ। ਉਸ ਨੇ ਸਰਾਪ ਦੇ ਦਿੱਤਾ। ਅੰਤ ਉਸੇ ਦੇ ਸਰਾਪ ਨਾਲ ਸਾਰੇ ਯਾਦਵਾਂ ਦਾ ਵਿਨਾਸ਼ ਹੋ ਗਿਆ। ਨਾਮਦੇਵ ਜੀ ਕਹਿੰਦੇ ਹਨ ਕਿ ਮਨੁੱਖੀ ਜੀਵਨ ਛਿਣ-ਭੰਗਰ ਹੈ। ਇਸ ਉੱਤੇ ਅਭਿਮਾਨ ਨਹੀਂ ਕਰਨਾ ਚਾਹੀਦਾ। ਜਿਹੜਾ ਆਦਮੀ ਜੀਵਨ ਦੀ ਨਾਸ਼ਮਾਨਤਾ ਨੂੰ ਸਮਝ ਕੇ ਹਰਿ ਚਰਨਾਂ ਨਾਲ ਜੁੜ ਜਾਂਦਾ ਹੈ, ਉਸ ਦਾ ਜੀਵਨ ਸਫ਼ਲ ਹੈ।

### 1.3.3.6 ਪਹਿਲੇ ਪੁਰੀਏ ਪੁੰਡਰਕ ਵਨਾ

ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਇਹ ਸੰਸਾਰ-ਸਮੁੰਦਰ ਉਸੇ ਪਰਮਾਤਮਾ ਦੀ ਲੀਲ੍ਹਾ ਹੈ। ਉਹ ਆਪ ਹੀ ਇਸ ਸੰਸਾਰ ਵਿਚ ਕੌਤਕ ਰਚ ਰਿਹਾ ਹੈ। ਸਭ ਤੋਂ ਪਹਿਲਾਂ ਕੰਵਲ ਦੇ ਫੁੱਲ ਤੋਂ ਵਿਸ਼ਨੂੰ ਦਾ ਜਨਮ ਹੋਇਆ। ਫਿਰ ਹੰਸ ਦੀ ਸਵਾਰੀ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ ਅਤੇ ਉਸ ਤੋਂ ਬਾਅਦ ਸ੍ਰਿਸ਼ਟੀ ਹੋਂਦ ਵਿਚ ਆਈ। ਇੰਦਰੀਆਂ ਇਸ ਸੰਸਾਰ ਦੇ ਤਮਾਸ਼ੇ ਵਿਚ ਰੁਝ ਜਾਂਦੀਆਂ ਹਨ। ਪਰ ਜੇ ਆਤਮਾ ਨਾ ਹੋਵੇ ਤਾਂ ਇਹ ਇੰਦਰੀਆਂ ਕੀ ਕਰ ਸਕਦੀਆਂ ਹਨ। ਸਭ ਜੀਵਾਂ ਵਿਚ ਉਹੀ ਪਰਮਾਤਮਾ ਵਿਆਪਤ ਹੈ। ਨਾਮਦੇਵ ਜੀ ਕਹਿੰਦੇ ਹਨ ਕਿ ਉਸ ਸੰਸਾਰ ਤੋਂ ਉਪਰਾਮ ਹੋ ਗਏ ਹਨ। ਮੁਕਤੀ ਲਈ ਉਹ ਪਰਮਾਤਮਾ ਦੇ ਦੁਆਰ ਤੇ ਆ ਪਹੁੰਚੇ ਹਨ ਅਤੇ ਮੁਕਤੀ ਦੀ ਯਾਚਨਾ ਕਰਦੇ ਹਨ।

### 1.3.3.7. ਮੈਂ ਅੰਧੁਲੇ ਕੀ ਟੇਕ

ਰਾਗ ਤਿਲੰਗ ਵਿਚ ਲਿਖੇ ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਉਨ੍ਹਾਂ ਨੂੰ ਪਰਮਾਤਮਾ ਦੇ ਨਾਮ ਦਾ ਹੀ ਆਸਰਾ ਹੈ। ਜੇ ਇਹ ਆਸਰਾ ਪ੍ਰਾਪਤ ਹੋ ਜਾਵੇ ਤਾਂ ਉਨ੍ਹਾਂ ਦਾ ਜੀਵਨ ਸਫ਼ਲ ਹੋ ਜਾਵੇਗਾ। ਉਹ ਪਰਮਾਤਮਾ ਬੜਾ ਮਿਹਰਬਾਨ ਹੈ, ਸਭ ਦਾ ਮਾਲਕ ਹੈ ਅਤੇ ਉਸ ਦੇ ਭੰਡਾਰ ਸਦਾ ਭਰਪੂਰ ਰਹਿੰਦੇ ਹਨ। ਉਸ ਦੇ ਸਾਹਮਣੇ ਕਿਸੇ ਪ੍ਰਕਾਰ ਦਾ ਅਭਿਮਾਨ ਕਰਨਾ ਮੂਰਖਤਾ ਹੈ। ਉਹ ਪਰਮਾਤਮਾ ਅਮੀਰ ਤੇ ਗਰੀਬ ਸਭ ਨੂੰ ਦਾਤਾਂ ਦੇਣ ਵਾਲਾ ਹੈ। ਉਹੀ ਇਕੋ-ਇਕ ਸ਼ਾਹੂਕਾਰ ਹੈ ਅਤੇ ਉਸ ਦੇ ਬਿਨਾਂ ਦੂਜਾ ਕੋਈ ਹੋਰ ਨਹੀਂ ਹੈ। ਪਰਮਾਤਮਾ ਦੂਰ-ਅੰਦੇਸ਼ ਹੈ, ਪਰਮ ਬੁੱਧੀਮਾਨ ਹੈ। ਭਗਤ ਨਾਮਦੇਵ ਉਸ ਦੇ ਕਿਹੜੇ-ਕਿਹੜੇ ਗੁਣਾਂ ਦਾ ਨਾਮ ਲੈਣ। ਆਪ ਬੇਨਤੀ ਕਰਦੇ ਹਨ ਕਿ ਮੈਨੂੰ ਬਖਸ਼ ਲਉ ਅਤੇ ਆਪਣੇ ਚਰਨਾਂ ਨਾਲ ਮਿਲਾ ਲਵੋ।

### 1.3.3.8. ਸਫਲ ਜੀਵਨ ਮੋਕਉ ਗੁਰ ਕੀਨਾ

ਬਿਲਾਵਲ ਰਾਗ ਵਿਚ ਰਚੇ ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਸਚੇ ਸਤਿਗੁਰੂ ਨਾਲ ਮੇਲ ਹੋਣ ਕਰਕੇ ਉਨ੍ਹਾਂ ਦਾ ਜੀਵਨ ਸਫ਼ਲ ਹੋ ਗਿਆ ਹੈ। ਉਨ੍ਹਾਂ ਦੇ ਦੁਖ ਸਮਾਪਤ ਹੋ ਗਏ ਹਨ ਅਤੇ ਸਰਬ-ਸੁਖਾਂ ਦੇ ਦਰਵਾਜ਼ੇ ਉਨ੍ਹਾਂ ਲਈ ਖੁਲ੍ਹ ਗਏ ਹਨ। ਗੁਰੂ ਦੁਆਰਾ ਪ੍ਰਾਪਤ ਹੋਈ ਗਿਆਨ-ਦ੍ਰਿਸ਼ਟੀ ਨਾਲ ਉਨ੍ਹਾਂ ਨੂੰ ਇਸ ਗੱਲ ਦਾ ਬੋਧ ਹੋ ਗਿਆ ਹੈ ਕਿ ਰਾਮ-ਨਾਮ ਦੇ ਸਿਮਰਨ ਤੋਂ ਬਿਨਾਂ ਇਹ ਜੀਵਨ ਵਿਅਰਥ ਹੈ। ਨਾਮਦੇਵ ਜੀ ਨੇ ਸਿਮਰਨ ਦੁਆਰਾ ਪਰਮਾਤਮਾ ਨੂੰ ਪਹਿਚਾਣ ਲਿਆ ਹੈ। ਇਸ ਤਰ੍ਹਾਂ ਸਮੁੱਚੇ ਜਗਤ ਨੂੰ ਜੀਵਨ ਦਾਨ ਦੇਣ ਵਾਲੇ ਪਰਮਾਤਮਾ ਵਿਚ ਉਨ੍ਹਾਂ ਦੀ ਆਤਮਾ ਸਮਾ ਗਈ ਹੈ। ਹੁਣ ਉਨ੍ਹਾਂ ਨੂੰ ਕੋਈ ਚਿੰਤਾ ਜਾਂ ਦੁੱਖ ਨਹੀਂ ਰਿਹਾ।

### 1.3.3.9. ਮੋਕਓ ਤਾਰਿ ਲੇ ਰਾਮਾ

ਗੌਂਡ ਰਾਗ ਵਿਚ ਉਚਾਰੇ ਇਸ ਸ਼ਬਦ ਵਿਚ ਨਾਮਦੇਵ ਜੀ ਪਰਮਾਤਮਾ ਨੂੰ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਾਉਣ ਦੀ ਬੇਨਤੀ ਕਰਦੇ ਹਨ। ਆਪ ਕਹਿੰਦੇ ਹਨ ਕਿ ਅਗਿਆਨੀ ਹੋਣ ਕਰਕੇ ਮੈਨੂੰ ਮੁਕਤੀ ਦੀ ਵਿਧੀ ਬਾਰੇ ਕੁਝ ਵੀ ਪਤਾ ਨਹੀਂ। ਹੇ ਪਰਮਾਤਮਾ ' ਤੂੰ ਆਪ ਹੀ ਬਾਹਾਂ ਦਾ ਸਹਾਰਾ ਦੇ ਕੇ ਮੈਨੂੰ ਡੁੱਬਣ ਤੋਂ ਬਚਾ ਲੈ। ਜਿਸ

ਵਿਅਕਤੀ ਉਪਰ ਪਰਮਾਤਮਾ ਦੀ ਕ੍ਰਿਪਾ ਹੋ ਜਾਵੇ ਤਾਂ ਉਹ ਇਕ ਪਲ ਵਿਚ ਹੀ ਸਾਧਾਰਨ ਇਨਸਾਨ ਤੋਂ ਦੇਵਤਾ ਬਣ ਸਕਦਾ ਹੈ। ਉਸ ਦੇ ਸੰਸਕਾਰ ਅਤੇ ਕਰਮ ਸਤਿਗੁਰ ਦੀ ਅਗਵਾਈ ਨਾਲ ਪੂਰੀ ਤਰ੍ਹਾਂ ਬਦਲ ਸਕਦੇ ਹਨ।

ਨਾਮਦੇਵ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਾਰਦ ਮੁਨੀ ਤੋਂ ਉਪਦੇਸ਼ ਲੈ ਕੇ ਧਰੂ ਭਗਤ ਦਾ ਕਲਿਆਣ ਹੋ ਗਿਆ ਸੀ ਅਤੇ ਉਸ ਨੇ ਇਕ ਸਾਧਾਰਣ ਬਾਲਕ ਤੋਂ ਦੇਵਤਿਆਂ ਵਰਗੀ ਉਤਮ ਪਦਵੀ ਪ੍ਰਾਪਤ ਕਰ ਲਈ ਸੀ। ਇਸੇ ਤਰ੍ਹਾਂ ਉਹ ਵੀ ਪਰਮਾਤਮਾ ਤੋਂ ਭਗਤੀ ਦੀ ਦਾਤ ਮੰਗਦੇ ਹਨ। ਆਪ ਦਾ ਵਿਚਾਰ ਹੈ ਕਿ ਪਰਮਾਤਮਾ ਕਰਨ ਕਾਰਨ ਸਮਰੱਥ ਹੈ ਅਤੇ ਉਸੇ ਦੀ ਕ੍ਰਿਪਾ ਨਾਲ ਵਿਅਕਤੀ ਦਾ ਉਧਾਰ ਹੋ ਸਕਦਾ ਹੈ।

## 1.3.3.10. ਮੋਹਿ ਲਾਗਤੀ ਤਾਲਾ ਬੇਲੀ

ਇਸ ਸ਼ਬਦ ਵਿਚ ਨਾਮਦੇਵ ਜੀ ਨੇ ਪਰਮਾਤਮਾ ਦੇ ਵਿਛੋੜੇ ਵਿਚ ਆਪਣੀ ਵਿਆਕੁਲਤਾ ਦਾ ਇਕ ਚਿੱਤਰ ਪੇਸ਼ ਕੀਤਾ ਹੈ। ਆਪ ਅਨੁਸਾਰ ਪਰਮਾਤਮਾ ਤੋਂ ਵਿੱਛੜ ਕੇ ਉਨ੍ਹਾਂ ਦੀ ਸਥਿਤੀ ਇਹੋ ਜਿਹੀ ਹੋ ਗਈ ਹੈ ਜਿਵੇਂ ਇਕ ਗਾਂ ਦੀ ਆਪਣੇ ਵੱਛੇ ਨਾਲੋਂ ਨਿਖੜ ਕੇ ਹੁੰਦੀ ਹੈ। ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ ਇਵੇਂ ਨਾਮਦੇਵ ਜੀ ਰਾਮ-ਨਾਮ ਤੋਂ ਬਿਨਾਂ ਤੜਪ ਰਹੇ ਹਨ।

ਨਾਮਦੇਵ ਜੀ ਫੁਰਮਾਉਂਦੇ ਹਨ ਕਿ ਵੱਛੇ ਨੂੰ ਜਦੋਂ ਛੱਡਦੇ ਹਾਂ ਤਾਂ ਉਹ ਦੌੜ ਕੇ ਆਪਣੀ ਮਾਂ ਦੇ ਥਣਾਂ ਨੂੰ ਚੰਬੜ ਜਾਂਦਾ ਹੈ ਅਤੇ ਦੁੱਧ ਪੀ ਕੇ ਤ੍ਰਿਪਤ ਹੋ ਜਾਂਦਾ ਹੈ। ਇਸੇ ਤਰ੍ਹਾਂ ਨਾਮਦੇਵ ਜੀ ਨੇ ਵੀ ਨਾਰਾਇਣ ਨੂੰ ਪਾ ਲਿਆ ਹੈ ਅਤੇ ਗੁਰੂ ਨੇ ਉਨ੍ਹਾਂ ਦੀ ਪਰਮਾਤਮਾ ਨਾਲ ਮਿਲਣੀ ਕਰਵਾ ਦਿੱਤੀ ਹੈ। ਹੁਣ ਨਾਮਦੇਵ ਜੀ ਦੀ ਅਸ਼ਾਂਤੀ ਖਤਮ ਹੋ ਗਈ ਹੈ ਅਤੇ ਉਨ੍ਹਾਂ ਦੇ ਸਭ ਸ਼ੰਕੇ ਉੱਡ ਗਏ ਹਨ।

## 1.3.3.11. ਹਰਿ ਹਰਿ ਕਰਤ ਮਿਟੇ ਸਭ ਕਰਮਾ

ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦਾ ਨਾਮ ਸਿਮਰਨ ਕਰਨ ਨਾਲ ਸਾਰੇ ਵਹਿਮ ਭਰਮ ਮਿਟ ਜਾਂਦੇ ਹਨ। ਇਸ ਲਈ ਵਿਅਕਤੀ ਨੂੰ ਹਰਿਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਇਹੀ ਸਭ ਤੋਂ ਸ੍ਰੇਸ਼ਟ ਹੈ। ਹਰੀ ਦਾ ਨਾਮ ਲੈਣ ਵਾਲਾ ਵਿਅਕਤੀ ਜਾਤ ਅਤੇ ਕੁਲ ਦੇ ਬੰਧਨਾਂ ਤੋਂ ਉਪਰ ਉਠ ਜਾਂਦਾ ਹੈ। ਹਰੀ ਇਕ ਤਰ੍ਹਾਂ ਨਾਲ ਅੰਨ੍ਹੇ ਦੀ ਡੰਗੋਰੀ ਵਰਗਾ ਕੰਮ ਕਰਦਾ ਹੈ। ਨਾਮਦੇਵ ਜੀ ਅਜਿਹੇ ਹਰੀ ਨੂੰ ਨਮਸਕਾਰ ਕਰਦੇ ਹਨ ਕਿਉਂਕਿ ਉਸ ਦਾ ਨਾਮ ਲੈਣ ਨਾਲ ਜਮਦੂਤਾਂ ਦਾ ਡਰ ਖ਼ਤਮ ਹੋ ਜਾਂਦਾ ਹੈ।

ਹਰੀ ਦੀ ਮਹਿਮਾ ਅਪਰ-ਅਪਾਰ ਹੈ। ਉਸ ਨੇ ਹਰਨਾਕਸ਼ ਵਰਗੇ ਜ਼ਾਲਮ ਨੂੰ ਮਾਰ ਦਿੱਤਾ। ਅਜਾਮਲ ਦਾ ਉਧਾਰ ਕਰ ਦਿੱਤਾ। ਗਨਿਕਾ ਦੀ ਮੁਕਤੀ ਕਰ ਦਿੱਤੀ। ਹਰੀ ਦਾ ਨਾਮ ਲੈਣ ਕਰਕੇ ਪੂਤਨਾ ਵਰਗੀ ਰਾਖਸ਼ਣੀ ਦਾ ਪਾਰ ਉਤਾਰਾ ਹੋ ਗਿਆ। ਇਸੇ ਤਰ੍ਹਾਂ ਇੰਦਰ ਨਾਲ ਵਿਭਚਾਰ ਕਰਨ ਵਾਲੀ ਗੌਤਮ ਦੀ ਪਤਨੀ ਅਹੱਲਿਆ ਵੀ ਰਾਮ-ਨਾਮ ਲੈਣ ਕਰਕੇ ਮੁਕਤ ਹੋ ਗਈ। ਨਾਮਦੇਵ ਜੀ ਕਹਿੰਦੇ ਹਨ ਕਿ ਮੈਂ ਅਜਿਹੇ ਮੁਕਤੀਦਾਤਾ ਹਰੀ ਨੂੰ ਪ੍ਰਣਾਮ ਕਰਦਾ ਹਾਂ ਜਿਸ ਨੇ ਕ੍ਰਿਸ਼ਨ ਦੇ ਰੂਪ ਵਿਚ ਮਥਰਾ ਦੇ ਜ਼ਾਲਮ ਰਾਜੇ ਕੰਸ਼ ਨੂੰ ਖ਼ਤਮ ਕਰ ਦਿੱਤਾ ਸੀ। ਪਰਮਾਤਮਾ ਦਾ ਨਾਮ ਸਿਮਰਨ ਨਾਲ ਸਾਰੇ ਡਰ ਅਤੇ ਮੁਸੀਬਤਾਂ ਖ਼ਤਮ ਹੋ ਜਾਂਦੀਆਂ ਹਨ। ਇਸ ਲਈ ਉਸ ਦਾ ਸਿਮਰਨ ਹੀ ਇਨਸਾਨੀ ਜੀਵਨ ਦਾ ਪਰਮ ਮਨੋਰਥ ਹੈ।

## 1.3.3.12. ਭੈਰਉ ਭੂਤ ਸੀਤਲਾ ਧਾਵੈ

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਭੂਤਾਂ-ਪ੍ਰੇਤਾਂ ਅਤੇ ਦੇਵੀ-ਦੇਵਤਿਆਂ ਦੀ ਪੂਜਾ ਕਰਨ ਵਾਲੇ ਕਰਮ-ਕਾਂਡੀਆਂ ਨੂੰ ਸਹੀ ਮਾਰਗ ਦੀ ਸੋਝੀ ਕਰਵਾਉਂਦੇ ਹਨ। ਆਪ ਫੁਰਮਾਉਂਦੇ ਹਨ ਕਿ ਪੂਜਾ ਕਰਨ ਵਾਲਾ ਪੂਜਨੀਕ ਵਰਗਾ ਹੀ ਬਣ ਜਾਂਦਾ ਹੈ ਜਿਹੜੇ ਲੋਕ ਭੈਰਉ ਅਤੇ ਸੀਤਲਾ ਦੀ ਪੂਜਾ ਕਰਦੇ ਹਨ, ਉਹ ਭੂਤ ਬਣਨਗੇ ਜਾਂ ਖੋਤੇ ਬਣ ਕੇ ਸੁਆਹ ਉਡਾਉਣਗੇ ਕਿਉਂਕਿ ਸ਼ੀਤਲਾ ਮਾਤਾ ਦਾ ਵਾਹਣ ਖੋਤਾ ਹੈ। ਨਾਮਦੇਵ ਜੀ ਕਹਿੰਦੇ ਹਨ ਕਿ ਮੈਂ ਤਾਂ ਇਕ ਪਰਮਾਤਮਾ ਨੂੰ ਹੀ ਜਾਣਦਾ ਹਾਂ। ਸੋ ਦੁਨੀਆਂ ਦੇ ਸਾਰੇ ਦੇਵੀ ਦੇਵਤਿਆਂ ਨੂੰ ਛੱਡ ਕੇ ਉਸੇ ਦਾ ਆਸਰਾ

ਲਵਾਂਗਾ। ਜਿਹੜੇ ਲੋਕ ਸ਼ਿਵ-ਸ਼ਿਵ ਕਰਦੇ ਫਿਰ ਰਹੇ ਹਨ, ਉਹ ਬਲਦ ਉਤੇ ਚੜ੍ਹ ਕੇ ਡੌਰੂ ਵਜਾਉਂਦੇ ਫਿਰਨਗੇ, ਜਿਹੜੇ ਲੋਕ ਮਹਾਂ-ਮਾਈ ਦੇ ਨਾਮ ਦਾ ਢੰਡੋਰਾ ਦੇ ਰਹੇ ਹਨ, ਉਹ ਮਰਦ ਤੋਂ ਔਰਤ ਬਣ ਕੇ ਪੁਨਰ-ਜਨਮ ਲੈਣਗੇ। ਇਸੇ ਤਰ੍ਹਾਂ ਆਦਿ-ਭਵਾਨੀ ਦੀ ਪੂਜਾ ਕਰਨ ਵਾਲਿਆਂ ਤੋਂ ਕੋਈ ਪੁੱਛੇ ਕਿ ਮੁਕਤੀ ਦੇ ਣ ਵੇਲੇ ਉਨ੍ਹਾਂ ਦੀ ਇਹ ਭਵਾਨੀ ਕਿਥੇ ਜਾ ਛਿਪਦੀ ਹੈ। ਅੰਤ ਵਿਚ ਨਾਮਦੇਵ ਜੀ ਇਹੀ ਉਪਦੇਸ਼ ਦਿੰਦੇ ਹਨ ਕਿ ਰਾਮ-ਨਾਮ ਦਾ ਆਸਰਾ ਲਵੋ। ਇਸੇ ਵਿਚ ਤੁਹਾਡਾ ਕਲਿਆਣ ਹੈ।

## 1.3.3.13. ਆਨੀਲੇ ਕਾਗਦੁ ਕਾਟੀ ਲੇ ਗੂਡੀ

ਰਾਮਕਲੀ ਰਾਗ ਵਿਚ ਉਚਾਰੇ ਇਸ ਸ਼ਬਦ ਵਿਚ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦਾ ਸਿਮਰਨ ਕਰਨ ਵਾਸਤੇ ਦੁਨੀਆਂ ਛੱਡਣ ਦੀ ਕੋਈ ਲੋੜ ਨਹੀਂ ਬਲਕਿ ਦੁਨਿਆਵੀ ਕੰਮ ਧੰਦੇ ਕਰਦਾ ਹੋਇਆ ਵਿਅਕਤੀ ਵੀ ਪਰਮਾਤਮਾ ਦਾ ਸਿਮਰਨ ਕਰ ਸਕਦਾ ਹੈ। ਜਿਵੇਂ ਇਕ ਗੁੱਡੀ (ਪਤੰਗ) ਉਡਾਉਣ ਵਾਲਾ ਲੜਕਾ ਆਸਮਾਨ ਵਿਚ ਗੁੱਡੀ ਵੀ ਉਡਾਈ ਜਾਂਦਾ ਹੈ ਅਤੇ ਆਪਣੇ ਦੋਸਤਾਂ ਮਿੱਤਰਾਂ ਨਾਲ ਗੱਲਬਾਤ ਵੀ ਕਰਦਾ ਰਹਿੰਦਾ ਹੈ। ਇਹੀ ਗੱਲ ਪਰਮਾਤਮਾ ਦੇ ਸਿਮਰਨ ਬਾਰੇ ਹੈ। ਗਹਿਣੇ ਘੜਦਾ ਹੋਇਆ ਸੁਨਿਆਰ, ਪਾਣੀ ਭਰਦੀਆਂ ਹੋਈਆਂ ਮੁਟਿਆਰਾਂ ਅਤੇ ਪਸ਼ੂ ਚਰਾਉਂਦੇ ਚਰਵਾਹੇ ਸਭ ਇਸੇ ਤਰ੍ਹਾਂ ਕਰਦੇ ਹਨ। ਉਪਰੋਂ ਉਪਰੋਂ ਉਹ ਇਕ-ਦੂਜੇ ਨਾਲ ਗੱਲਾਂ ਵੀ ਕਰਦੇ ਰਹਿੰਦੇ ਹਨ ਪਰੰਤੂ ਉਨ੍ਹਾਂ ਦੀ ਇਕਾਗਰਤਾ ਆਪਣੇ-ਆਪਣੇ ਕੰਮ ਨਾਮ ਨਾਲ ਬਣੀ ਰਹਿੰਦੀ ਹੈ। ਨਾਮਦੇਵ ਜੀ ਦਾ ਕਥਨ ਹੈ ਕਿ ਦੁਨੀਆਵੀ ਕੰਮ-ਧੰਦੇ ਕਰਦੇ ਹੋਏ ਵੀ ਅਸੀਂ ਪਰਮਾਤਮਾ ਨਾਲ ਆਪਣੀ ਇਕਾਗਰਤਾ ਬਣਾਈ ਰੱਖ ਸਕਦੇ ਹਾਂ। ਉਸ ਨਾਲ ਸੰਬੰਧ ਜੋੜਨ ਵਾਸਤੇ ਜੰਗਲਾਂ ਵਿਚ ਭਟਕਣ ਦੀ ਕੋਈ ਜ਼ਰੂਰਤ ਨਹੀਂ।

## 5.3.14. ਬੇਦ ਪੁਰਾਨ ਸਾਸਤ੍ਰ ਆਨੰਤਾ

ਇਸ ਸ਼ਬਦ ਵਿਚ ਨਾਮਦੇਵ ਜੀ ਪਰਮਾਤਮਾ ਨਾਲ ਪ੍ਰੀਤ ਕਰਨ ਤੋਂ ਬਿਨਾਂ ਹੋਰ ਸਾਰੇ ਕਰਮ-ਕਾਂਡਾਂ ਨੂੰ ਮਿਥਿਆ ਦਰਸਾਉਂਦੇ ਹਨ। ਆਪ ਕਹਿੰਦੇ ਹਨ ਕਿ ਵੇਦਾਂ, ਪੁਰਾਣਾਂ ਅਤੇ ਸ਼ਾਸਤਰਾਂ ਵਿਚ ਲਿਖੇ ਮੰਤਰਾਂ ਦੀ ਤੋਤਾਰਟਣੀ ਦਾ ਕੋਈ ਨਾਭ ਨਹੀਂ ਹੈ। ਪਰਮਾਤਮਾ ਦੀ ਪ੍ਰੇਮਾਭਗਤੀ ਹੀ ਵਿਅਕਤੀ ਦੇ ਜੀਵਨ ਨੂੰ ਸਫ਼ਲ ਬਣਾ ਸਕਦੀ ਹੈ। ਇਸੇ ਤਰ੍ਹਾਂ ਆਪ ਯੋਗ-ਸਾਧਨਾ, ਤੀਰਥ-ਇਸ਼ਨਾਨ ਅਤੇ ਹੋਰ ਕਰਮ-ਕਾਂਡਾਂ ਨੂੰ ਵਿਅਰਥ ਸਿੱਧ ਕਰਦੇ ਹਨ। ਨਾਮਦੇਵ ਜੀ ਫੁਰਮਾਉਂਦੇ ਹਨ ਕਿ ਜਿਹੜੇ ਲੋਕ ਦੁਨੀਆਂ ਤੋਂ ਆਪਣੀ ਪ੍ਰਸੰਸਾਂ ਕਰਵਾਉਣ ਲਈ ਪਰਮਾਤਮਾ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਵੀ ਕੋਈ ਲਾਭ ਪ੍ਰਾਪਤ ਨਹੀਂ ਹੋਵੇਗਾ। ਪਰਮਾਤਮਾ ਦੀ ਅਨਿੰਨ ਭਗਤੀ ਹੀ ਵਿਅਕਤੀ ਦਾ ਪਾਰਉਤਾਰਾ ਕਰ ਸਕਦੀ ਹੈ।

## 1.3.3.15. ਮਾਇ ਨ ਹੋਤੀ ਬਾਪੁ ਨਾ ਹੋਤਾ

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਸ੍ਰਿਸ਼ਟੀ ਰਚਨਾ ਦੇ ਆਰੰਭ ਬਾਰੇ ਵਿਚਾਰ ਕਰ ਰਹੇ ਹਨ। ਆਪ ਅਨੁਸਾਰ ਜਦੋਂ ਮਾਂ ਨਹੀਂ ਸੀ, ਪਿਤਾ ਨਹੀਂ ਸੀ, ਕਰਤਾ ਨਹੀਂ ਸੀ, ਕਰਮ ਨਹੀਂ ਸੀ, ਮੈਂ ਨਹੀਂ ਸੀ, ਤੂੰ ਨਹੀਂ ਸੀ, ਉਸ ਸਮੇਂ ਪਹਿਲਾ ਮਨੁੱਖ ਕਿਵੇਂ ਪੈਦਾ ਹੋਇਆ ਹੋਵੇਗਾ? ਇਸੇ ਤਰ੍ਹਾਂ ਜਦੋਂ ਸੂਰਜ ਨਹੀਂ ਸੀ, ਚੰਦਰਮਾਂ ਨਹੀਂ ਸੀ, ਪੌਣ ਨਹੀਂ ਸੀ, ਪਾਣੀ ਨਹੀਂ ਸੀ, ਉਸ ਸਮੇਂ ਕਰਮ ਕਿਵੇਂ ਹੁੰਦੇ ਹੋਣਗੇ। ਨਾਮਦੇਵ ਜੀ ਕਹਿੰਦੇ ਹਨ ਕਿ ਅਜਿਹੇ ਵਿਅਰਥ ਪ੍ਰਸ਼ਨਾਂ ਵਿਚ ਉਲਝਣ ਦੀ ਥਾਂ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਪਰਮਾਤਮਾ ਦੇ ਸਰੂਪ ਬਾਰੇ ਸਹੀ ਜਾਣਕਾਰੀ ਸੱਚੇ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ। ਇਸ ਲਈ ਵਿਅਕਤੀ ਨੂੰ ਉਸ ਦੀ ਕਾਮਨਾ ਕਰਨੀ ਚਾਹੀਦੀ ਹੈ।

## 1.3.3.16. ਬਾਨਾਰਸੀ ਤਪ ਕਰੈ

ਇਸ ਸ਼ਬਦ ਵਿਚ ਨਾਮਦੇਵ ਜੀ ਨੇ ਕਰਮ-ਕਾਂਡ ਦੀ ਅਰਥਹੀਣਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਆਪ ਫੁਰਮਾਉਂਦੇ ਹਨ ਕਿ ਜੇ ਕੋਈ ਵਿਅਕਤੀ ਮੁਕਤੀ ਦੀ ਪ੍ਰਾਪਤੀ ਲਈ ਬਨਾਰਸ ਵਰਗੇ ਤੀਰਥਾਂ ਉਪਰ ਜਾ

ਕੇ ਤਪ ਕਰਦਾ ਹੈ ਤਾਂ ਇਹ ਸਭ ਨਿਰਾਰਥਕ ਹੈ। ਇਸੇ ਤਰ੍ਹਾਂ ਜੇ ਕੋਈ ਅਸ਼ਵਮੇਧ ਯੱਗ ਕਰਦਾ ਹੈ ਜਾਂ ਸੋਨਾ ਦਾਨ ਕਰਦਾ ਹੈ ਉਹ ਵੀ ਰਾਮ-ਨਾਮ ਲੈਣ ਵਾਲੇ ਭਗਤ ਦੇ ਬਰਾਬਰ ਨਹੀਂ ਪੁਜੱਦਾ। ਇਸ ਲਈ ਆਪ ਵਿਅਕਤੀ ਨੂੰ ਉਪਦੇਸ਼ ਦਿੰਦੇ ਹਨ ਕਿ ਉਹ ਪਾਖੰਡ ਛੱਡ ਦੇਵੇ ਅਤੇ ਨਿਤਾਪ੍ਰਤਿ ਹਰਿ ਦਾ ਨਾਮ ਲਵੇ। ਇਸੇ ਵਿਚ ਉਸ ਦੀ ਮੁਕਤੀ ਸੰਭਵ ਹੈ। ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਵਿਅਕਤੀ ਨੂੰ ਵਿਕਾਰਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਮਨ ਨੂੰ ਨਿਰਮਲ ਬਣਾ ਲੈਣਾ ਚਾਹੀਦਾ ਹੈ ਤਾਂ ਹੀ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਕਰਮ-ਕਾਂਡਾਂ ਵਿਚ ਕੁਝ ਨਹੀਂ ਪਿਆ।

## 1.3.3.17. ਚਾਰਿ ਮੁਕਤਿ ਚਾਰੈ ਸਿਧਿ

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦਾ ਨਾਮ ਜਪਣ ਨਾਲ ਹਰ ਕਿਸੇ ਦਾ ਪਾਰ-ਉਤਾਰਾ ਹੋ ਜਾਂਦਾ ਹੈ। ਜਿਸ ਨੂੰ ਸਤਿਗੁਰੂ ਨੇ ਉਪਦੇਸ਼ ਦਿੱਤਾ ਅਤੇ ਸਾਧੂ ਲੋਕਾਂ ਦੀ ਸੰਗਤ ਪ੍ਰਾਪਤ ਹੋ ਗਈ, ਉਹ ਵਿਅਕਤੀ ਸਾਰੀ ਦੁਨੀਆਂ ਵਿਚ ਭਗਤ ਦੇ ਨਾਮ ਨਾਲ ਉੱਘਾ ਹੋ ਜਾਂਦਾ ਹੈ। ਪਰਮਾਤਮਾ ਬਹੁਤ ਤੇਜੱਸਵੀ ਹੈ। ਉਸ ਦੇ ਹੱਥਾਂ ਵਿਚ ਚੱਕਰ ਅਤੇ ਸੰਖ ਸੋਭ ਰਹੇ ਹਨ, ਗਲ ਵਿਚ ਮਾਲਾ ਹੈ, ਮੱਥੇ ਤੇ ਤਿਲਕ ਹੈ। ਉਸ ਦਾ ਇਹ ਰੂਪ ਦੇਖ ਕੇ ਯਮਦੂਤ ਵੀ ਡਰ ਜਾਂਦੇ ਹਨ। ਪਰਮਾਤਮਾ ਦੇ ਇਸ ਤੇਜੱਸਵੀ ਰੂਪ ਕਾਰਨ ਭਗਤ ਜਨ ਨਿਰਭੈ ਹੋ ਕੇ ਦੁਨੀਆਂ ਵਿਚ ਵਿਚਰਦੇ ਰਹਿੰਦੇ ਹਨ। ਪਰਮਾਤਮਾ ਆਪਦੇ ਭਗਤਾਂ ਦੀ ਰਾਖੀ ਲਈ ਸਦਾ ਤਤਪਰ ਰਹਿੰਦਾ ਹੈ। ਪ੍ਰਹਿਲਾਦ ਦੀ ਰੱਖਿਆ ਲਈ ਉਹ ਨਰਸਿੰਘ ਦਾ ਰੂਪ ਧਾਰ ਕੇ ਪ੍ਰਗਟ ਹੋਇਆ। ਪ੍ਰਭੂ ਅਤੇ ਭਗਤ ਦੇ ਦਰਮਿਆਨ ਇਕ ਅਨੋਖਾ ਰਿਸ਼ਤਾ ਹੈ। ਪ੍ਰੇਮ ਦੇ ਇਸ ਰਿਸ਼ਤੇ ਵਿਚ ਪਰਮਾਤਮਾ ਤੇ ਭਗਤ ਇਕ ਦੁਵੱਲੀ ਖਿੱਚ ਵਿਚ ਬੱਝੇ ਰਹਿੰਦੇ ਹਨ।

## 1.3.3.18. ਪਰ ਧਨ ਪਰ ਦਾਰਾ ਪਰ ਹਰੀ

ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਜਿਸ ਵਿਅਕਤੀ ਨੇ ਪਰਾਏ ਧਨ ਅਤੇ ਪਰਾਈ ਇਸਤਰੀ ਦਾ ਤਿਆਗ ਕਰ ਦਿੱਤਾ, ਉਹ ਪਰਮਾਤਮਾ ਦੇ ਨਜ਼ਦੀਕ ਹੋ ਜਾਂਦਾ ਹੈ। ਜਿਹੜੇ ਲੋਕ ਪਰਮਾਤਮਾ ਦੀ ਭਗਤੀ ਨਹੀਂ ਕਰਦੇ, ਉਨ੍ਹਾਂ ਤੋਂ ਦੂਰ ਰਹੋ। ਉਨ੍ਹਾਂ ਦਾ ਮੱਥੇ ਲੱਗਣਾ ਵੀ ਚੰਗਾ ਨਹੀਂ ਹੈ। ਜਿਹੜੇ ਲੋਕ ਭੇਦ-ਭਾਵ ਕਰਦੇ ਹਨ ਉਹ ਪਸ਼ੂਆਂ ਦੇ ਸਮਾਨ ਹਨ। ਨਾਮਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਮਨੁੱਖ ਅਧੂਰਾ ਅਤੇ ਅਪੰਗ ਹੈ।

## 1.3.3.19. ਦੂਧ ਕਟੋਰੈ ਗਡਵੈ ਪਾਨੀ

ਇਸ ਸ਼ਬਦ ਦੇ ਆਧਾਰ ਤੇ ਇਕ ਸਾਖੀ ਵੀ ਬਣੀ ਹੋਈ ਹੈ। ਇਕ ਵਾਰ ਨਾਮਦੇਵ ਜੀ ਦੇ ਪਿਤਾ ਜੀ ਕਿਤੇ ਬਾਹਰ ਗਏ। ਜਾਣ ਲੱਗੇ ਕਹਿ ਗਏ ਕਿ ਉਨ੍ਹਾਂ ਦੀ ਗੈਰ-ਹਾਜਰੀ ਵਿਚ ਨਾਮਦੇਵ ਠਾਕਰ ਨੂੰ ਭੋਗ ਲਵਾ ਦੇਵੇ। ਨਾਮਦੇਵ ਜੀ ਅਜੇ ਬੱਚੇ ਹਨ। ਉਹ ਠਾਕਰ ਦੇ ਸਾਹਮਣੇ ਖੜੇ ਹੋ ਕੇ ਜ਼ਿਦ ਕਰਨ ਲਗੇ ਕਿ ਦੁੱਧ ਪੀ ਲਵੋ ਨਹੀਂ ਤਾਂ ਮੇਰਾ ਪਿਤਾ ਨਾਰਾਜ਼ ਹੋ ਜਾਵੇਗਾ। ਸਾਖੀ ਅਨੁਸਾਰ ਪਰਮਾਤਮਾ ਸਾਖਿਆਤ ਰੂਪ ਵਿਚ ਪ੍ਰਗਟ ਹੋਏ ਅਤੇ ਦੁੱਧ ਪੀ ਲਿਆ। ਇਸ ਸਾਖੀ ਦੇ ਮਾਧਿਅਮ ਅਨੁਸਾਰ ਨਾਮਦੇਵ ਜੀ ਇਹ ਦਰਸਾਉਣਾ ਲੋਚਦੇ ਹਨ ਕਿ ਭਗਤ ਅਤੇ ਭਗਵੰਤ ਇਕ ਹੁੰਦੇ ਹਨ ਅਤੇ ਭਗਤ ਦੀ ਕਿਸੇ ਵੀ ਇੱਛਾ ਨੂੰ ਭਗਵੰਤ ਠੁਕਰਾਉਂਦਾ ਨਹੀਂ ਹੈ।

## 1.3.3.20. ਜੈਸੇ ਭੂਖੇ ਪ੍ਰੀਤਿ ਅਨਾਜ

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਪਰਮਾਤਮਾ ਨਾਲ ਆਪਣੀ ਪ੍ਰੀਤ ਦਾ ਵਰਣਨ ਕਰਦੇ ਹਨ। ਆਪ ਫੁਰਮਾਉਂਦੇ ਹਨ ਕਿ ਜਿਵੇਂ ਇੱਕ ਭੁੱਖੇ ਨੂੰ ਅਨਾਜ਼ ਦੀ, ਪਿਆਸੇ ਨੂੰ ਪਾਣੀ ਦੀ ਅਤੇ ਇਕ ਦੁਨੀਆਦਾਰ ਵਿਅਕਤੀ ਨੂੰ ਆਪਣੇ ਪਰਿਵਾਰ ਨਾਲ ਪ੍ਰੇਮ ਹੁੰਦਾ ਹੈ, ਇਸੇ ਤਰ੍ਹਾਂ ਉਹ ਆਪਣੇ ਪਰਮਾਤਮਾ ਨੂੰ ਸੱਚੀ ਪ੍ਰੀਤੀ ਕਰਦੇ ਹਨ।

ਭਗਤ ਨਾਮਦੇਵ ਜੀ ਪਰਮਾਤਮਾ ਪ੍ਰਤੀ ਆਪਣੇ ਪ੍ਰੇਮ ਦਾ ਇਜ਼ਹਾਰ ਕਰਨ ਵਾਸਤੇ ਕੁਝ ਹੋਰ ਉਦਾਹਰਣਾਂ ਵੀ ਦਿੰਦੇ ਹਨ। ਆਪ ਅਨੁਸਾਰ ਜਿਵੇਂ ਇਕ ਵਿਕਾਰੀ ਔਰਤ ਪਰਾਏ ਮਰਦਾਂ ਵਿਚ ਦਿਲਚਸਪੀ ਲੈਂਦੀ ਹੈ, ਲੋਭੀ ਵਿਅਕਤੀ ਧਨ ਵਿਚ ਦਿਲਚਸਪੀ ਲੈਂਦਾ ਹੈ ਅਤੇ ਇਕ ਕਾਮੀ ਵਿਅਕਤੀ ਕਾਮਨੀ ਨਾਲ ਪਿਆਰ ਕਰਦਾ ਹੈ, ਇਸੇ ਤਰ੍ਹਾਂ ਮੈਂ ਮੁਰਾਰੀ ਪਰਮਾਤਮਾ ਨਾਲ ਪ੍ਰੇਮ ਕਰਦਾ ਹਾਂ। ਪਰੰਤੂ ਅਸਲ ਪ੍ਰੇਮ ਉਹੀ ਹੈ ਜੋ ਪਰਮਾਤਮਾ ਆਪ ਆਪਣੇ ਭਗਤਾਂ ਦੇ ਮਨ ਵਿਚ ਪੈਦਾ ਕਰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਜਗਿਆਸੂ ਦੇ ਮਨ ਦੀ ਦੁਬਿਧਾ ਖ਼ਤਮ ਹੋ ਜਾਂਦੀ ਹੈ ਅਤੇ ਉਸ ਦੀ ਪ੍ਰੀਤ ਫਿਰ ਕਦੇ ਖ਼ਤਮ ਨਹੀਂ ਹੁੰਦੀ।

ਜ਼ਰੂਰੀ : ਯਾਦ ਰੱਖਣ ਯੋਗ ਗੱਲਾਂ ਦੇ ਅੰਤਰਗਤ ਵਰਣਿਤ ਪ੍ਰਮੁੱਖ ਵਿਸ਼ਿਆਂ ਨਾਲ ਸੰਬੰਧਤ ਪੰਕਤੀਆਂ ਭਗਤ ਨਾਮਦੇਵ ਦੀ ਬਾਣੀ ਵਿਚੋਂ ਚੁਣੋਂ ਅਤੇ ਜ਼ਬਾਨੀ ਯਾਦ ਕਰੋ।

## 1.3.4 ਪ੍ਰਸੰਗ ਦੱਸ ਕੇ ਵਿਆਖਿਆ

ਜੋ ਰਾਜ ਦੇਹਿ ਤ ਕਵਨ ਬਡਾਈ।।
ਜੋ ਭੀਖ ਮੰਗਾਵਹਿ ਤ ਕਿਆ ਘਟ ਜਾਈ।।
ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ।।
ਬਹੁਰਿ ਨ ਹੋਇ ਤੇਰਾ ਆਵਨ ਜਾਨ।।

ਇਹ ਸ਼ਬਦ ਭਗਤ ਨਾਮਦੇਵ ਜੀ ਦਾ ਉਚਾਰਿਆ ਹੋਇਆ ਹੈ। ਰਾਗ ਗੁਜਰੀ ਵਿਚ ਉਚਾਰਿਆ ਗਿਆ ਇਹ ਸ਼ਬਦ ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਕਲਿਤ ਕੀਤਾ ਗਿਆ ਹੈ। ਇਸ ਪੁਸਤਕ ਦਾ ਸੰਪਾਦਨ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ ਕੀਤਾ ਹੈ।

ਭਗਤ ਨਾਮਦੇਵ ਜੀ ਭਗਤੀ ਕਾਵਿ ਪਰੰਪਰਾ ਦੇ ਇੰਦਰ ਧਨੁਸ਼ ਹਨ। ਆਪ ਨੇ ਉਤਰੀ ਭਾਰਤ ਵਿਚ ਨਿਰਗੁਣ ਕਾਵਿ ਪਰੰਪਰਾ ਦੀ ਆਧਾਰਸ਼ਿਲਾ ਰੱਖੀ। ਆਪ ਪਰਮਾਤਮਾ ਵਿਚ ਅਟੁੱਟ ਆਸਥਾ ਰੱਖਣ ਵਾਲੇ ਮਹਾਨ ਭਗਤ ਸਨ। ਆਪ ਫੁਰਮਾਉਂਦੇ ਹਨ ਕਿ ਉਹ ਪਰਮਾਤਮਾ ਸਰਵਸ਼ਕਤੀਮਾਨ, ਕਰਨ-ਕਰਾਵਣਹਾਰ ਅਤੇ ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਹੈ। ਜੋ ਉਹ ਕਿਸੇ ਵਿਅਕਤੀ ਉਤੇ ਪ੍ਰਸੰਨ ਹੋ ਕੇ ਰਾਜ ਭਾਗ ਦੇ ਦਿੰਦਾ ਹੈ ਤਾਂ ਉਹ ਵਿਅਕਤੀ ਕੋਈ ਬਹੁਤ ਵੱਡਾ ਨਹੀਂ ਬਣ ਜਾਵੇਗਾ ਅਤੇ ਜੇ ਉਹ ਕਿਸੇ ਨੂੰ ਭਿਖਾਰੀ ਬਣਾ ਦੇਵੇ ਤਾਂ ਉਸ ਦਾ ਕੁਝ ਘੱਟ ਨਹੀਂ ਹੋ ਜਾਵੇਗਾ। ਦੁਨਿਆਵੀ ਪ੍ਰਾਪਤੀਆਂ-ਅਪ੍ਰਾਪਤੀਆਂ ਨਾਲ ਕੋਈ ਆਦਮੀ ਵੱਡਾ ਜਾਂ ਛੋਟਾ ਨਹੀਂ ਹੋ ਜਾਂਦਾ। ਵਿਅਕਤੀ ਦੀ ਅਸਲ ਵਡਿਆਈ ਤਾਂ ਪ੍ਰਭੂ ਦੇ ਸਿਮਰਨ ਵਿਚ ਹੈ ਕਿਉਂਕਿ ਸਿਮਰਨ ਕੀਤਿਆਂ ਹੀ ਵਿਅਕਤੀ ਦੇ ਆਵਾਗਵਣ ਦੇ ਬੰਧਨ ਟੁੱਟਦੇ ਹਨ ਅਤੇ ਉਹ ਮੁਕਤ ਹੋ ਜਾਂਦਾ ਹੈ।

ਨਾਮਦੇਵ ਜੀ ਨੇ ਨਿਰਗੁਣ ਕਾਵਿ ਪਰੰਪਰਾ ਦੇ ਬੁਨਿਆਦੀ ਸਿੱਧਾਂਤਾਂ ਨੂੰ ਬਹੁਤ ਪ੍ਰਭਾਵਸ਼ਾਲੀ ਬਾਣੀ ਦੁਆਰਾ ਪੇ ਸ਼ ਕੀਤਾ ਹੈ। ਇਸ ਬਾਣੀ ਦੀ ਗੁਰਮਤਿ ਕਾਵਿ ਪਰੰਪਰਾ ਨਾਲ ਬਹੁਤ ਡੂੰਘੀ ਸਾਂਝ ਹੈ। ਇਸੇ ਕਾਰਨ ਨਾਮਦੇ ਵ ਜੀ ਦੀ ਚੋਣਵੀਂ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ ਗਿਆ ਹੈ। ਇਹ ਬਾਣੀ ਵਿਅਕਤੀ ਨੂੰ ਅਧਿਆਤਮਿਕਤਾ ਦੇ ਸੱਚੇ ਮਾਰਗ ਉਤੇ ਚੱਲਣ ਦੀ ਪ੍ਰੇਰਨਾ ਕਰਦੀ ਹੈ।

## 1.3.5 ਸੰਖੇਪ ਪ੍ਰਸ਼ਨ-ਉੱਤਰ

ਪ੍ਰਸ਼ਨ : ਭਗਤ ਨਾਮਦੇਵ ਜੀ ਦਾ ਠਾਕਰ ਜਾਂ ਬੀਠਲ ਕੌਣ ਹੈ?

ਉਤਰ : ਨਾਮਦੇਵ ਜੀ ਪਰਮਾਤਮਾ ਨੂੰ ਹੀ ਠਾਕਰ ਜਾਂ ਬੀਠਲ ਦੇ ਨਾਮ ਨਾਲ ਯਾਦ ਕਰਦੇ ਹਨ। ਉਂਜ ਉਹ ਮੂਰਤੀ-ਪੂਜਾ ਜਾਂ ਕਰਮ-ਕਾਂਡਾਂ ਦਾ ਵਿਰੋਧ ਕਰਦੇ ਹਨ।

ਪ੍ਰਸ਼ਨ : ਨਾਮਦੇਵ ਜੀ ਵਿਅਕਤੀ ਦੀ ਸਭ ਤੋਂ ਵੱਡੀ ਕਮਾਈ ਕਿਸ ਨੂੰ ਮੰਨਦੇ ਹਨ?

ਉਤਰ : ਆਪਦਾ ਵਿਚਾਰ ਹੈ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਸਭ ਤੋਂ ਵੱਡੀ ਕਮਾਈ ਹੈ। ਹੋਰ ਪ੍ਰਾਪਤੀਆਂ ਦਾ ਕੋਈ ਅਰਥ ਨਹੀਂ। ਮੁਕਤੀ ਦੀ ਪ੍ਰਾਪਤੀ ਕੇਵਲ ਨਾਮ ਸਿਮਰਨ ਦੁਆਰਾ ਹੀ ਸੰਭਵ ਹੈ।

ਪ੍ਰਸ਼ਨ : ਜੀਵਨ ਅਤੇ ਜਗਤ ਬਾਰੇ ਨਾਮਦੇਵ ਜੀ ਦਾ ਕੀ ਵਿਚਾਰ ਹੈ?

ਉਤਰ : ਨਾਮਦੇਵ ਜੀ ਜੀਵਨ ਅਤੇ ਜਗਤ ਨੂੰ ਨਾਸ਼ਮਾਨ ਅਤੇ ਮਿਥਿਆ ਮੰਨਦੇ ਹਨ। ਉਨ੍ਹਾਂ ਅਨੁਸਾਰ ਇਨ੍ਹਾਂ ਵਿਚ ਦਿਲਚਸਪੀ ਲੈਣ ਦੀ ਬਜਾਇ ਪਰਮਾਤਮਾ ਨਾਲ ਸੱਚੀ ਪ੍ਰੀਤ ਜੋੜਨੀ ਚਾਹੀਦੀ ਹੈ।

## 1.3.6 ਸਹਾਇਕ ਪੁਸਤਕਾਵਲੀ


1. ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਪ੍ਰੋ. ਰਾਜਬੀਰ ਕੌਰ, ਪਰਮ ਸੰਤ ਨਾਮਦੇਵ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1996।
2. ਭਾਈ ਜੋਧ ਸਿੰਘ, ਭਗਤ ਨਾਮਦੇਵ ਤਥਾ ਹੋਰ ਭਗਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977।
3. ਕਿਰਪਾਲ ਸਿੰਘ ਕਸੇਲ, ਵਧਾਵਾ ਸਿੰਘ, ਭਗਤ ਨਾਮਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।


## ਹੇਠ ਲਿਖੀਆਂ ਪੰਕਤੀਆਂ ਦੇ ਸ਼ਬਦਾਂ ਦੇ ਨਾਂ ਦੱਸੋ।

1. ਜਲ ਤਰੰਗ ਅਰੁ ਫੇਨ ਬੁਦਬੁਦਾ, ਜਲ ਤੇ ਭਿੰਨ ਨ ਹੋਈ।
2. ਈਭੈ ਬੀਠਲੁ, ਉਭੈ ਬੀਠਲੁ, ਬੀਠਲੁ ਬਿਨੁ ਸੰਸਾਰੁ ਨਹੀਂ।
3. ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ
4. ਮੈਂ ਗਰੀਬ ਮੈਂ ਮਸਕੀਨ ਤੇਰਾ ਨਾਮੁ ਹੈ ਅਧਾਰਾ
5. ਜਿਸ ਲੈ ਭੀਤਰਿ ਹੈ ਅੰਤਰਾ। ਜੈਸੇ ਪਸੂ ਤੈਸੇ ਉਇ ਨਰਾ

ਉੱਤਰ : (1) ਏਕ ਅਨੇਕ ਬਿਆਪਕ ਪੂਰਕ (2) ਆਨੀਲੇ ਕੁੰਭ ਭਰਾਈਲੇ ਉਦਕਿਤ (3) ਗਹਰੀ ਕਰਿ ਕੈ ਨੀਵ ਖੁਦਾਈ (4) ਮੈ ਅੰਧੁਲੇ ਕੀ ਟੇਕ (5) ਪਰ ਧਨ ਪਰ ਦਾਰਾ ਪਰ ਹਰੀ।

**ਪਾਠ ਨੰਬਰ : 1.4**

# ਭਗਤ ਰਵਿਦਾਸ ਅਤੇ ਉਹਨਾਂ ਦੀਆਂ ਰਚਨਾਵਾਂ

## 1.4.1 ਭਗਤ ਰਵਿਦਾਸ

ਮੱਧਕਾਲੀਨ ਭਾਰਤ ਵਿਚ ਭਗਤੀ ਕਾਵਿ ਪਰੰਪਰਾ ਨਾਲ ਜੁੜੇ ਭਗਤ-ਕਵੀਆਂ ਵਿਚ ਸ੍ਰੀ ਰਵਿਦਾਸ ਦਾ ਨਾਮ ਅਤਿਅੰਤ ਮਹੱਤਵਪੂਰਨ ਹੈ। ਆਪ ਦੇ ਜਨਮ ਅਤੇ ਜੀਵਨ ਬਾਰੇ ਵਿਦਵਾਨਾਂ ਵਿਚ ਕਾਫੀ ਮਤਭੇਦ ਹਨ। ਪ੍ਰਿਥਵੀ ਸਿੰਘ ਆਜ਼ਾਦ ਅਨੁਸਾਰ ਆਪ ਦੀ ਜਨਮ ਮਿਤੀ ਮਾਘ ਸੁਦੀ 15 ਸੰਮਤ 1433 (1376 ਈ.) ਹੈ। ਡਾ. ਗੋਬਿੰਦ ਤ੍ਰਿਗੁਣਾਇਤ, ਡਾ. ਰਾਮ ਕੁਮਾਰ ਵਰਮਾ ਅਤੇ ਡਾ. ਯੋਗੇਂਦਰ ਸਿੰਘ ਨੇ ਵੱਖਰੀਆਂ ਵੱਖਰੀਆਂ ਮਿਤੀਆਂ ਦਰਸਾਈਆਂ ਹਨ। ਭਗਤ ਜੀ ਦੇ ਜੀਵਨ-ਬ੍ਰਿਤਾਂਤ ਬਾਰੇ ਕੁਝ ਹੋਰ ਵੇਰਵੇ ਇਸ ਪ੍ਰਕਾਰ ਹਨ। ਆਪ ਦਾ ਜਨਮ ਬਨਾਰਸ ਦੇ ਨਜ਼ਦੀਕ ਪਿੰਡ ਮੰਡੂਰ ਵਿਚ ਹੋਇਆ। ਆਪ ਦਾ ਜਨਮ ਇਕ ਬਹੁਤ ਹੀ ਗਰੀਬ ਅਤੇ ਦਲਿਤ ਪਰਿਵਾਰ ਵਿਚ ਹੋਇਆ ਪਰੰਤੂ ਆਪਣੀ ਅਧਿਆਤਮਿਕ ਸਾਧਨਾ ਦੁਆਰਾ ਸਮੁੱਚੇ ਭਾਰਤਵਰਸ਼ ਵਿਚ ਪ੍ਰਸਿੱਧ ਹੋ ਗਏ। ਇਥੋਂ ਤਕ ਕਿ ਦੂਰ-ਦੁਰੇਡੇ ਦੇ ਰਾਜਪੂਤ ਘਰਾਣੇ ਵੀ ਆਪ ਦੇ ਪ੍ਰਭਾਵ ਹੇਠ ਆ ਗਏ। ਰਵਿਦਾਸ ਜੀ ਦੇ ਜੀਵਨ ਨਾਲ ਬਹੁਤ ਸਾਰੀਆਂ ਕਰਾਮਾਤਾਂ ਵੀ ਸੰਬੰਧਿਤ ਹਨ, ਜਿਨ੍ਹਾਂ ਤੋਂ ਆਪ ਦੀ ਮਹਿਮਾ ਅਤੇ ਮਹਾਨਤਾ ਬਾਰੇ ਪਤਾ ਚੱਲਦਾ ਹੈ। ਰਵਿਦਾਸ ਜੀ ਦੇ ਜਨਮ-ਵਰ੍ਹੇ ਵਾਂਗ ਆਪ ਦੇ ਅਕਾਲ ਚਲਾਣੇ ਬਾਰੇ ਵੀ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਹਨ। ਸ੍ਰੀ ਪ੍ਰਿਥਵੀ ਸਿੰਘ ਆਜ਼ਾਦ ਨੇ ਆਪਦਾ ਅਕਾਲ ਚਲਾਣਾ ਸੰਮਤ 1584 ਬਿਕਰਮੀ (1527 ਈ.) ਵਿਚ ਮੰਨਿਆ ਹੈ।

**1.4.1.1.** ਭਗਤੀ ਕਾਵਿ ਪਰੰਪਰਾ ਨੂੰ ਅਮੀਰ ਬਣਾਉਣ ਵਿਚ ਰਵਿਦਾਸ ਜੀ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਆਪ ਨੇ ਇਸ ਪਰੰਪਰਾ ਦੇ ਮਾਧਿਅਮ ਦੁਆਰਾ ਆਪਣੇ ਸਮਕਾਲੀਨ ਸਮਾਜ ਨੂੰ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਸਾਖਿਆਤਕਾਰ ਕਰਵਾਇਆ। ਆਪ ਨੇ ਆਪਣੇ ਅਧਿਆਤਮਿਕ ਵਿਚਾਰਾਂ ਦੇ ਪ੍ਰਗਟਾਵੇ ਲਈ ਇਕ ਅਜਿਹੀ ਭਾਸ਼ਾ ਦਾ ਪ੍ਰਯੋਗ ਕੀਤਾ ਜਿਸ ਨੂੰ ਸਮੁੱਚੇ ਭਾਰਤ ਵਿਚ ਸਮਝ ਲਿਆ ਜਾਂਦਾ ਸੀ। ਇਸ ਭਾਸ਼ਾ ਨੂੰ ਸਾਧ-ਭਾਸ਼ਾ ਦਾ ਨਾਮ ਦਿੱਤਾ ਗਿਆ ਹੈ। ਇਸ ਭਾਸ਼ਾ ਦੀਆਂ ਵਾਕ-ਬਣਤਰਾਂ, ਸ਼ਬਦ-ਭੰਡਾਰ ਅਤੇ ਕਲਾਤਮਕ ਜੁਗਤਾਂ ਵਿਚ ਬੜੀ ਲਚਕ ਹੈ। ਪ੍ਰਾਕ੍ਰਿਤ, ਅਪਭ੍ਰੰਸ਼, ਅਰਬੀ, ਫ਼ਾਰਸੀ, ਬ੍ਰਜੀ, ਪੰਜਾਬੀ ਆਦਿਕ ਭਾਸ਼ਾਵਾਂ ਦੀ ਬਹੁਤ ਸਾਰੀ ਸ਼ਬਦਾਵਲੀ ਇਸ ਕਾਵਿ-ਪਰੰਪਰਾ ਵਿਚ ਸਾਂਭੀ ਹੋਈ ਹੈ।

**1.4.1.2.** ਭਗਤ ਰਵਿਦਾਸ ਜੀ ਨੇ ਆਕਾਰ ਵਿਚ ਬਹੁਤੀ ਬਾਣੀ ਨਹੀਂ ਰਚੀ ਪਰੰਤੂ ਵਿਸ਼ੇ ਪੱਖੋਂ ਇਹ ਰਚਨਾ ਬੜੀ ਮਹਾਨ ਹੈ। ਆਦਿ ਗ੍ਰੰਥ ਵਿਚ ਆਪਦੇ 40 ਸ਼ਬਦ ਸੰਕਲਿਤ ਹਨ। ਆਪ ਨੇ ਸਿਰੀ ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ ਅਤੇ ਮਲ੍ਹਾਰ ਰਾਗ ਵਿਚ ਬਾਣੀ ਦੀ ਰਚਨਾ ਕੀਤੀ। ਇਹ ਬਾਣੀ ਵਰਣ-ਆਸ਼ਰਮ ਦੀ ਕਠੋਰ ਵਰਗ-ਵੰਡ ਕਾਰਨ ਜਾਨਵਰਾਂ ਤੋਂ ਵੀ ਭੈੜੀ ਜ਼ਿੰਦਗੀ ਬਤੀਤ ਕਰਨ ਲਈ ਮਜ਼ਬੂਰ ਭਾਰਤ ਦੇ ਦਲਿਤ ਸਮਾਜ ਦੀ ਸੰਵੇਦਨਾ ਨੂੰ ਵਿਸ਼ੇਸ਼ ਤੌਰ ਤੇ ਟੁੰਬਦੀ ਹੈ।

**1.4.1.3.** ਰਵਿਦਾਸ ਬਾਣੀ ਵਿਚ ਆਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਦਾ ਬੜਾ ਸੁੰਦਰ ਵਰਣਨ ਹੋਇਆ ਹੈ। ਭਾਰਤ ਦੀ ਭਗਤੀ ਕਾਵਿ ਪਰੰਪਰਾ ਵਿਚ ਰਵਿਦਾਸ ਜੀ ਇਕ ਅਜਿਹੇ ਮਹਾਨ ਸੰਤ ਹੋਏ ਹਨ ਜਿਨ੍ਹਾਂ ਨੂੰ ਪਰਮਾਤਮਾ ਪ੍ਰਤੀ ਸਾਧਕ ਦੇ ਰਹੱਸਵਾਦੀ ਅਨੁਭਵ ਨੂੰ ਉਤਕ੍ਰਿਸ਼ਟ ਕਾਵਿ ਦੇ ਮਾਧਿਅਮ ਦੁਆਰਾ ਪੇਸ਼ ਕੀਤਾ ਹੈ। ਕਾਵਿ-ਜੁਗਤਾਂ, ਬ੍ਰਿਤਾਂਤ, ਅਲੰਕਾਰਾਂ ਅਤੇ ਬਿੰਬਾਂ ਦੀ ਦ੍ਰਿਸ਼ਟੀ ਤੋਂ ਰਵਿਦਾਸ-ਬਾਣੀ ਅਦੁੱਤੀ ਹੈ।

## 'ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਕਲਿਤ ਭਗਤ ਰਵਿਦਾਸ ਦੇ ਸ਼ਬਦਾਂ ਦਾ ਵਿਸ਼ਾ-ਵਸਤੂ :

### 1.4.2.1. ਤੋਹੀ ਮੋਹੀ ਮੋਹੀ ਤੋਹੀ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਅਦਵੈਤਵਾਦੀ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਰਮਾਤਮਾ ਅਤੇ ਵਿਅਕਤੀ ਵਿਚ ਕੋਈ ਭਿੰਨਤਾ ਨਹੀਂ ਹੈ। ਜਿਵੇਂ ਸੋਨੇ ਦੀ ਧਾਤ ਅਤੇ ਇਸ ਤੋਂ ਬਣੇ ਕੜਿਆਂ ਵਿਚ ਕੋਈ ਫ਼ਰਕ ਨਹੀਂ ਹੁੰਦਾ ਅਤੇ ਪਾਣੀ ਅਤੇ ਇਸ ਵਿਚੋਂ ਉਠਣ ਵਾਲੀਆਂ ਲਹਿਰਾਂ ਇਕੋ ਹੁੰਦੀਆਂ ਹਨ। ਇਸੇ ਤਰ੍ਹਾਂ ਜੀਵਾਤਮਾ ਅਤੇ ਪਰਮਾਤਮਾ ਇੱਕ ਹੀ ਹਨ। ਰਵਿਦਾਸ ਜੀ ਪਰਮਾਤਮਾ ਨੂੰ ਪੁੱਛਦੇ ਹਨ ਕਿ ਜੇ ਅਸੀਂ ਪਾਪ ਨਾ ਕਰਦੇ ਹੁੰਦੇ ਤਾਂ ਤੁਹਾਡਾ ਨਾਮ ਪਤਿਤ-ਪਾਵਨ ਕਿਵੇਂ ਪੈਦਾ? ਇਸ ਸ਼ਬਦ ਵਿਚ ਰਵਿਦਾਸ ਜੀ ਪਰਮਾਤਮਾ ਨੂੰ ਬੇਨਤੀ ਕਰਦੇ ਹਨ ਕਿ ਜਿੰਨਾ ਚਿਰ ਮੈਂ ਜਿਉਂਦਾ ਹਾਂ, ਤੇਰੀ ਆਰਾਧਨਾ ਕਰਦਾ ਰਹਾਂ - ਮੈਨੂੰ ਇਹੀ ਵਰ ਦਿਉ। ਜਿਹੜਾ ਕੋਈ ਮੈਨੂੰ ਸਾਧ-ਸੰਗਤ ਵਿਚ ਸਮ-ਦ੍ਰਿਸ਼ਟੀ ਰੱਖਣਾ ਸਮਝਾਵੇ, ਮੈਨੂੰ ਉਸੇ ਦੀ ਸੇ ਵਾ ਵਿਚ ਰਹਿਣ ਦਾ ਮੌਕਾ ਮਿਲਣਾ ਚਾਹੀਦਾ ਹੈ।

### 1.4.2.2. ਕੂਪੁ ਭਰਿਓ ਜੈਸੇ ਦਾਦਿਰਾ

ਇਸ ਸ਼ਬਦ ਵਿਚ ਰਵਿਦਾਸ ਜੀ ਵਿਅਕਤੀ ਨੂੰ ਪਰਮਾਤਮਾ ਨਾਲ ਪ੍ਰੇਮਾਭਗਤੀ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਜਿਵੇਂ ਇਕ ਖੂਹ ਡੱਡੂਆਂ ਨਾਲ ਭਰਿਆ ਹੋਵੇ ਅਤੇ ਇਸ ਖੂਹ ਵਿਚ ਰਹਿਣ ਵਾਲੇ ਡੱਡੂਆਂ ਨੂੰ ਦੇਸ਼-ਵਿਦੇਸ਼ ਦੀ ਸੋਝੀ ਹੀ ਨਾ ਹੋਵੇ। ਇਸੇ ਤਰ੍ਹਾਂ ਮੇਰਾ ਮਨ ਦੁਨੀਆਂ ਦੇ ਵਿਸ਼ੇ-ਵਿਕਾਰਾਂ ਨੇ ਮੋਹਿਤ ਕਰ ਰੱਖਿਆ ਹੈ। ਮੈਨੂੰ ਆਪਣੇ ਅੱਗੇ-ਪਿਛੇ ਦੀ ਠੀਕ ਤਮੀਜ਼ ਨਹੀਂ ਰਹੀ। ਮੈਨੂੰ ਕੁਝ ਵੀ ਪਤਾ ਨਹੀਂ ਚੱਲ ਰਿਹਾ ਕਿ ਕੀ ਠੀਕ ਹੈ ਅਤੇ ਕੀ ਗਲਤ ਹੈ। ਸਾਰੀ ਦੁਨੀਆਂ ਦੇ ਘਟ-ਘਟ ਦੇ ਜਾਣਨਹਾਰ ਪਰਮਾਤਮਾ ' ਭਾਵੇਂ ਇੱਕ-ਛਿਣ ਲਈ ਹੀ ਸਹੀ, ਮੈਨੂੰ ਦਰਸ਼ਨ ਜ਼ਰੂਰ ਦੇਵੋ। ਅੱਗੇ ਚੱਲ ਕੇ ਆਪ ਲਿਖਦੇ ਹਨ ਕਿ ਮੇਰੀ ਮਤਿ ਮੈਲੀ ਹੋ ਗਈ ਹੈ। ਵਿਸ਼ੇ-ਵਿਕਾਰਾਂ ਨੇ ਇਸ ਨੂੰ ਮਲੀਨ ਕਰ ਦਿੱਤਾ ਹੈ। ਪਰ ਤੂੰ ਮਿਹਰਬਾਨ ਹੈ, ਬਖਸ਼ਿੰਦ ਹੈ। ਮੇ ਰੇ ਤੇ ਕ੍ਰਿਪਾ ਕਰੋ। ਮੇਰੇ ਸਾਰੇ ਭਰਮ-ਭੁਲੇਖੇ ਮਿਟਾ ਦਿਉ। ਮੈਨੂੰ ਸਦ-ਬੁੱਧ ਪ੍ਰਦਾਨ ਕਰੋ ਅਤੇ ਗਿਆਨ ਬਖ਼ਸ਼ੋ। ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਲੀਲ੍ਹਾ ਅਪਰੰਪਾਰ ਹੈ। ਵੱਡੇ-ਵੱਡੇ ਤਪੱਸਵੀ ਅਤੇ ਜੋਗੀ ਵੀ ਉਸ ਦਾ ਭੇਦ ਨਹੀਂ ਪਾ ਸਕਦੇ। ਉਸ ਪਰਮਾਤਮਾ ਨੂੰ ਕੇਵਲ ਪ੍ਰੇਮਾਭਗਤੀ ਦੁਆਰਾ ਹੀ ਪਾਇਆ ਜਾ ਸਕਦਾ ਹੈ। ਉਸ ਨੂੰ ਮਿਲਣ ਦਾ ਹੋਰ ਕੋਈ ਮਾਰਗ ਨਹੀਂ ਹੈ।

### 1.4.2.3. ਸਤਿਜੁਗ ਸਤੁ ਤੇਤਾ ਜਗੀ

ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸਤਿਜੁਗ ਵਿਚ ਸੱਚ ਪ੍ਰਧਾਨ ਸੀ ਅਤੇ ਤ੍ਰੇਤਾ ਵਿਚ ਯੱਗ ਆਦਿਕ ਕਰਮ-ਕਾਂਡ ਪ੍ਰਧਾਨ ਸਨ। ਦੁਆਪਰ ਵਿਚ ਪੂਜਾ ਪ੍ਰਧਾਨ ਸੀ ਅਤੇ ਕਲਿਜੁਗ ਵਿਚ ਕੇਵਲ ਨਾਮ ਦਾ ਆਸਰਾ ਹੀ ਬਚਿਆ ਹੈ। ਹੇ ਪਰਮਾਤਮਾ ' ਮੈਂ ਇਸ ਸੰਸਾਰ-ਸਮੁੰਦਰ ਤੋਂ ਪਾਰ ਕਿਵੇਂ ਜਾ ਸਕਾਂਗਾ। ਦੁਨੀਆਂ ਵਿਚ ਕੋਈ ਵੀ ਮੈਂਨੂੰ ਇਸ ਗੱਲ ਦੀ ਸੋਝੀ ਨਹੀਂ ਦੇ ਰਿਹਾ। ਕੋਈ ਨਹੀਂ ਦੱਸਦਾ ਕਿ ਮੈਂ ਆਵਾਗਵਣ ਦੇ ਬੰਧਨਾਂ ਤੋਂ ਕਿਵੇਂ ਮੁਕਤ ਹੋ ਸਕਦਾ ਹਾਂ। ਇਸ ਦੁਨੀਆਂ ਵਿਚ ਬਹੁਤ ਸਾਰੇ ਧਰਮਾਂ ਦਾ ਵਰਣਨ ਕੀਤਾ ਜਾਂਦਾ ਹੈ। ਸਾਰੀ ਦੁਨੀਆਂ ਦੇ ਲੋਕ ਇਨ੍ਹਾਂ ਧਰਮਾਂ ਨੂੰ ਨਿਭਾ ਰਹੇ ਨਜ਼ਰ ਵੀ ਆਉਂਦੇ ਹਨ। ਪਰ ਕਿਸ ਕਰਮ ਦੇ ਕੀਤਿਆਂ ਆਵਾਗਵਣ ਤੋਂ ਮੁਕਤੀ ਮਿਲੇਗੀ ? ਕਿਹੋ ਜਿਹੀ ਸਾਧਨਾ ਕਰੀਏ ਕਿ ਇਸ ਮੰਤਵ ਵਿਚ ਸਫ਼ਲਤਾ ਪ੍ਰਾਪਤ ਹੋ ਜਾਵੇ।

ਰਵਿਦਾਸ ਜੀ ਫੁਰਮਾਉਂਦੇ ਹਨ ਕਿ ਮੈਂ ਕਰਮ-ਅਕਰਮ ਬਾਰੇ ਵਿਚਾਰ ਕਰਦਾ ਹੋਇਆ ਭਟਕ ਰਿਹਾ ਹਾਂ। ਵੇ ਦ-ਪੁਰਾਣਾਂ ਦੇ ਹਵਾਲੇ ਸੁਣ-ਸੁਣ ਕੇ ਮੇਰੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਰਹੇ ਹਨ। ਮੇਰੇ ਸ਼ੰਕਿਆਂ ਅਤੇ ਅਭਿਮਾਨ ਦਾ ਨਿਵਾਰਨ ਕਿਵੇਂ ਹੋਵੇ। ਬਾਹਰੋਂ ਤਾਂ ਸਰੀਰ ਨੂੰ ਪਾਣੀ ਨਾਲ ਧੋ ਕੇ ਪਵਿੱਤਰ ਕੀਤਾ ਜਾ ਸਕਦਾ ਹੈ ਪਰੰਤੂ ਦਿਲ ਵਿਚ ਜੋ ਕਈ ਤਰ੍ਹਾਂ ਦੇ ਵਿਕਾਰ ਭਰੇ ਪਏ ਹਨ, ਉਨ੍ਹਾਂ ਨੂੰ ਕਿਵੇਂ ਧੋਈਏ? ਬਾਹਰੀ ਸ਼ੁੱਧੀ ਤਾਂ

ਹਾਥੀ ਨੂੰ ਇਸ਼ਨਾਨ ਕਰਾਉਣ ਵਾਂਗ ਹੈ। ਜਿਵੇਂ ਹਾਥੀ ਨਹਾਉਣ ਪਿਛੋਂ ਆਪਣੀ ਸੁੰਡ ਨਾਲ ਕੂੜਾ ਕਰਕਟ ਆਪਣੇ ਸਰੀਰ ਤੇ ਪਾ ਲੈਂਦਾ ਹੈ। ਇਸੇ ਤਰ੍ਹਾਂ ਅੰਦਰ ਦੇ ਵਿਕਾਰ ਸਰੀਰ ਨੂੰ ਫ਼ੇਰ ਅਸ਼ੁੱਧ ਬਣਾ ਦਿੰਦੇ ਹਨ।

ਜਿਵੇਂ ਸਾਰੇ ਸੰਸਾਰ ਨੂੰ ਇਸ ਰਹੱਸ ਦਾ ਪਤਾ ਹੈ ਕਿ ਸੂਰਜ ਦੇ ਚੜ੍ਹਨ ਨਾਲ ਰਾਤ ਖਤਮ ਹੋ ਜਾਂਦੀ ਹੈ, ਇਸੇ ਤਰ੍ਹਾਂ ਗਿਆਨ ਦਾ ਸੂਰਜ ਚੜ੍ਹ ਜਾਣ ਤੇ ਅਗਿਆਨ ਦੀ ਰਾਤ ਵੀ ਖਤਮ ਹੋ ਜਾਂਦੀ ਹੈ। ਜਿਵੇਂ ਤਾਂਬੇ ਨੂੰ ਪਾਰਸ ਦੀ ਛੋਹ ਪ੍ਰਾਪਤ ਹੋ ਜਾਣ ਨਾਲ ਇਹ ਸੋਨਾ ਬਣ ਜਾਂਦਾ ਹੈ, ਇਸੇ ਤਰ੍ਹਾਂ ਜੀਵਾਤਮਾ ਨੂੰ ਪਰਮਾਤਮਾ ਦੀ ਛੋਹ ਮਿਲ ਜਾਣ ਨਾਲ ਇਸਦਾ ਕਾਇਆ-ਕਲਪ ਹੋ ਜਾਂਦਾ ਹੈ। ਸੱਚਾ ਗੁਰੂ ਹੀ ਪਰਮ-ਪਾਰਸ ਹੈ। ਪਰ ਸੱਚੇ ਗੁਰੂ ਨਾਲ ਭੇਟ ਪਰਮਾਤਮਾ ਦੀ ਮਿਹਰ ਸਦਕਾ ਹੀ ਹੁੰਦੀ ਹੈ। ਫਿਰ ਮਨ ਵਿਚ ਹੀ ਮੁਕਤੀ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਆਤਮਾ ਦੇ ਚਿਰਾਂ ਦੇ ਬੰਦ ਦਰਵਾਜ਼ੇ ਖੁਲ੍ਹ ਜਾਂਦੇ ਹਨ ਅਤੇ ਪ੍ਰਭੂ-ਪ੍ਰੇਮ ਦਾ ਪ੍ਰਕਾਸ਼ ਮਨ ਵਿਚ ਫੈਲ ਜਾਂਦਾ ਹੈ। ਪ੍ਰਭੂ-ਭਗਤੀ ਦੀ ਜੁਗਤ ਨਾਲ ਵਿਅਕਤੀ ਦੀ ਮਤਿ ਸਚਿਆਰੀ ਹੋ ਜਾਂਦੀ ਹੈ। ਭਰਮਾਂ ਦਾ ਨਿਵਾਰਨ ਹੋ ਜਾਂਦਾ ਹੈ ਅਤੇ ਵਿਕਾਰਾਂ ਦੇ ਬੰਧਨ ਟੁੱਟ ਜਾਂਦੇ ਹਨ। ਫਿਰ ਉਸੇ ਮਨ ਵਿਚ ਹਰੀ ਦਾ ਨਿਵਾਸ ਹੋ ਜਾਂਦਾ ਹੈ, ਆਨੰਦ ਦੀ ਪ੍ਰਾਪਤੀ ਹੋਣ ਲੱਗਦੀ ਹੈ ਅਤੇ ਨਿਰਗੁਣ ਪਰਮਾਤਮਾ ਨਾਲ ਮਨ ਜੁੜ ਜਾਂਦਾ ਹੈ।

## 1.4.2.4. ਮ੍ਰਿਗ ਮੀਨ ਭ੍ਰਿੰਗ ਪਤੰਗ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਵਿਅਕਤੀ ਨੂੰ ਵਿਕਾਰਾਂ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਹਰਨ ਆਪਣੀ ਤ੍ਰਿਸ਼ਨਾ ਕਾਰਨ, ਮੱਛੀ ਰਸ ਵਿਚ ਰੁਚੀ ਰੱਖਣ ਕਾਰਨ, ਭੌਰਾ ਸੁਗੰਧੀ ਦੇ ਲਾਲਚ ਕਾਰਨ, ਪਰਵਾਨਾ ਰੂਪ ਵਿਚ ਉਲਝਣ ਕਾਰਨ ਅਤੇ ਹਾਥੀ ਕਾਮ ਵਿਚ ਰੁਚੀ ਰਖਣ ਕਾਰਨ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਇਹ ਸਾਰੇ ਜੀਵ ਕੇਵਲ ਇਕੋ-ਇਕ ਵਿਕਾਰ ਦੀ ਹੋਂਦ ਕਾਰਨ ਮਰ ਜਾਂਦੇ ਹਨ। ਜਿਸ ਇਨਸਾਨ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਪੰਜ ਵਿਕਾਰ ਹੁੰਦੇ ਹੋਣ, ਉਸ ਦਾ ਪਾਰਉਤਾਰਾ ਕਿਵੇਂ ਹੋਵੇਗਾ। ਹੇ ਪਰਮਾਤਮਾ ' ਲੋਕਾਂ ਨੇ ਅਗਿਆਨ ਨਾਲ ਪ੍ਰੇਮ ਪਾ ਰੱਖਿਆ ਹੈ ਅਤੇ ਉਨ੍ਹਾਂ ਦਾ ਵਿਵੇਕ ਰੂਪੀ ਦੀਪਕ ਬੁਝ ਗਿਆ ਹੈ। ਉਨ੍ਹਾਂ ਦਾ ਨਿਸਤਾਰਾ ਕਿਵੇਂ ਹੋਵੇਗਾ?

ਰਵਿਦਾਸ ਜੀ ਕਹਿੰਦੇ ਹਨ ਕਿ ਅਗਿਆਨੀ ਪਸ਼ੂਆਂ ਨੂੰ ਤਾਂ ਖਿਮਾ ਕੀਤਾ ਜਾ ਸਕਦਾ ਹੈ ਪਰੰਤੂ ਇਨਸਾਨਾਂ ਵਰਗੀ ਦੁਰਲਭ ਜੂਨ ਵਿਚ ਪਿਆ ਹੋਇਆ ਵਿਅਕਤੀ ਵੀ ਉਨ੍ਹਾਂ ਵਾਂਗ ਵਿਵਹਾਰ ਕਰ ਰਿਹਾ ਹੈ। ਉਹ ਵੀ ਵਿਕਾਰਾਂ ਤੋਂ ਖਹਿੜਾ ਨਹੀਂ ਛੁਡਾਉਂਦਾ। ਇਸ ਦੁਨੀਆਂ ਵਿਚ ਰਹਿਣ ਵਾਲੇ ਸਾਰੇ ਜੀਵ-ਜੰਤੂ ਆਪਣੇ ਆਪਣੇ ਕਰਮਾਂ ਦੇ ਵੱਸ ਵਿਚ ਪਏ ਹੋਏ ਹਨ। ਉਹ ਸਭ ਕਾਲ ਦੀ ਫਾਹੀ ਵਿਚ ਫਸ ਜਾਣਗੇ। ਉਨ੍ਹਾਂ ਦਾ ਕੋਈ ਵੀ ਉਪਾ ਨਹੀਂ ਚੱਲੇਗਾ। ਰਵਿਦਾਸ ਜੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਗੁਰੂ ਦਾ ਗਿਆਨ ਪ੍ਰਾਪਤ ਹੋ ਗਿਆ ਹੈ। ਜਿਸ ਸਦਕਾ ਉਨ੍ਹਾਂ ਦੇ ਸਾਰੇ ਭਰਮ ਦੂਰ ਹੋ ਗਏ ਹਨ। ਆਪ ਬੇਨਤੀ ਕਰਦੇ ਹਨ ਕਿ ਹੇ ਪਰਮਾਤਮਾ' ਮੇਰੇ ਦੋਸ਼ਾਂ ਦਾ ਅੰਤ ਕਰਕੇ ਮੈਨੂੰ ਪਰਮਾਨੰਦ ਪ੍ਰਦਾਨ ਕਰ ਦੇਵੋ।

## 1.4.2.5. ਸੰਤ ਤੁਝੀ ਤਨੁ ਸੰਗਤਿ ਪ੍ਰਾਨ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸੰਤ ਹੀ ਮੇਰਾ ਸਰੀਰ ਹਨ ਅਤੇ ਸੰਤ ਹੀ ਮੇਰੇ ਪ੍ਰਾਣ ਹਨ। ਸਤਿਗੁਰਾਂ ਦੇ ਗਿਆਨ ਦੁਆਰਾ ਹੀ ਮੈਨੂੰ ਇਹ ਸਮਝ ਆਈ ਹੈ ਕਿ ਸੰਤਾਂ ਦਾ ਦਰਜਾ ਦੇਵਤਿਆਂ ਤੋਂ ਵੀ ਉਚੇਰਾ ਹੈ। ਹੇ ਪਰਮਾਤਮਾ' ਮੈਨੂੰ ਸੰਤਾਂ ਦੀ ਸੰਗਤ ਦਿਉ। ਉਨ੍ਹਾਂ ਦੇ ਕਥਾ-ਰਸ ਦੀ ਦਾਤ ਬਖ਼ਸ਼ੋ। ਉਨ੍ਹਾਂ ਪ੍ਰਤੀ ਪ੍ਰੇਮ ਭਾਵ ਪ੍ਰਦਾਨ ਕਰੋ। ਇਹੀ ਮੇਰੀ ਬੇਨਤੀ ਹੈ। ਮੈਨੂੰ ਸੰਤਾਂ ਵਰਗਾਂ ਆਚਾਰ-ਵਿਹਾਰ ਦਿਉ। ਸੰਤਾਂ ਦੇ ਦੱਸੇ ਹੋਏ ਮਾਰਗ ਤੇ ਚੱਲਣ ਦਾ ਬਲ ਬਖਸ਼ੋ। ਮੈਨੂੰ ਸੰਤਾਂ ਦੇ ਦਾਸਾਂ ਦਾ ਵੀ ਦਾਸ ਬਣਾ ਦਿਉ। ਮੈਨੂੰ ਭਗਤੀ ਰੂਪੀ ਚਿੰਤਾਮਣੀ ਵੀ ਪ੍ਰਦਾਨ ਕਰੋ। ਪਰ ਮੈਨੂੰ ਨਾਮ ਧਰੀਕ (ਝੂਠੇ) ਸਾਧੂਆਂ ਤੋਂ ਬਚਾਈ ਰੱਖਣਾ ਕਿਉਂਕਿ ਉਨ੍ਹਾਂ ਦੀਆਂ ਆਤਮਾਵਾਂ ਪਾਪਾਂ ਨਾਲ ਮਲੀਨ ਹੋ ਚੁੱਕੀਆਂ ਹੁੰਦੀਆਂ ਹਨ। ਰਵਿਦਾਸ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਨੂੰ ਜਾਣਨ-ਸਮਝਣ ਵਾਲੇ ਸੰਤਾਂ ਦੀ ਸੰਗਤ ਕਰਨੀ ਚਾਹੀਦੀ ਹੈ। ਇਹੋ ਜਿਹੇ ਸੰਤਾ ਵਿਚ ਅਤੇ ਉਸ ਅਨੰਤ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੁੰਦਾ। ਦੋਵੇਂ ਸਮਰੂਪ ਹੁੰਦੇ ਹਨ।

## 1.4.2.6 ਤੁਮ ਚੰਦਨ ਹਮ ਇਰੰਡ ਬਾਪੁਰੇ

ਰਵਿਦਾਸ ਜੀ ਨਿਮਰਤਾ ਸਹਿਤ ਫੁਰਮਾਉਂਦੇ ਹਨ ਕਿ ਹੇ ਪਰਮਾਤਮਾ' ਤੂੰ ਚੰਦਨ ਦੇ ਰੁੱਖ ਵਾਂਗ ਪਵਿੱਤਰ ਅਤੇ ਸੁਗੰਧ ਭਰਪੂਰ ਹੈ ਜਦੋਂ ਕਿ ਅਸੀਂ ਇਰੰਡ ਦੇ ਰੁੱਖ ਵਾਂਗ ਐਵੇਂ ਵਿਚਾਰੇ ਜਿਹੇ ਹਾਂ ਪਰੰਤੂ ਕਿਉਂਕਿ ਸਾਨੂੰ ਤੁਹਾਡੇ ਚਰਨਾਂ ਦੇ ਨਜ਼ਦੀਕ ਨਿਵਾਸ ਮਿਲ ਚੁੱਕਾ ਹੈ, ਇਸ ਲਈ ਅਸੀਂ ਵੀ ਨੀਵਿਆਂ ਤੋਂ ਉਚੇ ਹੋ ਗਏ ਹਾਂ। ਸਾਡੇ ਵਿਚ ਵੀ ਤੇਰੀ ਸੁਗੰਧੀ ਸਮਾ ਗਈ ਹੈ।

ਹੇ ਪਰਮਾਤਮਾ' ਅਸੀਂ ਤੁਹਾਡੀ ਸੰਗਤ ਅਤੇ ਸ਼ਰਨ ਵਿਚ ਆ ਗਏ ਹਾਂ। ਅਸੀਂ ਔਗੁਣਹਾਰ ਹਾਂ ਅਤੇ ਤੁਸੀ ਵੱਡੇ ਉਪਕਾਰੀ ਹੋ ਜੋ ਸਾਡੇ ਔਗੁਣਾਂ ਨੂੰ ਭੁਲਾ ਕੇ ਸਾਨੂੰ ਆਪਣੀ ਸ਼ਰਨ ਵਿਚ ਲੈ ਲਿਆ ਹੈ। ਤੁਸੀਂ ਸਫ਼ੈਦ ਅਤੇ ਪੀਲੇ ਰੰਗ ਦੇ ਬਹੁਤ ਉੱਤਮ ਰੇਸ਼ਮ ਵਾਂਗ ਹੋ ਅਤੇ ਅਸੀਂ ਵਿਚਾਰੇ ਕੀੜਿਆਂ ਵਰਗੇ। ਅਸੀ ਆਪ ਦੀ ਸੰਗਤ ਵਿਚ ਬਿਲਕੁਲ ਉਵੇਂ ਆ ਬੈਠਦੇ ਹਾਂ ਜਿਵੇਂ ਸ਼ਹਿਦ ਦੇ ਇਰਦ-ਗਿਰਦ ਮਖੌਰੀਆਂ ਆ ਬੈਠਦੀਆਂ ਹਨ। ਰਵਿਦਾਸ ਜੀ ਨਿਮਰਤਾ ਸਹਿਤ ਬੇਨਤੀ ਕਰਦੇ ਹਨ ਕਿ ਸਾਡੀ ਜਾਤ ਬੜੀ ਨੀਵੀਂ ਹੈ। ਸਾਡਾ ਵੰਸ਼ ਵੀ ਬੜਾ ਤੁੱਛ ਜਿਹਾ ਹੈ। ਅਸੀਂ ਪੂਰੀ ਤਰ੍ਹਾਂ ਆਪਣੇ ਪਰਮਾਤਮਾ ਦੀ ਸੇਵਾ ਵੀ ਨਹੀਂ ਕਰ ਸਕੇ, ਸਾਨੂੰ ਇਸ ਗੱਲ ਦਾ ਹਮੇਸ਼ਾ ਝੋਰਾ ਲੱਗਿਆ ਰਹੇਗਾ।

## 1.4.2.7. ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ

ਇਸ ਸ਼ਬਦ ਵਿਚ ਰਵਿਦਾਸ ਜੀ ਪਰਮਾਤਮਾ ਪ੍ਰਤੀ ਆਪਣੇ ਪ੍ਰੇਮ ਦਾ ਪ੍ਰਗਟਾਵਾ ਕਰਦੇ ਹੋਏ ਕਹਿੰਦੇ ਹਨ ਕਿ ਮੈਨੂੰ ਇਸ ਗੱਲ ਦਾ ਕੋਈ ਡਰ ਨਹੀਂ ਕਿ ਮੇਰਾ ਸਰੀਰ ਟੁਕੜੇ-ਟੁਕੜੇ ਹੋ ਜਾਵੇਗਾ ਪਰ ਮੈਨੂੰ ਇਸ ਗੱਲ ਦਾ ਜ਼ਰੂਰ ਡਰ ਹੈ ਕਿਧਰੇ ਮੇਰੇ ਪ੍ਰਤੀ ਤੁਹਾਡਾ ਪ੍ਰੇਮ ਖ਼ਤਮ ਨਾ ਹੋ ਜਾਵੇ।

ਹੇ ਪਰਮਾਤਮਾ' ਤੇਰੇ ਚਰਨ-ਕੰਵਲਾਂ ਨੇ ਮੇਰੇ ਮਨ ਨੂੰ ਪੂਰੀ ਤਰ੍ਹਾਂ ਆਪਣੇ ਵੱਸ ਵਿਚ ਕਰ ਲਿਆ ਹੈ। ਇਨ੍ਹਾਂ ਚਰਨ-ਕੰਵਲਾਂ ਦਾ ਅੰਮ੍ਰਿਤ ਰੂਪੀ ਰਸ ਪੀ ਕੇ ਹੀ ਮੈਨੂੰ ਆਪਣੇ ਰਾਮ ਦੀ ਪ੍ਰਾਪਤੀ ਹੋਈ ਹੈ। ਦੁਨਿਆਵੀ ਧਨ-ਦੌਲਤ ਹੀ ਬਿਪਤਾ ਦਾ ਮੂਲ ਕਾਰਨ ਹੈ। ਇਹ ਮਾਇਆ ਹੀ ਜੀਵਾਤਮਾ ਅਤੇ ਪਰਮਾਤਮਾ ਦੇ ਦਰਮਿਆਨ ਪਰਦਾ ਤਾਣ ਦਿੰਦੀ ਹੈ। ਪਰੰਤੂ ਪਰਮਾਤਮਾ ਦੇ ਭਗਤ ਮਾਇਆ ਵਿਚ ਨਹੀਂ ਉਲਝਦੇ। ਇਸ ਲਈ ਮਾਇਆ ਉਨ੍ਹਾਂ ਨੂੰ ਕੁਝ ਨਹੀਂ ਆਖ ਸਕਦੀ। ਰਵਿਦਾਸ ਜੀ ਕਹਿੰਦੇ ਹਨ : ਹੇ ਪਰਮਾਤਮਾ' ਮੈਂ ਤੇਰੇ ਪ੍ਰੇਮ ਦੀ ਡੋਰੀ ਨਾਲ ਬੰਨ੍ਹਿਆ ਹੋਇਆ ਹਾਂ। ਮੈਂ ਤੈਥੋਂ ਕਿਸੇ ਵੀ ਤਰ੍ਹਾਂ ਵੱਖ ਨਹੀਂ ਹੋਵਾਂਗਾ।

## 1.4.2.8. ਮਾਟੀ ਕੋ ਪੁਤਲਾ ਕੈਸੇ ਨਚਤ ਹੈ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਦੁਨੀਆਂ ਦੀ ਮੋਹ-ਮਾਇਆ ਵਿਚ ਖਚਿਤ ਵਿਅਕਤੀ ਦੀ ਮਨੋਦਸ਼ਾ ਨੂੰ ਬਿਆਨ ਕਰਦੇ ਹਨ। ਆਪ ਕਹਿੰਦੇ ਹਨ ਕਿ ਦੇਖੋ' ਮਿੱਟੀ ਦਾ ਪੁਤਲਾ ਇਨਸਾਨ ਕਿਵੇਂ ਮਾਇਆ ਦੀ ਪ੍ਰਾਪਤੀ ਲਈ ਦਿਨ-ਰਾਤ, ਇਧੱਰ-ਉਧੱਰ ਦੌੜਦਾ ਫਿਰਦਾ ਹੈ। ਜਿਥੇ ਕਿਧਰੇ ਵੀ ਉਸ ਨੂੰ ਮਾਇਆ ਦੀ ਦੱਸ ਪੈਂਦੀ ਹੈ, ਉੱਧਰ ਨੂੰ ਹੀ ਨੱਠ ਤੁਰਦਾ ਹੈ। ਇਸ ਨੱਠ-ਭੱਜ ਵਿਚ ਜਦੋਂ ਉਸ ਨੂੰ ਕੁਝ ਪ੍ਰਾਪਤ ਹੋ ਜਾਂਦਾ ਹੈ ਤਾਂ ਉਹ ਆਪਣੀਆਂ ਪ੍ਰਾਪਤੀਆਂ ਤੇ ਅਭਿਮਾਨ ਕਰਨ ਲੱਗਦਾ ਹੈ। ਪਰ ਜੇ ਕਿਧਰੇ ਕੋਈ ਨੁਕਸਾਨ ਹੋ ਜਾਵੇ, ਘਾਟਾ ਪੈ ਜਾਵੇ ਤਾਂ ਰੋਣਾ-ਪਿੱਟਣਾ ਸ਼ੁਰੂ ਕਰ ਦਿੰਦਾ ਹੈ। ਦੁਨੀਆਂਦਾਰ ਵਿਅਕਤੀ ਮਨ ਕਰਕੇ, ਬਚਨਾਂ ਕਰਕੇ, ਕਰਮਾਂ ਕਰਕੇ ਅਤੇ ਜੀਵਨ ਦੇ ਖੱਟੇ ਮਿਠੇ ਰਸਾਂ ਕਰਕੇ ਮਾਇਆ ਵਿਚ ਉਲਝਿਆ ਹੋਇਆ ਹੈ। ਆਖਰ ਇਸੇ ਤਰ੍ਹਾਂ ਇਕ ਦਿਨ ਉਹ ਮਰ ਜਾਵੇਗਾ। ਬੁਰੇ ਕਰਮਾਂ ਕਾਰਨ ਉਸ ਦੀ ਮੁਕਤੀ ਨਹੀਂ ਹੋ ਸਕੇਗੀ ਅਤੇ ਉਸ ਨੂੰ ਜੂਨਾਂ ਵਿਚ ਭਟਕਣਾ ਪਵੇਗਾ। ਰਵਿਦਾਸ ਜੀ ਸਮਝਾਉਂਦੇ ਹਨ ਕਿ ਇਹ ਜਗਤ ਇਕ ਤਰ੍ਹਾਂ ਦੀ ਖੇਡ ਹੈ। ਜੋ ਇਸੇ ਵਿਚ ਉਲਝ ਜਾਂਦੇ ਹਨ, ਉਨ੍ਹਾਂ ਦਾ ਪਾਰਉਤਾਰਾ ਨਹੀਂ ਹੋ ਸਕਦਾ, ਪਰੰਤੂ ਜਿਹੜੇ ਲੋਕਾਂ ਨੇ ਇਸ ਖੇਡ ਨੂੰ ਰਚਾਉਣ ਵਾਲੇ ਪਰਮਾਤਮਾ ਨਾਲ ਪ੍ਰੀਤ ਜੋੜ ਲਈ ਹੈ, ਉਹ ਜਨਮ-ਮਰਨ ਦੇ ਬੰਧਨਾਂ ਤੋਂ ਬਚ ਜਾਣਗੇ।

## 1.4.2.9. ਦੂਧੁ ਤ ਬਛਰੈ ਥਨਹੁ ਬਿਟਾਰਿਓ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਕਰਮ-ਕਾਂਡਾਂ ਦੀ ਨਿਹਫਲਤਾ ਬਾਰੇ ਸਮਝਾਉਂਦੇ ਹਨ। ਆਪ ਅਨੁਸਾਰ ਜੇ ਮੈਂ ਆਪਣੇ ਦੇਵਤੇ ਨੂੰ ਦੁੱਧ ਚੜ੍ਹਾਂਉਂਦਾ ਹਾਂ ਤਾਂ ਦੁੱਧ ਨੂੰ ਤਾਂ ਪਹਿਲਾਂ ਹੀ ਗਊ ਦੇ ਵੱਛੇ ਨੇ ਜੂਠਾ ਕਰ ਰੱਖਿਆ ਹੈ। ਇਸੇ ਤਰ੍ਹਾਂ ਫੁੱਲਾਂ ਨੂੰ ਭੌਰੇ ਨੇ ਬੇਹਾ ਅਤੇ ਜਲ ਨੂੰ ਮੱਛੀ ਨੇ ਵਿਗਾੜ ਦਿੱਤਾ ਹੈ। ਇਸ ਵਾਸਤੇ ਮੈਂ ਇਹ ਪਹਿਲਾਂ ਹੀ ਭੋਗੀਆਂ ਹੋਈਆਂ ਚੀਜ਼ਾਂ ਆਪਣੇ ਇਸ਼ਟਦੇਵ ਅੱਗੇ ਕਿਸ ਤਰ੍ਹਾਂ ਅਰਪਿਤ ਕਰ ਸਕਦਾ ਹਾਂ। ਹੇ ਮੇਰੀ ਮਾਂ ਆਪਣੇ ਗੋਬਿੰਦ ਦੀ ਪੂਜਾ ਵਾਸਤੇ ਸੁੱਚੀ ਸਾਮਗਰੀ ਦੀ ਤਲਾਸ਼ ਕਿਥੋਂ ਕਰਾਂ? ਦੁਨੀਆਂ ਦੇ ਸਾਰੇ ਬਗੀਚਿਆਂ ਵਿਚੋਂ ਮੈਨੂੰ ਇਕ ਵੀ ਫੁੱਲ ਅਜਿਹਾ ਨਹੀਂ ਲੱਭਦਾ ਜੋ ਪੂਰੀ ਤਰ੍ਹਾਂ ਸੁੱਚਾ ਹੋਵੇ।

ਜੇ ਮੈਂ ਚੰਦਨ ਦਾ ਤਿਲਕ ਆਪਣੇ ਦੇਵਤੇ ਨੂੰ ਲਗਾਉਣ ਦਾ ਵਿਚਾਰ ਕਰਦਾ ਹਾਂ ਤਾਂ ਇਸ ਰੁੱਖ ਉਤੇ ਸੱਪ ਚੜ੍ਹੇ ਹੋਏ ਹਨ। ਇਹ ਧੂਪ, ਇਹ ਦੀਵੇ ਅਤੇ ਸਾਰੀ ਪੂਜਾ-ਸਮੱਗਰੀ ਬੇਹੀ ਹੈ। ਮੈਂ ਇਸ ਨੂੰ ਕਿਵੇਂ ਅਰਪਿਤ ਕਰਾਂ। ਅੰਤ ਵਿਚ ਰਵਿਦਾਸ ਜੀ ਕਹਿੰਦੇ ਹਨ ਕਿ ਸਾਨੂੰ ਆਪਣਾ ਤਨ-ਮਨ ਅਰਪਿਤ ਕਰਕੇ ਹੀ ਪੂਜਾ ਕਰਨੀ ਚਾਹੀਦੀ ਹੈ। ਫੇਰ ਹੀ ਗੁਰੂ ਦੀ ਕ੍ਰਿਪਾ ਦੁਆਰਾ ਨਿਰੰਜਨ ਰੂਪੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ।

## 1.4.2.10. ਜਬ ਹਮ ਹੋਤੇ ਤਬ ਤੁਮ ਨਾਹੀ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਹਉਮੈਂ ਦੇ ਨਿਵਾਰਨ ਉਤੇ ਜ਼ੋਰ ਦਿੰਦੇ ਹਨ। ਆਪ ਫੁਰਮਾਉਂਦੇ ਹਨ ਕਿ ਜਦੋਂ ਤਕ ਜੀਵ ਦੇ ਮਨ ਵਿਚ ਜੇ ਮੈਂ ਵੜੀ ਰਹਿੰਦੀ ਹੈ ਤਾਂ ਪਰਮਾਤਮਾ ਉਸ ਤੋਂ ਦੂਰ ਰਹਿੰਦਾ ਹੈ। ਜਦ ਇਹ ਮੈਂ ਖ਼ਤਮ ਹੋ ਜਾਂਦੀ ਹੈ ਤਾਂ ਤੂੰ-ਹੀ-ਤੂੰ ਬਾਕੀ ਰਹਿੰਦਾ ਹੈ। ਜਿਵੇਂ ਹਵਾ ਕਰਕੇ ਸਮੁੰਦਰ ਵਿਚ ਅਨੇਕਾਂ ਲਹਿਰਾਂ ਪੈਦਾ ਹੁੰਦੀਆਂ ਹਨ ਅਤੇ ਅੰਤ ਉਸੇ ਵਿਚ ਸਮਾ ਜਾਂਦੀਆਂ ਹਨ, ਇਸ ਤਰ੍ਹਾਂ ਸਾਰੇ ਜੀਵ ਪਰਮਾਤਮਾ ਵਿਚੋਂ ਪੈਦਾ ਹੋ ਕੇ ਉਸੇ ਵਿਚ ਸਮਾ ਜਾਂਦੇ ਹਨ। ਹੇ ਮੇਰੇ ਪਰਮਾਤਮਾ' ਇਹੋ ਜਿਹੇ ਭਰਮ ਦਾ ਕੀ ਕਰੀਏ ਕਿ ਜੋ ਨਜ਼ਰ ਆਉਂਦਾ ਹੈ, ਵਾਸਤਵ ਵਿਚ ਉਹੋ ਜਿਹਾ ਹੁੰਦਾ ਨਹੀਂ ਹੈ। ਜਿਵੇਂ ਇਕ ਵਾਰ ਇਕ ਰਾਜਾ ਆਪਣੇ ਸਿੰਘਾਸਣ ਉਤੇ ਬੈਠਾ-ਬੈਠਾ ਸੋ ਗਿਆ। ਉਸ ਨੂੰ ਸੁਪਨਾ ਆਇਆ ਕਿ ਉਹ ਭਿਖਾਰੀ ਬਣ ਗਿਆ ਹੈ। ਰਾਜ ਭਾਗ ਦੇ ਹੁੰਦਿਆਂ ਹੋਇਆਂ ਵੀ ਉਹ ਇਸ ਸੁਪਨੇ ਕਾਰਨ ਬਹੁਤ ਦੁਖੀ ਹੋਇਆ। ਇਹੋ ਜਿਹੀ ਅਵਸਥਾ ਸਾਡੀ ਸਭ ਦੀ ਹੈ। ਸਭ ਕੁਝ ਹੁੰਦਿਆਂ-ਸੁੰਦਿਆਂ ਅਗਿਆਨ ਦੀ ਨੀਂਦ ਵਿਚ ਡੁੱਬੇ ਹੋਣ ਕਾਰਨ ਸਾਡੀ ਅਵਸਥਾ ਵੀ ਭਿਖਾਰੀਆਂ ਵਾਲੀ ਬਣ ਗਈ ਹੈ।

ਜਿਵੇਂ ਡਰਿਆ ਹੋਇਆ ਬੰਦਾ ਕਈ ਵਾਰ ਰੱਸੀ ਨੂੰ ਸੱਪ ਸਮਝ ਬੈਠਦਾ ਹੈ। ਇਹ ਅਵਸਥਾ ਆਮ ਦੁਨੀਆਂਦਾਰ ਵਿਅਕਤੀ ਦੀ ਹੁੰਦੀ ਹੈ। ਪਰ ਹੁਣ ਸਾਨੂੰ ਪਰਮਾਤਮਾ ਦੀ ਕ੍ਰਿਪਾ ਕਾਰਨ ਸਾਰਾ ਰਹੱਸ ਸਮਝ ਵਿਚ ਆ ਗਿਆ ਹੈ। ਸਾਰੇ ਜੀਵਾਂ ਦੇ ਦਿਲਾਂ ਅੰਦਰ ਉਹੀ ਇਕ ਪਰਮਾਤਮਾ ਨਿਵਾਸ ਕਰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਉਹ ਪਰਮਾਤਮਾ ਸਾਡੀ ਬਾਂਹ ਦੀ ਪਕੜ ਤੋਂ ਵੀ ਨੇੜੇ ਹੈ। ਉਸਨੂੰ ਸਹਿਜ-ਭਾਵ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

## 1.4.2.11. ਜਉ ਤੁਮ ਗਿਰਿਵਰ ਤਉ ਹਮ ਮੋਰਾ

ਇਸ ਸ਼ਬਦ ਵਿਚ ਰਵਿਦਾਸ ਜੀ ਪਰਮਾਤਮਾ ਨਾਲ ਆਪਣੀ ਨੇੜਤਾ ਦਾ ਵਰਣਨ ਕਰਦੇ ਹਨ। ਆਪ ਅਨੁਸਾਰ ਜੇ ਉਹ ਪਰਮਾਤਮਾ ਪਹਾੜ ਹੈ ਤਾਂ ਮੈਂ ਉਸ ਪਹਾੜ ਨੂੰ ਪਿਆਰ ਕਰਨ ਵਾਲਾ ਮੋਰ ਹਾਂ। ਜੇ ਉਹ ਚੰਦਰਮਾ ਹੈ ਤਾਂ ਮੈਂ ਚਕੋਰ ਹਾਂ। ਜੇ ਉਹ ਦੀਵਾ ਹੈ ਤਾਂ ਮੈਂ ਉਸ ਵਿਚ ਬਲਣ ਵਾਲੀ ਬੱਤੀ ਹਾਂ। ਜੇ ਉਹ ਤੀਰਥ ਵਰਗਾ ਪਵਿੱਤਰ ਹੈ ਤਾਂ ਮੈਂ ਤੀਰਥ-ਯਾਤਰੀ ਹਾਂ।

ਰਵਿਦਾਸ ਜੀ ਕਹਿੰਦੇ ਹਨ ਕਿ ਜੇ ਉਹ ਪਰਮਾਤਮਾ ਸਾਨੂੰ ਆਪਣੀ ਰਜ਼ਾ ਵਿਚ ਨਾ ਚਲਾਵੇ ਤਾਂ ਅਸੀ ਕਿਵੇਂ ਚੱਲ ਸਕਦੇ ਹਾਂ। ਸੋ ਉਸ ਦੇ ਚਰਨਾਂ ਨਾਲੋਂ ਪ੍ਰੀਤੀ ਤੋੜ ਕੇ ਕਿਸੇ ਹੋਰ ਨਾਲ ਜੋੜਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਉਸ ਨਾਲ ਪ੍ਰੀਤ ਜੋੜਿਆਂ ਵਿਸ਼ੇ-ਵਿਕਾਰ ਆਪਣੇ ਆਪ ਖ਼ਤਮ ਹੋ ਜਾਂਦੇ ਹਨ। ਰਵਿਦਾਸ ਜੀ ਕਹਿੰਦੇ ਹਨ ਕਿ

ਮੈਂ ਹੋਰ ਕਿਸੇ ਦੇਵੀ ਦੇਵਤੇ ਨੂੰ ਪਰਮਾਤਮਾ ਦੇ ਤੁਲ ਨਹੀਂ ਸਮਝਦਾ ਕਿਉਂਕਿ ਉਸੇ ਦੇ ਸਿਮਰਨ ਦੁਆਰਾ ਜਮਾਂ ਦੀ ਫਾਂਸੀ ਕੱਟੀ ਜਾ ਸਕਦੀ ਹੈ।

## 1.4.2.12. ਜਲ ਕੀ ਭੀਤਿ ਪਵਨ ਦਾ ਥੰਮਾ

ਇਸ ਸ਼ਬਦ ਵਿਚ ਰਵਿਦਾਸ ਜੀ ਮਨੁੱਖੀ ਦੇਹੀ ਦੇ ਕਰਤੱਵ ਬਾਰੇ ਵਿਚਾਰ ਕਰ ਰਹੇ ਹਨ। ਆਪ ਅਨੁਸਾਰ ਜੀਵ ਦਾ ਸਰੀਰ ਪਾਣੀ ਆਦਿਕ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਪਾਣੀ ਦੀਆਂ ਦੀਵਾਰਾਂ ਹਨ, ਸਾਹਾਂ ਦੇ ਥੰਮਾਂ ਦਾ ਸਹਾਰਾ ਹੈ ਮਾਤਾ ਦੇ ਰਕਤ ਅਤੇ ਪਿਤਾ ਦੇ ਬਿੰਦ ਦੁਆਰਾ ਇਨ੍ਹਾਂ ਦੀਵਾਰਾਂ ਅਤੇ ਥੰਮਾਂ ਦੀ ਲਿਪਾਈ ਕੀਤੀ ਜਾਂਦੀ ਹੈ। ਹੱਡ, ਮਾਸ ਅਤੇ ਨਾੜੀਆਂ ਦਾ ਪਿੰਜਰਾ ਬਣਿਆ ਹੋਇਆ ਹੈ ਜਿਸ ਵਿਚ ਆਤਮਾ ਰੂਪੀ ਪੰਛੀ ਦਾ ਨਿਵਾਸ ਹੈ। ਹੇ ਪ੍ਰਾਣੀ' ਇਸ ਸੰਸਾਰ ਵਿਚ ਤੇਰਾ ਜਾਂ ਮੇਰਾ ਕੁਝ ਵੀ ਨਹੀਂ। ਕਿਉਂਕਿ ਸਾਡਾ ਕਿਆਮ ਤਾਂ ਇਥੇ ਉਸੇ ਤਰ੍ਹਾਂ ਹੈ ਜਿਵੇਂ ਇਕ ਰੁਖ ਉਤੇ ਕੋਈ ਪੰਛੀ ਰਾਤ ਕੱਟ ਕੇ ਉਡ ਜਾਂਦਾ ਹੈ।

ਅਗਿਆਨੀ ਇਨਸਾਨ ਡੂੰਘੀਆਂ ਨੀਹਾਂ ਪੁਟਵਾ ਕੇ, ਉਚੀਆਂ-ਉਚੀਆਂ ਕੰਧਾਂ ਉਸਾਰ ਕੇ ਵੱਡੇ-ਵੱਡੇ ਭਵਨ ਤਿਆਰ ਕਰਵਾਉਂਦਾ ਰਹਿੰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਉਸ ਨੂੰ ਤਾਂ ਸਾਢੇ ਤਿੰਨ ਹੱਥ ਜ਼ਮੀਨ ਹੀ ਕਾਫ਼ੀ ਹੈ। ਉਹ ਆਪਣੇ ਖ਼ੂਬਸੂਰਤ ਵਾਲਾਂ ਨੂੰ ਸੰਵਾਰ ਦੇ ਸਿਰ ਉਪਰ ਟੇਢੀ ਪਗੜੀ ਬੰਨ ਕੇ ਆਕੜਿਆ ਫਿਰਦਾ ਹੈ ਪਰ ਉਹ ਭੁੱਲ ਜਾਂਦਾ ਹੈ ਕਿ ਇਸ ਸੁੰਦਰ ਸਰੀਰ ਨੇ ਇਕ ਦਿਨ ਮਿੱਟੀ ਵਿਚ ਮਿਲ ਜਾਣਾ ਹੈ। ਉਹ ਆਪਣੇ ਰਹਿਣ ਲਈ ਵੱਡੇ-ਵੱਡੇ ਮਹਿਲ ਬਣਵਾਉਂਦਾ ਫਿਰਦਾ ਹੈ, ਸੁੰਦਰ ਇਸਤਰੀਆਂ ਨਾਲ ਪ੍ਰੇਮ ਪਾਉਂਦਾ ਹੈ ਪਰ ਰਾਮ-ਨਾਮ ਦੇ ਭਜਨ ਤੋਂ ਬਿਨਾਂ ਉਹ ਆਪਣੇ ਜੀਵਨ ਦੀ ਬਾਜ਼ੀ ਹਾਰ ਜਾਵੇਗਾ। ਰਵਿਦਾਸ ਜੀ ਫ਼ੁਰਮਾਉਂਦੇ ਹਨ ਕਿ ਉਨ੍ਹਾਂ ਪਾਸ ਦੁਨਿਆਵੀ ਅਭਿਮਾਨ ਕਰਨ ਵਾਲੀ ਕੋਈ ਵਸਤੂ ਨਹੀਂ ਹੈ। ਮੇਰੀ ਜਾਤ ਵੀ ਛੋਟੀ ਹੈ ਅਤੇ ਮੇਰਾ ਵੰਸ਼ ਵੀ ਮਾਮੂਲੀ ਹੈ ਪਰੰਤੂ ਮੈਂ ਪਰਮਾਤਮਾ ਦੀ ਸ਼ਰਨ ਵਿਚ ਆ ਗਿਆ ਹਾਂ। ਇਸ ਲਈ ਹੁਣ ਮੈਨੂੰ ਕੋਈ ਫਿਕਰ ਨਹੀਂ ਰਿਹਾ। ਹੁਣ ਮੇਰਾ ਪਾਰਉਤਾਰਾ ਜ਼ਰੂਰ ਹੋ ਜਾਵੇਗਾ।

## 1.4.2.13. ਨਾਮੁ ਤੇਰੋ ਆਰਤੀ ਮਜਨੁ ਮੁਰਾਰੇ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਪੂਜਾ ਤੇ ਆਰਤੀ ਦੀ ਨਿਹਫਲਤਾ ਨੂੰ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਪਰਮਾਤਮਾ' ਤੇਰਾ ਨਾਮ ਹੀ ਮੇਰੀ ਆਰਤੀ ਹੈ ਅਤੇ ਤੇਰਾ ਨਾਮ ਹੀ ਮੇਰਾ ਤੀਰਥ-ਇਸ਼ਨਾਨ ਹੈ। ਤੇਰੇ ਨਾਮ ਤੋਂ ਬਿਨਾਂ ਦੁਨੀਆਂ ਦੇ ਸਾਰੇ ਤਮਾਸ਼ੇ ਝੂਠੇ ਹਨ।

ਇਸੇ ਤਰ੍ਹਾਂ ਤੇਰਾ ਨਾਮ ਹੀ ਮੇਰਾ ਪੂਜਾ-ਸਥਾਨ ਹੈ ਅਤੇ ਤੇਰਾ ਨਾਮ ਹੀ ਚੰਦਨ ਰਗੜਨ ਵਾਲਾ ਪੱਥਰ ਹੈ। ਤੇਰੇ ਨਾਮ ਰੂਪੀ ਕੇਸਰ ਦੇ ਮੈਂ ਛਿੱਟੇ ਮਾਰਦਾ ਹਾਂ। ਤੇਰਾ ਨਾਮ ਹੀ ਚੰਦਨ ਰੂਪੀ ਸੁਗੰਧ ਹੈ ਜਿਸ ਨੂੰ ਰਗੜ ਕੇ ਮੈਂ ਆਪਣੇ ਮੱਥੇ ਉੱਤੇ ਤਿਲਕ ਲਗਾਉਂਦਾ ਹਾਂ। ਤੇਰਾ ਨਾਮ ਹੀ ਆਰਤੀ ਦੇ ਥਾਲ ਵਿਚ ਟਿਕੇ ਹੋਏ ਦੀਵੇ ਹਨ ਅਤੇ ਤੇਰਾ ਨਾਮ ਰੂਪੀ ਤੇਲ ਪਾ ਕੇ ਹੀ ਮੈਂ ਇਨ੍ਹਾਂ ਦੀਵਿਆਂ ਨੂੰ ਬਾਲਦਾ ਹਾਂ ਜਿਸ ਦੇ ਨਾਲ ਸਾਰੀ ਦੁਨੀਆਂ ਵਿਚ ਗਿਆਨ ਦੀ ਰੋਸ਼ਨੀ ਫੈਲ ਜਾਂਦੀ ਹੈ। ਤੇਰੇ ਨਾਮ ਦਾ ਧਾਗਾ ਲੈ ਕੇ ਹੀ ਮੈਂ ਫੁੱਲ-ਮਾਲਾਵਾਂ ਪਰੋਂਦਾ ਹਾਂ। ਮੈਂ ਵੀ ਕਿੰਨਾ ਮੂਰਖ ਹਾਂ ਕਿ ਤੇਰੀਆਂ ਦਿੱਤੀਆਂ ਹੋਈਆਂ ਚੀਜ਼ਾਂ ਤੈਨੂੰ ਅਰਪਿਤ ਕਰਕੇ ਕਿੰਨਾ ਖੁਸ਼ ਹੋ ਰਿਹਾ ਹਾਂ। ਪਰਮਾਤਮਾ ਤੂੰ ਹੀ ਸਾਰੇ ਪਾਸੇ ਪੈਣ ਨਾਲ ਚੋਜ ਕਰ ਰਿਹਾ ਏਂ। ਰਵਿਦਾਸ ਜੀ ਦਾ ਕਥਨ ਹੈ ਕਿ ਅਠਾਰਾਂ ਤੀਰਥ ਅਤੇ ਚਾਰੇ ਖਾਣੀਆਂ ਪਰਮਾਤਮਾ ਦੀਆਂ ਸਿਰਜੀਆਂ ਹੋਈਆਂ ਹਨ। ਇਹ ਸਭ ਉਸਦੇ ਨਾਮ ਦੀ ਆਰਤੀ ਕਰ ਰਹੇ ਹਨ ਅਤੇ ਸਤਿਨਾਮ ਦਾ ਭੋਗ ਸਾਰੀ ਦੁਨੀਆਂ ਵਿਚ ਵਰਤ ਰਿਹਾ ਹੈ।

## 1.4.2.14. ਸਹੁ ਕੀ ਸਾਰ ਸੁਹਾਗਨਿ ਜਾਨੈ

ਇਸ ਸ਼ਬਦ ਵਿਚ ਰਵਿਦਾਸ ਜੀ ਪ੍ਰਭੂ-ਭਗਤੀ ਦੀ ਮਹਿਮਾ ਨੂੰ ਬਿਆਨ ਕਰਦੇ ਹਨ। ਆਪ ਅਨੁਸਾਰ ਜਿਵੇਂ ਪਤੀ ਦੀ ਕਦਰ ਕਿਸੇ ਸੁਹਾਗਣ ਨੂੰ ਹੁੰਦੀ ਹੈ ਅਤੇ ਉਹ ਆਪਣਾ ਅਭਿਮਾਨ ਛੱਡ ਕੇ ਪਤੀ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਖੁਸ਼ੀਆਂ ਮਾਣਦੀ ਹੈ, ਇਸੇ ਤਰ੍ਹਾਂ ਪਰਮਾਤਮਾ ਦੀ ਕਦਰ ਇਕ ਭਗਤ ਨੂੰ ਹੀ ਹੋ ਸਕਦੀ ਹੈ।

ਜਿਸ ਜੀਵ ਰੂਪੀ ਇਸਤਰੀ ਨੂੰ ਪਤੀ-ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਦੁਖੀ ਰਹਿੰਦੀ ਹੈ, ਉਸ ਦੇ ਲੋਕ ਅਤੇ ਪਰਲੋਕ ਦੋਵੇਂ ਖਰਾਬ ਹੋ ਜਾਂਦੇ ਹਨ। ਜਿਨ੍ਹਾਂ ਨੇ ਪਤੀ-ਪਰਮਾਤਮਾ ਦੀ ਨਿਰੰਤਰ ਭਗਤੀ ਨਹੀਂ ਕੀਤੀ ਹੁੰਦੀ, ਉਹ ਜੀਵ ਰੂਪੀ ਇਸਤਰੀਆਂ ਕਦੇ ਵੀ ਸੁਹਾਗਣਾਂ ਨਹੀਂ ਅਖਵਾ ਸਕਦੀਆਂ। ਉਨ੍ਹਾਂ ਨੂੰ ਜਮ-ਮਾਰਗ ਤੇ ਜਾਣਾ ਪਵੇਗਾ ਜਿਹੜਾ ਬੜਾ ਔਖਾ ਅਤੇ ਬਿਖੜਾ ਹੈ। ਨਾਲ ਕੋਈ ਸਾਥੀ-ਸੰਗੀ ਨਹੀਂ ਹੁੰਦਾ। ਇਕੱਲਿਆਂ ਨੂੰ ਹੀ ਇਹ ਮਾਰਗ ਪਾਰ ਕਰਨਾ ਪੈਂਦਾ ਹੈ। ਰਵਿਦਾਸ ਜੀ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ ਕਿ ਮੈਂ ਦੁਖੀ ਹਾਂ ਅਤੇ ਦਿਆਲੂ ਪਰਮਾਤਮਾ ਦੇ ਦਰਵਾਜ਼ੇ ਅੱਗੇ ਆ ਪਹੁੰਚਿਆ ਹਾਂ। ਪਰਮਾਤਮਾ ਦੇ ਦਰਸ਼ਨਾਂ ਦੀ ਬਹੁਤ ਇੱਛਾ ਹੈ ਪਰ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ। ਆਪ ਬੇਨਤੀ ਕਰਦੇ ਹਨ ਕਿ ਹੁਣ ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ। ਜਿਸ ਤਰ੍ਹਾਂ ਵੀ ਤੁਹਾਡੀ ਇੱਛਾ ਹੋਵੇ, ਉਸੇ ਤਰ੍ਹਾਂ ਮੇਰੀ ਗਤੀ ਕਰ ਦੇਵੋ, ਮੈਨੂੰ ਮੁਕਤੀ ਦੀ ਦਾਤ ਬਖਸ਼ੋ।

## 1.4.2.15. ਊਚੇ ਮੰਦਰ ਸਾਲ ਰਸੋਈ

ਇਸ ਸ਼ਬਦ ਵਿਚ ਰਵਿਦਾਸ ਜੀ ਵਿਅਕਤੀ ਨੂੰ ਜੀਵਨ ਦੀ ਨਾਸ਼ਮਾਨਤਾ ਦਾ ਬੋਧ ਕਰਵਾਉਂਦੇ ਹਨ। ਆਪ ਕਹਿੰਦੇ ਹਨ ਕਿ ਵਿਅਕਤੀ ਨੇ ਆਪਣੇ ਰਹਿਣ ਲਈ ਉੱਚੇ ਉੱਚੇ ਭਵਨ ਅਤੇ ਖਾਣਾ ਖਾਣ ਲਈ ਵੱਡੀਆਂ-ਵੱਡੀਆਂ ਰਸੋਈਆਂ ਬਣਾ ਲਈਆਂ ਹਨ। ਪਰ ਉਹ ਨਹੀਂ ਜਾਣਦਾ ਕਿ ਉਸ ਦਾ ਜੀਵਨ ਬੜਾ ਥੋੜਾ ਹੈ ਅਤੇ ਮੌਤ ਤੋਂ ਪਿੱਛੋਂ ਉਹ ਇਨ੍ਹਾਂ ਭਵਨਾਂ ਵਿਚ ਇਕ ਘੜੀ ਵੀ ਨਹੀਂ ਠਹਿਰ ਸਕੇਗਾ। ਇਹ ਸਰੀਰ ਤਾਂ ਇਸ ਤਰ੍ਹਾਂ ਹੈ, ਜਿਵੇ ਂ ਘਾਹ-ਫੂਸ ਦੀ ਬਣੀ ਹੋਈ ਝੋਪੜੀ ਹੋਵੇ। ਮੌਤ ਆਉਣ ਤੇ ਘਾਹ-ਫੂਸ ਸੜ ਜਾਵੇਗਾ ਅਤੇ ਇਹ ਸਰੀਰ ਮਿੱਟੀ ਵਿਚ ਮਿਲ ਜਾਵੇਗਾ।

ਅਸੀਂ ਆਪਣੇ ਇਰਦ-ਗਿਰਦ ਭੈਣ-ਭਰਾਵਾਂ, ਰਿਸ਼ਤੇਦਾਰਾਂ ਅਤੇ ਪਰਿਵਾਰ ਦਾ ਵੱਡਾ ਖਲਜਗਣ ਖੜਾ ਕਰ ਲੈਂਦਾ ਹਾਂ ਪਰੰਤੂ ਮੌਤ ਤੋਂ ਬਾਅਦ ਉਹ ਵੀ ਕਹਿਣ ਲੱਗਦੇ ਹਨ ਕਿ ਮ੍ਰਿਤਕ ਨੂੰ ਜਲਦੀ-ਜਲਦੀ ਘਰ ਤੋਂ ਬਾਹਰ ਕੱਢ ਦੇਵੋ। ਘਰ ਦੀ ਇਸਤਰੀ, ਜਿਸ ਨੂੰ ਸਾਰੀ ਉਮਰ ਦਿਲ ਨਾਲ ਲਾ ਕੇ ਰੱਖਿਆ ਹੁੰਦਾ ਹੈ। ਉਹ ਵੀ ਮ੍ਰਿਤਕ ਨੂੰ ਭੂਤ-ਭੂਤ ਕਹਿ ਕੇ ਉਸ ਤੋਂ ਬਚਣ ਦੀ ਕੋਸ਼ਿਸ਼ ਕਰਦੀ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਕੇਵਲ ਪਰਮਾਤਮਾ ਦਾ ਨਾਮ ਲੈਣ ਤੇ ਹੀ ਦਰਗਾਹ ਵਿਚ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ। ਇਸ ਲਈ ਵਿਅਕਤੀ ਨੂੰ ਦੁਨਿਆਵੀ ਕੰਮ-ਧੰਦੇ ਛੱਡ ਕੇ ਪ੍ਰਭੂ-ਭਗਤੀ ਦੇ ਮਾਰਗ ਤੇ ਚੱਲਣਾ ਚਾਹੀਦਾ ਹੈ।

## 4.2.16. ਜੇ ਓਹੁ ਅਠਸਠਿ ਤੀਰਥ ਨਾਵੈ

ਇਸ ਸ਼ਬਦ ਵਿਚ ਰਵਿਦਾਸ ਜੀ ਨਿੰਦਕ ਦੀ ਪ੍ਰਕ੍ਰਿਤੀ ਬਾਰੇ ਵਿਚਾਰ ਕਰਦੇ ਹਨ। ਆਪ ਅਨੁਸਾਰ ਭਾਵੇਂ ਉਹ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਵੇ, ਬਾਰਾਂ ਸ਼ਿਵਲਿੰਗਾਂ ਦੀ ਪੂਜਾ ਕਰ ਲਵੇ, ਬਹੁਤ ਸਾਰੇ ਖੂਹ ਅਤੇ ਤਲਾਬ ਪੁਟਵਾ ਕੇ ਲੋਕਾਂ ਦੀ ਸੇਵਾ ਕਰ ਲਵੇ ਪਰ ਜੇ ਉਹ ਸੰਤ ਜਨਾਂ ਦੀ ਨਿੰਦਾ ਕਰਨ ਦੇ ਦੋਸ਼ ਦਾ ਭਾਗੀ ਹੈ ਤਾਂ ਉਸ ਦੁਆਰਾ ਕੀਤੇ ਹੋਏ ਸਾਰੇ ਪੁੰਨ-ਕਾਰਜ ਵਿਅਰਥ ਚਲੇ ਜਾਣਗੇ। ਸੰਤਾਂ ਦੀ ਨਿੰਦਾ ਕਰਨ ਵਾਲੇ ਵਿਅਕਤੀ ਦਾ ਪਾਰ ਉਤਾਰਾ ਨਹੀਂ ਹੋ ਸਕਦਾ। ਉਸ ਨੂੰ ਤਾਂ ਆਖਰ ਨਰਕਾਂ ਦੀ ਅਗਨੀ ਵਿਚ ਹੀ ਸੜਨਾ ਪਵੇ ਗਾ। ਰਵਿਦਾਸ ਜੀ ਨਿੰਦਕਾਂ ਨੂੰ ਉਪਦੇਸ਼ ਕਰਦੇ ਹੋਏ ਕਹਿੰਦੇ ਹਨ ਕਿ ਨਿੰਦਕ ਕਦੇ ਵੀ ਗੁੱਝਾ ਨਹੀਂ ਰਹਿ ਸਕਦਾ। ਇਸ ਲਈ ਕਦੇ ਕਿਸੇ ਦੀ ਨਿੰਦਾ ਨਾ ਕਰੋ।

## 1.4.2.17. ਪੜੀਐ ਗੁਨੀਐ ਨਾਮ ਸਭੁ ਸੁਨੀਐ

ਰਵਿਦਾਸ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਨੂੰ ਭਾਵੇਂ ਕਿੰਨਾ ਵੀ ਪੜ੍ਹ-ਸੁਣ ਲਈਏ ਪਰੰਤੂ ਜਿਤਨੀ ਦੇਰ ਤਕ ਉਸ ਪ੍ਰਤੀ ਪ੍ਰੇਮ-ਭਾਵਨਾ ਪ੍ਰਗਟ ਨਹੀਂ ਹੁੰਦੀ। ਉਤਨੀ ਦੇਰ ਤਕ ਇਸ ਤੋਤਾ ਰਟਣੀ ਦਾ ਕੋਈ ਅਰਥ ਨਹੀਂ ਹੈ। ਜਿਸ ਤਰ੍ਹਾਂ ਲੋਹਾ ਉਤਨੀ ਦੇਰ ਤਕ ਸੋਨੇ ਦਾ ਰੂਪ ਨਹੀਂ ਜਿਤਨੀ ਦੇਰ ਤਕ ਉਸ ਨੂੰ ਪਾਰਸ ਨਾਲ ਨਾ ਛੋਹਿਆ ਜਾਵੇ। ਇਸੇ ਤਰ੍ਹਾਂ ਪ੍ਰੇਮਾ-ਭਗਤੀ ਤੋਂ ਬਿਨਾਂ ਵਿਅਕਤੀ ਦਾ ਪਾਰ-ਉਤਾਰਾ ਨਹੀਂ ਹੋ ਸਕਦਾ।

ਰਵਿਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਪਰਮਾਤਮਾ' ਮੇਰੇ ਮਨ ਵਿਚੋਂ ਸ਼ੰਕਿਆਂ ਦੀ ਗੰਢ ਨਹੀਂ ਖੁਲ੍ਹਦੀ। ਮੈਨੂੰ ਕਾਮ, ਕ੍ਰੋਧ, ਮਾਇਆ, ਅਭਿਮਾਨ ਅਤੇ ਈਰਖਾ ਆਦਿਕ ਵਿਸ਼ੇ-ਵਿਕਾਰਾਂ ਨੇ ਲੁੱਟ ਲਿਆ ਹੈ। ਸਾਡਾ ਇਹ ਅਭਿਮਾਨ ਕਦੇ ਖ਼ਤਮ ਨਹੀਂ ਹੁੰਦਾ ਕਿ ਅਸੀਂ ਵੱਡੇ ਕਵੀ ਹਾਂ, ਸ੍ਰੇਸ਼ਠ ਹਾਂ, ਪੰਡਿਤ ਹਾਂ ਜਾਂ ਜੋਗੀ, ਸੰਨਿਆਸੀ ਹਾਂ। ਇਹ ਅਭਿਮਾਨ ਹੀ ਸਾਡਾ ਪਾਰ ਉਤਾਰਾ ਨਹੀਂ ਹੋਣ ਦਿੰਦਾ। ਰਵਿਦਾਸ ਜੀ ਕਹਿੰਦੇ ਹਨ ਕਿ ਲੋਕ ਪਾਗਲਾਂ ਵਾਂਗ ਵਿਵਹਾਰ ਕਰਦੇ ਹਨ। ਉਨ੍ਹਾਂ ਨੂੰ ਆਪਣੀ ਹਸਤੀ ਬਾਰੇ ਮਿਥਿਆ ਅਭਿਮਾਨ ਰਹਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਮੈਨੂੰ ਤਾਂ ਪਰਮਾਤਮਾ ਦੇ ਨਾਮ ਦਾ ਹੀ ਆਸਰਾ ਹੈ। ਉਹੀ ਮੇਰੇ ਪ੍ਰਾਣ ਹਨ ਅਤੇ ਉਹੀ ਮੇਰੀ ਕੁਲ ਸੰਪਤੀ ਹੈ। ਇਸ ਤੋਂ ਬਿਨਾਂ ਮੈਨੂੰ ਹੋਰ ਕਿਸੇ ਚੀਜ਼ ਦਾ ਮਾਣ ਨਹੀਂ ਹੈ।

## 1.4.2.18. ਖਟੁ ਕਰਮ ਕੁਲ ਸੰਜੁਗਤੁ ਹੈ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਪਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਭਾਵੇਂ ਕੋਈ ਸ੍ਰੇਸ਼ਠ ਕਰਮ ਕਰਨ ਵਾਲਾ ਹੋਵੇ, ਉੱਚੀ ਕੁਲ ਵਿਚ ਜਨਮਿਆ ਹੋਵੇ ਪਰੰਤੂ ਜੇ ਉਹ ਪਰਮਾਤਮਾ ਦੇ ਚਰਨ-ਕੰਵਲਾਂ ਦੀ ਭਗਤੀ ਨਹੀਂ ਕਰਦਾ ਤਾਂ ਉਸ ਨੂੰ ਚੰਡਾਲਾਂ ਤੋਂ ਵੀ ਨੀਚ ਜਾਤੀ ਦਾ ਸਮਝਣਾ ਚਾਹੀਦਾ ਹੈ। ਹੇ ਮੇਰੇ ਮਨ' ਉਸ ਅਚੇਤ ਪਰਮਾਤਮਾ ਦਾ ਸਿਮਰਨ ਕਰ। ਉਸੇ ਦੇ ਸਿਮਰਨ ਨਾਲ ਪਾਰ-ਉਤਾਰਾ ਹੋਵੇਗਾ। ਤੂੰ ਬਾਲਮੀਕ ਦੀ ਕਹਾਣੀ ਤਾਂ ਸੁਣੀ ਹੋਈ ਹੈ। ਉਹ ਪੈਦਾ ਕਿਸ ਨੀਵੀਂ ਜਾਤ ਵਿਚ ਹੋਇਆ ਸੀ। ਉਸ ਦੇ ਕਰਮ ਕਿੰਨੇ ਮਾੜੇ ਸਨ। ਪਰੰਤੂ ਕਿਉਂਕਿ ਉਸ ਨੇ ਰਾਮ ਦੀ ਭਗਤੀ ਕੀਤੀ। ਇਸ ਲਈ ਉਸ ਨੂੰ ਮੁਕਤੀ ਮਿਲ ਗਈ। ਅਜਮਲ ਵਰਗੇ ਪਾਪੀ, ਪਿੰਗਲਾ ਵਰਗੀਆਂ ਵੇਸ਼ਵਾਵਾਂ, ਪੰਛੀਆਂ ਦਾ ਸ਼ਿਕਾਰ ਖੇਡਣ ਵਾਲੇ ਪੁਰਸ਼ ਅਤੇ ਕੁਚਰ ਵਰਗੇ ਹਾਥੀਆਂ ਦਾ ਵੀ ਪਰਮਾਤਮਾ ਨੇ ਉਧਾਰ ਕਰ ਦਿੱਤਾ ਸੀ। ਇਸ ਲਈ ਜੋ ਕੋਈ ਵੀ ਰਾਮ-ਨਾਮ ਦਾ ਸਿਮਰਨ ਕਰੇਗਾ, ਉਸਦਾ ਪਾਰ ਉਤਾਰਾ ਜ਼ਰੂਰ ਹੋ ਜਾਵੇਗਾ।

## ਕੀ ਤੁਸੀਂ ਦਸ ਸਕਦੇ ਹੋ ਕਿ :

(ੳ) ਆਦਿ ਗ੍ਰੰਥ ਵਿਚ ਭਗਤ ਰਵਿਦਾਸ ਦੇ ਕੁਲ ਕਿੰਨੇ ਸ਼ਬਦ ਹਨ?

(ਅ) ਪੰਜਾਬੀ ਕਾਵਿ-ਸੰਗ੍ਰਹਿ ਵਿਚ ਭਗਤ ਰਵਿਦਾਸ ਦੇ ਕਿੰਨੇ ਸ਼ਬਦ ਸ਼ਾਮਿਲ ਕੀਤੇ ਗਏ ਹਨ?

(ੲ) ਭਗਤ ਰਵਿਦਾਸ ਦੀ ਬਾਣੀ ਦੀ ਸ਼ਬਦਾਵਲੀ ਵਿਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਦੇ ਸ਼ਬਦ ਉਪਲਬਧ ਹਨ?

ਨੋਟ : ਪਹਿਲਾਂ ਇਹਨਾਂ ਪ੍ਰਸ਼ਨਾਂ ਦੇ ਉੱਤਰ ਇਕ ਕਾਗਜ਼ ਤੇ ਲਿਖੋ ਅਤੇ ਫਿਰ ਪਾਠ ਦੇ ਆਧਾਰ ਤੇ ਇਹਨਾਂ ਉੱਤਰਾਂ ਦੀ ਪੁਸ਼ਟੀ ਕਰੋ।

## 1.4.3 ਪ੍ਰਸੰਗ ਦੱਸ ਕੇ ਵਿਆਖਿਆ :

ਜਉ ਤੁਮ ਗਿਰਿਵਰ ਤਉ ਹਮ ਮੋਰਾ।।
ਜਉ ਤੁਮ ਚੰਦ ਹਮ ਭਏ ਹੈ ਚਕੋਰਾ।।
ਮਾਧਵੇ ਤੁਮ ਨਾ ਤੋਰਹੁ ਤਉ ਹਮ ਨਹੀ ਤੋਰਹਿ।।
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ।।

ਸੋਰਠਿ ਰਾਗ ਵਿਚ ਰਚਿਆ ਇਹ ਸ਼ਬਦ ਭਗਤ ਰਵਿਦਾਸ ਜੀ ਦੀ ਰਚਨਾ ਹੈ। ਰਵਿਦਾਸ ਜੀ ਨੇ ਪਰਮਾਤਮਾ ਨਾਲ ਪ੍ਰੇਮਾ ਭਗਤੀ ਕਰਨ ਦਾ ਉਪਦੇਸ਼ ਦਿੱਤਾ ਸੀ। ਆਪ ਅਨੁਸਾਰ ਹੋਰ ਸਾਰੇ ਕਰਮ-ਕਾਂਡ ਮਿਥਿਆ ਹਨ ਕਿਉਂਕਿ ਪਰਮਾਤਮਾ ਕਰਮ-ਕਾਂਡਾਂ ਉਪਰ ਨਹੀਂ ਰਿਝਦਾ। ਬਲਕਿ ਜਿਹੜਾ ਵਿਅਕਤੀ ਉਸ ਦੀ ਰਜ਼ਾ ਵਿਚ ਰਹਿੰਦਾ ਹੋਇਆ ਸੱਚੇ ਦਿਲੋਂ ਉਸਦਾ ਸਿਮਰਨ ਕਰਦਾ ਹੈ, ਉਹ ਆਵਾਗਵਣ ਤੋਂ ਮੁਕਤ ਹੋ ਜਾਂਦਾ ਹੈ। ਇਹ ਸ਼ਬਦ ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਕਲਿਤ ਕੀਤਾ ਗਿਆ ਹੈ। ਇਸ ਪੁਸਤਕ ਦੇ ਸੰਪਾਦਕ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਚਰਨ ਕੌਰ ਜੱਗੀ ਹਨ।

ਇਸ ਸ਼ਬਦ ਵਿਚ ਰਵਿਦਾਸ ਜੀ ਪਰਮਾਤਮਾ ਨਾਲ ਆਪਣੀ ਇਕਮਿਕਤਾ ਦੀ ਸਥਿਤੀ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਪਰਮਾਤਮਾ ਨਾਲ ਉਨ੍ਹਾਂ ਦਾ ਸੰਬੰਧ ਅਟੁੱਟ ਹੈ। ਜੇ ਪਰਮਾਤਮਾ ਪਹਾੜ ਹੈ ਤਾਂ ਭਗਤ ਜੀ ਉਸ ਪਹਾੜ ਨੂੰ ਪ੍ਰੇਮ ਕਰਨ ਵਾਲੇ ਮੋਰ ਹਨ। ਜੇ ਉਹ ਚੰਦਰਮਾ ਹੈ ਤਾਂ ਆਪ ਚਕੋਰ ਵਾਂਗ ਉਸ ਨੂੰ ਸੱਚਾ ਪ੍ਰੇਮ ਕਰਦੇ ਹਨ। ਰਵਿਦਾਸ ਜੀ ਕਹਿੰਦੇ ਹਨ ਕਿ ਭਗਤਾਂ ਦੇ ਮਨ ਵਿਚ ਪ੍ਰੇਮ-ਭਾਵ ਵੀ ਉਹੀ ਪਰਮਾਤਮਾ ਪੈਦਾ ਕਰਦਾ ਹੈ। ਏਨੇ ਸਰਵ ਸ਼ਕਤੀਮਾਨ ਪਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਨਾਲ ਪ੍ਰੇਮ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਆਪ ਪਰਮਾਤਮਾ ਦੀ ਮਰਜ਼ੀ ਵਿਚ ਬੱਝੇ ਹੋਏ ਉਸ ਨਾਲ ਸੱਚਾ ਪ੍ਰੇਮ ਕਰਦੇ ਹਨ।

ਇਹ ਸ਼ਬਦ ਵਿਚ ਰਵਿਦਾਸ ਜੀ ਰਹੱਸਾਤਮਕ ਅਨੁਭਵ ਨੂੰ ਬਿਆਨ ਕਰਦੇ ਹਨ। ਆਪ ਪਰਮਾਤਮਾ ਨੂੰ ਸੰਬੋਧਨ ਕਰਕੇ ਉਸ ਪ੍ਰਤੀ ਆਪਣੇ ਪ੍ਰੇਮ ਭਾਵਾਂ ਦਾ ਇਜ਼ਹਾਰ ਕਰਦੇ ਹਨ। ਕਾਵਿ-ਸ਼ਬਦਾਵਲੀ ਉੱਤੇ ਸੰਤ-ਭਾਖਾ ਦਾ ਪ੍ਰਭਾਵ ਹੈ। ਸਮੁੱਚੇ ਰੂਪ ਵਿਚ ਇਹ ਸ਼ਬਦ ਭਗਤ ਰਵਿਦਾਸ ਜੀ ਦੇ ਕਾਵਿ-ਲੋਕ ਦੀ ਪੂਰੀ-ਪੂਰੀ ਪ੍ਰਤੀਨਿਧਤਾ ਕਰਦਾ ਹੈ।

## 1.4.4 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ : ਭਗਤ ਰਵਿਦਾਸ ਅਨੁਸਾਰ ਜੀਵਾਤਮਾ ਅਤੇ ਪਰਮਾਤਮਾ ਵਿਚ ਕਿਹੋ ਜਿਹੇ ਸੰਬੰਧ ਹਨ?

ਉੱਤਰ : ਰਵਿਦਾਸ ਜੀ ਅਨੁਸਾਰ ਜੀਵਾਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ। ਜਿਵੇ ਂ ਸੋਨੇ ਦੀ ਧਾਤ ਅਤੇ ਇਸ ਤੋਂ ਬਣੇ ਹੋਏ ਗਹਿਣਿਆਂ ਵਿਚ ਕੋਈ ਅੰਤਰ ਨਹੀਂ ਹੁੰਦਾ, ਪਾਣੀ ਅਤੇ ਇਸ ਵਿਚੋਂ ਪੈਦਾ ਹੋਣ ਵਾਲੀਆਂ ਲਹਿਰਾਂ ਸਮਰੂਪ ਹੁੰਦੀਆਂ ਹਨ, ਇਸੇ ਤਰ੍ਹਾਂ ਜੀਵਾਤਮਾ ਅਤੇ ਪਰਮਾਤਮਾ ਵੀ ਇੱਕ ਹੀ ਹਨ।

ਪ੍ਰਸ਼ਨ : ਭਗਤ ਰਵਿਦਾਸ ਅਨੁਸਾਰ ਕਲਿਜੁਗ ਵਿਚ ਕੀ ਪ੍ਰਧਾਨ ਹੈ?

ਉੱਤਰ : ਰਵਿਦਾਸ ਜੀ ਲਿਖਦੇ ਹਨ ਕਿ ਜਿਵੇਂ ਸਤਿਜੁਗ ਵਿਚ ਸੱਚ, ਤ੍ਰੇਤੇ ਵਿਚ ਕਰਮ-ਕਾਂਡ ਅਤੇ ਦੁਆਪਰ ਵਿਚ ਪੂਜਾ ਪ੍ਰਧਾਨ ਸੀ। ਇਸੇ ਤਰ੍ਹਾਂ ਕਲਿਜੁਗ ਵਿਚ ਪਰਮਾਤਮਾ ਦਾ ਨਾਮ ਪ੍ਰਧਾਨ ਹੈ। ਇਸ ਯੁਗ ਵਿਚ ਆਵਾਗਵਨ ਤੋਂ ਮੁਕਤੀ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਿਆਂ ਹੀ ਪ੍ਰਾਪਤ ਹੋ ਸਕਦੀ ਹੈ।

ਪ੍ਰਸ਼ਨ : ਰਵਿਦਾਸ ਜੀ ਵਿਕਾਰਾਂ ਬਾਰੇ ਕੀ ਉਪਦੇਸ਼ ਦਿੰਦੇ ਹਨ?

ਉੱਤਰ : ਰਵਿਦਾਸ ਜੀ ਫੁਰਮਾਉਂਦੇ ਹਨ ਕਿ ਵਿਕਾਰ ਆਦਮੀ ਦੇ ਵਿਨਾਸ਼ ਦਾ ਕਾਰਨ ਬਣਦੇ ਹਨ। ਜਿਵੇਂ ਹਰਨ, ਮੱਛੀ, ਭੌਰਾ, ਪਰਵਾਨਾ ਅਤੇ ਹਾਥੀ ਆਦਿਕ ਜੀਵ ਕਿਸੇ ਇਕ ਵਿਕਾਰ ਵਿਚ ਫਸ ਕੇ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ, ਇਸੇ ਤਰ੍ਹਾਂ ਪੰਜਾਂ ਵਿਕਾਰਾਂ ਦੀ ਕੈਦ ਵਿਚ ਫਸਿਆ ਵਿਅਕਤੀ ਵੀ ਕਾਲ ਦੀ ਫਾਹੀ ਵਿਚ ਫਸ ਜਾਂਦਾ ਹੈ। ਕੇਵਲ ਗਿਆਨ ਰੂਪੀ ਦੀਪਕ ਹੀ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਦਿਵਾ ਸਕਦਾ ਹੈ।

ਪ੍ਰਸ਼ਨ : ਆਰਤੀ ਅਤੇ ਹੋਰ ਕਰਮ-ਕਾਂਡਾਂ ਬਾਰੇ ਰਵਿਦਾਸ ਜੀ ਦੇ ਕੀ ਵਿਚਾਰ ਹਨ?

ਉੱਤਰ : ਰਵਿਦਾਸ ਜੀ ਇਹੋ ਜਿਹੇ ਸਭ ਕਰਮ-ਕਾਂਡਾਂ ਨੂੰ ਨਿਰਫਲ ਮੰਨਦੇ ਹਨ। ਆਪ ਅਨੁਸਾਰ ਅਜਿਹੇ ਕਰਮ-ਕਾਂਡਾਂ ਦੁਆਰਾ ਮੁਕਤੀ ਨਹੀਂ ਮਿਲ ਸਕਦੀ। ਬਲਕਿ ਵਿਅਕਤੀ ਜਿਤਨੀ ਦੇ ਰ ਤੱਕ ਸੱਚੇ ਗੁਰੂ ਦੀ ਅਗਵਾਈ ਵਿਚ ਪ੍ਰੇਮਾਭਗਤੀ ਦੇ ਮਾਰਗ ਉੱਪਰ ਨਹੀਂ ਚਲਦਾ, ਉਤਨੀ ਦੇਰ ਤੱਕ ਉਸਦੀ ਮੁਕਤੀ ਦੀ ਕੋਈ ਸੰਭਾਵਨਾ ਨਹੀਂ ਹੈ।

### ਪਾਠ ਸਮੱਗਰੀ ਨੂੰ ਪੜ੍ਹ ਕੇ ਰਵਿਦਾਸ ਜੀ ਦੇ ਨਿਮਨ-ਲਿਖਤ ਸ਼ਬਦਾਂ ਵਿਚ ਪੇਸ਼ ਹੋਏ ਵਿਸ਼ੇ-ਵਸਤੂ ਉੱਤੇ ਇਕ ਨੋਟ ਲਿਖੋ:

**(1)** ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ

(2) ਕੂਪੁ ਭਰਿਓ ਜੈਸੇ ਦਾਦਿਰਾ

(3) ਤੁਮ ਚੰਦਨ ਹਮ ਇਰੰਡ ਬਾਪੁਰੇ

## ਪ੍ਰਸੰਗ ਸਹਿਤ ਵਿਆਖਿਆ ਲਈ ਕੁਝ ਹੋਰ ਮਹੱਤਵਪੂਰਨ ਪੰਕਤੀਆਂ

(ੳ) ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ
ਕਨਕ ਕਟਿਕ ਜਲ ਤਰੰਗ ਜੈਸਾ

(ਅ) ਜਲ ਕੀ ਭੀਤਿ ਪਵਨ ਦਾ ਥੰਭਾ ਰਕਤ ਬੂੰਦ ਦਾ ਗਾਰਾ
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ

(ੲ) ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮ ਤੇਰੋ ਤੇਲੁ ਲੇ ਮਾਹਿ ਪਸਾਰੇ।
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।

## ਮਹੱਤਵਪੂਰਨ ਪ੍ਰਸ਼ਨ

1. 'ਮਾਟੀ ਕੋ ਪੁਤਲਾ ਕੈਸੇ ਨਚਤੁ ਹੈ' ਦਾ ਵਿਸ਼ਾ-ਵਸਤੂ ਲਿਖੋ। (ਦਸੰਬਰ 2017)
2. ਗੁਰੂ ਰਵਿਦਾਸ ਜੀ ਨੇ ਮਨੁੱਖ ਤੇ ਪਰਮਾਤਮਾ ਦੀ ਅਭੇਦਤਾ ਬਾਰੇ ਕਿਹੋ-ਜਿਹੇ ਵਿਚਾਰ ਦਿੱਤੇ ਹਨ? (ਦਸੰਬਰ 2017)

## 4.5 ਸਹਾਇਕ ਪੁਸਤਕਾਵਲੀ


1. ਪ੍ਰੋ. ਬ੍ਰਹਮਜਗਦੀਸ਼ ਸਿੰਘ, ਭਗਤ ਸ਼ਿਰੋਮਣੀ ਰਵਿਦਾਸ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਦੂਸਰੀ ਵਾਰ, 1997।
2. ਡਾ. ਕੁਲਵੰਤ ਕੌਰ, ਬਾਣੀ ਭਗਤ ਰਵਿਦਾਸ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974।
3. ਰਵਿਦਾਸ ਅੰਕ (ਪੰਜਾਬੀ ਦੁਨੀਆ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜੂਨ-ਜੁਲਾਈ, 1977।

**ਪਾਠ ਨੰਬਰ : 1.5**

## ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਰਚਨਾਵਾਂ

### 1.5.1 ਭੂਮਿਕਾ :

ਬੀ.ਏ. ਭਾਗ ਤੀਜਾ ਪੰਜਾਬੀ ਸਾਹਿੱਤ ਦੇ ਵਿਦਿਆਰਥੀਆਂ ਲਈ ਮੱਧਕਾਲੀਨ ਪੰਜਾਬੀ ਸਾਹਿੱਤ ਦੇ ਮਹਾਨ ਕਵੀਆਂ ਦੀ ਬਾਣੀ ਅਤੇ ਕਵਿਤਾ ਸਿਲੇਬਸ ਵਿਚ ਪਾਠ-ਪੁਸਤਕ ਦੇ ਤੌਰ ਤੇ ਨਿਸ਼ਚਿਤ ਕੀਤੀ ਗਈ ਹੈ। ਇਸ ਸਿਲੇਬਸ ਦਾ ਮੰਤਵ ਵਿਦਿਆਰਥੀਆਂ ਨੂੰ ਮੱਧਕਾਲੀਨ ਪੰਜਾਬੀ ਕਾਵਿ ਦੇ ਨਾਲ ਨਾਲ ਸੰਬੰਧਿਤ ਗੁਰੂਆਂ-ਪੀਰਾਂ ਅਤੇ ਸੂਫ਼ੀ ਸੰਤਾਂ ਦੀ ਬਾਣੀ ਵਿਚ ਪੇਸ਼ ਵਸਤੂ-ਸਮੱਗਰੀ ਅਤੇ ਬ੍ਰਿਤਾਂਤ-ਵਿਧੀਆਂ ਨਾਲ ਜਾਣੂ ਕਰਵਾਉਣਾ ਹੈ। ਇਸ ਮੰਤਵ ਲਈ ਪੁੱਛੇ ਜਾ ਸਕਣ ਵਾਲੇ ਪ੍ਰਸ਼ਨਾਂ ਬਾਰੇ ਵਾਕਫ਼ੀਅਤ ਦਿੱਤੀ ਗਈ ਹੈ ਅਤੇ ਹਰ ਕਵੀ ਦੀ ਚੋਣਵੀਂ ਬਾਣੀ ਦੇ ਵਿਸ਼ੇ-ਵਸਤੂ ਦੀ ਵਿਆਖਿਆ ਵੀ ਕੀਤੀ ਗਈ ਹੈ। ਮਧਕਾਲੀਨ ਪੰਜਾਬੀ ਕਾਵਿ ਦੇ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦੀ ਦੇਣ ਬੜੀ ਮਹੱਤਵਪੂਰਨ ਹੈ। ਇਸ ਲਈ ਪੰਜਾਬੀ ਕਾਵਿ ਸੰਗ੍ਰਹਿ ਦੇ ਸੰਪਾਦਕਾਂ ਨੇ ਗੁਰੂ ਸਾਹਿਬ ਦੀ ਬਾਣੀ ਦੇ ਚੋਣਵੇਂ ਅੰਸ਼ ਇਸ ਪੁਸਤਕ ਵਿਚ ਸ਼ਾਮਲ ਕਰ ਲਏ ਹਨ। ਹੇਠਾਂ ਦਿੱਤੀ ਪਾਠ ਸਮੱਗਰੀ ਵਿਚ ਗੁਰੂ ਨਾਨਕ ਦੇਵ ਜੀ ਦੀ ਸਾਹਿਤਿਕ ਦੇਣ ਅਤੇ ਉਨ੍ਹਾਂ ਦੇ ਚੋਣਵੇਂ ਸ਼ਬਦਾਂ ਦੇ ਵਿਸ਼ੇ-ਵਸਤੂ ਬਾਰੇ ਵਿਚਾਰ ਕੀਤੀ ਗਈ ਹੈ।

### 1.5.2 ਗੁਰੂ ਨਾਨਕ ਦੇਵ ਜੀ ਦਾ ਸਾਹਿਤਿਕ ਯੋਗਦਾਨ

ਗੁਰਮਤਿ ਕਾਵਿ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਗਈ ਬਾਣੀ ਨਾਲ ਹੁੰਦਾ ਹੈ। ਗੁਰੂ ਜੀ ਦਾ ਜਨਮ 1469 ਈ. ਵਿਚ ਮਹਿਤਾ ਕਾਲੂ ਦੇ ਗ੍ਰਹਿ ਵਿਖੇ ਰਾਇ ਭੋਇ ਦੀ ਤਲਵੰਡੀ ਵਿਚ ਹੋਈ। ਬਚਪਨ ਵਿਚ ਆਪ ਦੀ ਸ਼ਖਸੀਅਤ ਤੋਂ ਇਕ ਮਹਾਂਪੁਰਖ ਦੇ ਝਲਕਾਰੇ ਪੈਣ ਲੱਗੇ ਸਨ। ਜਨਮ ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਅਤੇ ਮਹਾਨਤਾ ਬਾਰੇ ਬਹੁਤ ਸਾਰੇ ਵੇਰਵੇ ਪੇਸ਼ ਹੋਏ ਹਨ। ਆਪ ਆਪਣੇ ਸਮਕਾਲੀ ਸਮਾਜਕ-ਸਭਿਆਚਾਰਕ ਪਰਿਵੇਸ਼ ਨਾਲ ਸੰਤੁਸ਼ਟ ਨਹੀਂ ਸਨ। ਕਿਉਂਕਿ ਇਸ ਪਰਿਵੇਸ਼ ਉਪਰ ਵਹਿਮਾਂ-ਭਰਮਾਂ, ਅਗਿਆਨ, ਜ਼ਹਾਲਤ ਅਤੇ ਗੁਲਾਮੀ ਦੇ ਭਾਵਾਂ ਦਾ ਗਲਬਾ ਸੀ। ਆਪਣੇ ਅਗਿਆਨ ਤੇ ਜਹਾਲਤ ਦੀ ਧੁੰਦ ਨੂੰ ਹਟਾ ਕੇ ਸੁਤੰਤਰ ਰੂਪ ਵਿਚ ਜੀਣ-ਥੀਣ ਦਾ ਉਪਦੇਸ਼ ਦਿੱਤਾ। ਆਪ ਜੀ ਬਾਣੀ ਵਿਚ ਇਹ ਉਪਦੇਸ਼ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਾਵਿਬੱਧ ਹੋਇਆ ਹੈ।

**1.5.2.1** ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਰਾਗਾਂ ਵਿਚ ਰਚੀ ਹੋਈ ਹੈ। ਆਪ ਦੁਆਰਾ ਵਰਤੇ ਗਏ ਰਾਗਾਂ ਦੀ ਸੂਚੀ ਇਸ ਪ੍ਰਕਾਰ ਹੈ : ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਮਲਾਰ, ਪਰਭਾਤੀ ਅਤੇ ਸਾਰੰਗ। ਆਪ ਦੁਆਰਾ ਰਚੇ ਗਏ ਕੁਲ ਸ਼ਬਦਾਂ ਦੀ ਗਿਣਤੀ 958 ਹੈ। ਆਪ ਨੇ ਵੱਡੇ ਆਕਾਰ ਦੀਆਂ ਕੁਝ ਬਾਣੀਆਂ ਵੀ ਰਚੀਆਂ ਜਿਵੇਂ : ਜਪੁ, ਮਾਝ ਦੀ ਵਾਰ, ਪੱਟੀ, ਆਸਾ ਦੀ ਵਾਰ, ਥਿਤੀ, ਓਅੰਕਾਰ, ਸਿਧ ਗੋਸਟਿ, ਬਾਰਾਂਮਾਹ ਅਤੇ ਮਲਾਰ ਦੀ ਵਾਰ।

**1.5.2.2.** ਗੁਰੂ ਜੀ ਨੇ ਆਪਣੇ ਸਮਕਾਲੀ ਯੁੱਗ ਦੇ ਰਾਜਿਆਂ, ਰਜਵਾੜਿਆਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਦੇ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ। ਆਪ ਦੇ ਯੁਗ ਵਿਚ ਰਾਜੇ ਦੇ ਵਿਰੁੱਧ ਬੋਲਣ ਦੀ ਕੋਈ ਰਵਾਇਤ ਹੀ ਨਹੀਂ ਸੀ। ਰਾਜਾ ਜੋ ਕਰਦਾ ਸੀ, ਉਹੀ ਨਿਆਇ ਸੀ, ਕਾਨੂੰਨ ਸੀ। ਪਰੰਤੂ ਗੁਰੂ ਜੀ ਨੇ ਇਸ ਗੱਲ ਨੂੰ

ਪ੍ਰਵਾਨ ਨਾ ਕੀਤਾ ਅਤੇ ਪੂਰੀ ਦ੍ਰਿੜਤਾ ਨਾਲ ਰਾਜਿਆਂ ਦੇ ਪਰਜਾ ਵਿਰੋਧੀ ਵਿਵਹਾਰ ਦੀ ਆਲੋਚਨਾ ਕੀਤੀ। ਮਾਝ ਦੀ ਵਾਰ ਵਿਚ ਆਪ ਫੁਰਮਾਉਂਦੇ ਹਨ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜ ਅਮਾਵਸੁ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।

ਗੁਰੂ ਸਾਹਿਬ ਨੇ ਆਪਣੇ ਯੁੱਗ ਦੇ ਪ੍ਰਚਲਿਤ ਰੀਤੀ-ਰਿਵਾਜਾਂ, ਕਰਮ-ਕਾਂਡਾਂ ਅਤੇ ਰਵਾਇਤੀ ਨੈਤਿਕਤਾ ਦਾ ਵੀ ਵਿਰੋਧ ਕੀਤਾ। ਉਨ੍ਹਾਂ ਦੇ ਆਪਣੇ ਨਿੱਜੀ ਜੀਵਨ ਵਿਚ ਇਹੋ ਜਿਹੀ ਕਿਸੇ ਮਰਯਾਦਾ ਦਾ ਪਾਲਣ ਨਾ ਕੀਤਾ। ਇਸ ਪ੍ਰਸੰਗ ਵਿਚ ਜਨੇਊ ਪਹਿਨਣ ਸੰਬੰਧੀ ਉਨ੍ਹਾਂ ਦੇ ਵਿਚਾਰ ਬੜੇ ਕ੍ਰਾਂਤੀਕਾਰੀ ਸਨ। ਇਸੇ ਤਰ੍ਹਾਂ ਸੁਚ ਭਿੱਟ ਸੰਬੰਧੀ ਰੂੜ੍ਹੀਗਤ ਵਿਚਾਰਾਂ ਦੀ ਵੀ ਆਪ ਨੇ ਕਰੜੀ ਆਲੋਚਨਾ ਕੀਤੀ। ਤੀਰਥ-ਇਸ਼ਨਾਨ, ਦਾਨ, ਪੁੰਨ, ਸ਼ਰਾਧ ਆਦਿਕ ਕਰਮ-ਕਾਂਡਾਂ ਨੂੰ ਵੀ ਆਪ ਨੇ ਅਪ੍ਰਵਾਨ ਕਰ ਦਿੱਤਾ। ਆਪ ਨੇ ਬ੍ਰਾਹਮਣਵਾਦੀ ਜਾਤ ਪਾਤ ਪ੍ਰਣਾਲੀ ਦਾ ਵੀ ਡਟ ਕੇ ਵਿਰੋਧ ਕੀਤਾ। ਆਪ ਨੇ ਮਨੁੱਖੀ ਸਮਾਨਤਾ ਅਤੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਪੇਸ਼ ਕੀਤਾ ਅਤੇ ਦਰਸਾਇਆ ਕਿ ਕੋਈ ਵੀ ਧਰਮ ਆਪਣੇ ਆਪ ਵਿਚ ਚੰਗਾ ਜਾਂ ਮਾੜਾ ਨਹੀਂ ਹੈ। ਸਾਰੇ ਧਰਮ ਸਮਾਨ ਹਨ ਅਤੇ ਹਰ ਧਰਮ ਆਪਣੇ ਪੈਰੋਕਾਰਾਂ ਨੂੰ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੰਦਾ ਹੈ। ਗੁਰੂ ਜੀ ਨੇ ਇਸਤਰੀ ਦੇ ਹੱਕਾਂ ਦੀ ਵਕਾਲਤ ਕੀਤੀ ਅਤੇ ਉਸ ਦੀ ਸ੍ਰੇਸ਼ਨਤਾ ਨੂੰ ਸਿੱਧ ਕੀਤਾ। ਆਪ ਨੇ ਫੁਰਮਾਇਆ :

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨੁ।।

**1.5.2.3.** ਕਾਵਿ ਰੂਪਾਂ ਅਤੇ ਛੰਦ ਵਿਧਾਨ ਦੀ ਦ੍ਰਿਸ਼ਟੀ ਤੋਂ ਵੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬੜੀ ਅਮੀਰ ਹੈ। ਪਉੜੀ, ਛੰਦ, ਸਲੋਕ, ਚਉਪਦਾ, ਅਸ਼ਟਪਦੀ, ਸਿਰਖੰਡੀ, ਕਾਫ਼ੀ, ਦੋਹਰਾ ਅਤੇ ਸੋਰਠਾ ਵਰਗੇ ਛੰਦ ਨਾਨਕ-ਬਾਣੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਸ਼ਬਦ-ਭੰਡਾਰ ਦੇ ਪੱਖੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਉੱਤਰੀ ਭਾਰਤ ਵਿਚ ਪ੍ਰਚਲਿਤ ਸਮੁੱਚੀਆਂ ਭਾਸ਼ਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ। ਗੁਰੂ ਜੀ ਨੇ ਅਨੇਕਾਂ ਨਵੇਂ ਸਮਾਸ, ਮੁਹਾਵਰੇ ਬਿੰਬ ਅਤੇ ਅਲੰਕਾਰ ਪੰਜਾਬੀ ਭਾਸ਼ਾ ਨੂੰ ਪ੍ਰਦਾਨ ਕੀਤੇ। ਆਪ ਦੀ ਬਾਣੀ ਦਾ ਇਕ ਹੋਰ ਪੱਖ ਸ਼ਬਦ ਅਤੇ ਸੰਗੀਤ ਦਾ ਸੁਮੇਲ ਹੈ। ਆਪ ਦੀ ਸਮੁੱਚੀ ਬਾਣੀ ਭਾਰਤ ਦੇ ਕਲਾਸੀਕਲ ਸੰਗੀਤ ਨਾਲ ਸੁਰਬੱਧ ਹੈ। ਸੱਚਮੁਚ ਆਪ ਸਮਕਾਲੀ ਪੰਜਾਬੀ ਕਾਵਿ ਦੇ ਸ਼ਿਰੋਮਣੀ ਬਾਣੀਕਾਰ ਸਨ।

ਕੀ ਤੁਸੀਂ ਜਾਣਦੇ ਹੋ ਕਿ :-

(ੳ) ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿਚ ਹੋਇਆ।
(ਅ) ਆਪ ਸਿਖ ਧਰਮ ਦੇ ਬਾਨੀ ਹਨ।
(ੲ) ਆਪ ਸਮਕਾਲੀ ਸਮਾਜਕ ਵਿਵਸਥਾ ਨਾਲ ਸੰਤੁਸ਼ਟ ਨਹੀਂ ਸਨ।
(ਸ) ਆਦਿ ਗ੍ਰੰਥ ਵਿਚ ਦਰਜ ਆਪ ਜੀ ਦੇ ਕੁਲ ਸ਼ਬਦਾਂ ਦੀ ਗਿਣਤੀ 958 ਹੈ।
(ਹ) ਪ੍ਰਭੂ-ਪ੍ਰੇਮ ਅਤੇ ਨੈਤਿਕ ਮੁੱਲਾਂ ਦਾ ਮਹੱਤਵ ਆਪ ਜੀ ਦੀ ਬਾਣੀ ਦੇ ਪ੍ਰਮੁੱਖ ਵਿਸ਼ੇ ਹਨ।
(ਕ) ਆਪ ਦੀ ਰਚਨਾ ਸੰਗੀਤ ਬਧ ਹੈ।
(ਖ) ਆਪ ਨੇ ਬਹੁਤ ਸਾਰੇ ਕਾਵਿ-ਰੂਪਾਂ ਅਤੇ ਛੰਦਾਂ ਦੀ ਵਰਤੋਂ ਕੀਤੀ।

## ਪੰਜਾਬੀ ਕਾਵਿ ਸੰਗ੍ਰਹਿ ਵਿਚ ਸੰਕਲਿਤ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦਾ ਵਿਸ਼ਾ-ਵਸਤੂ

### 1.5.3.1 ਜੈ ਘਰਿ ਕੀਰਤਿ ਆਖੀਐ :

ਗਉੜੀ ਦੀਪਕ ਰਾਗ ਵਿਚ ਲਿਖੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਸਿਫ਼ਤ-ਸਲਾਹ ਕਰਨ ਦਾ ਉਪਦੇਸ਼ ਦਿੰਦੇ ਹਨ ਕਿਉਂਕਿ ਭਗਤੀ-ਭਾਵ ਰਾਹੀਂ ਕੀਤੀ ਗਈ ਇਸ ਸਿਫ਼ਤ-ਸਲਾਹ ਨਾਲ

ਵਿਅਕਤੀ ਨੂੰ ਸਥਾਈ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਘਰ ਵਿਚ ਪਰਮਾਤਮਾ ਦੀ ਸਿਫ਼ਤ-ਸਲਾਹ ਅਤੇ ਵਿਚਾਰ-ਚਰਚਾ ਕੀਤੀ ਜਾਂਦੀ ਹੈ, ਉਹ ਘਰ ਧਨ ਹੈ। ਮੈਂ ਉਸ ਦੇ ਬਲਿਹਾਰ ਜਾਂਦਾ ਹਾਂ। ਉਹ ਪਰਮਾਤਮਾ ਹਰ ਰੋਜ਼ ਆਪਣੇ ਜੀਵਾਂ ਦੀ ਦੇਖ-ਭਾਲ ਕਰਦਾ ਹੈ। ਉਸ ਦੀਆਂ ਦਾਤਾਂ ਦਾ ਕੋਈ ਅੰਤ-ਹਿਸਾਬ ਹੀ ਨਹੀਂ ਹੈ। ਪਰਮਾਤਮਾ ਆਪ ਹੀ ਜੀਵਾਂ ਨੂੰ ਆਪਣੇ ਤੋਂ ਵਿਛੋੜਦਾ ਹੈ ਅਤੇ ਆਪ ਹੀ ਆਪਣੇ ਨਾਲ ਮੇਲ ਲੈਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਅਜਿਹੀ ਅਸੀਸ ਦੇਵੋ, ਜਿਸ ਨਾਲ ਮੇਰਾ ਉਸ ਪਰਮਾਤਮਾ ਨਾਲ ਮੇਲ ਹੋ ਜਾਵੇ। ਉਸ ਪਰਮਾਤਮਾ ਵਲੋਂ ਹਰ ਰੋਜ਼ ਸੱਦੇ ਆਉਂਦੇ ਰਹਿੰਦੇ ਹਨ। ਮੈਂ ਵੀ ਉਸ ਦਾ ਸਿਮਰਨ ਕਰਦਾ ਹਾਂ। ਮੇਰੀ ਇੱਛਾ ਹੈ ਕਿ ਮੇਰੇ ਲਈ ਪਰਮਾਤਮਾ ਦਾ ਸੱਦਾ ਜਲਦੀ ਤੋਂ ਜਲਦੀ ਆ ਜਾਵੇ ਤਾਂ ਜੋ ਮੈਂ ਉਸ ਨਾਲ ਮਿਲਾਪ ਕਰ ਸਕਾਂ।

## 1.5.3.2. ਛਿਅ ਘਰ ਛਿਅ ਗੁਰ ਛਿਅ ਉਪਦੇਸ਼

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਛੇ ਸ਼ਾਸਤਰ ਹਨ (ਸਾਂਖ, ਨਿਆਇ, ਵੈਸ਼ੇਸ਼ਕ, ਮੀਮਾਂਸਾ, ਯੋਗ ਅਤੇ ਵੇਦਾਂਤ, ਛੇ ਹੀ ਉਨ੍ਹਾਂ ਦੇ ਕਰਤਾ ਹਨ (ਕਪਿਲ, ਗੋਤਮ, ਕਣਾਦ, ਜੈਮਨੀ, ਪਾਤੰਜਲੀ, ਵਿਆਸ) ਅਤੇ ਛੇ ਹੀ ਉਨ੍ਹਾਂ ਦੇ ਉਪਦੇਸ਼ ਹਨ। ਪਰੰਤੂ ਗੁਰੂਆਂ ਦਾ ਗੁਰੂ ਉਹ ਪਾਰਬ੍ਰਹਮ ਇਕ ਹੀ ਹੈ ਭਾਵੇਂ ਕਿ ਉਸ ਦੇ ਰੂਪ-ਰੰਗ ਅਤੇ ਆਕਾਰ-ਪ੍ਰਕਾਰ ਅਨੇਕਾਂ ਚਿਤਵੇ ਗਏ ਹਨ। ਗੁਰੂ ਜੀ ਕਹਿੰਦੇ ਹਨ ਕਿ ਜਿਸ ਘਰ ਪਰਮਾਤਮਾ ਦਾ ਜਸ-ਕੀਰਤ ਹੁੰਦਾ ਹੈ ਉਹ ਘਰ ਪੂਜਣਯੋਗ ਹੈ। ਜਿਵੇਂ ਪਲਾਂ ਤੋਂ ਘੜੀਆਂ, ਘੜੀਆਂ ਤੋਂ ਪਹਿਰ, ਪਹਿਰਾਂ ਤੋਂ ਦਿਨ ਅਤੇ ਦਿਨਾਂ ਤੋਂ ਮਹੀਨੇ ਬਣਦੇ ਹਨ। ਇਸੇ ਤਰ੍ਹਾਂ ਇਕੋ ਸੂਰਜ ਰੂਪੀ ਪਰਮਾਤਮਾ ਅਨੇਕ ਰੁਤਾਂ ਨੂੰ ਪੈਦਾ ਕਰ ਦਿੰਦਾ ਹੈ। ਉਸ ਇਕ ਪਰਮਾਤਮਾ ਦੇ ਬਹੁਤ ਸਾਰੇ ਰੰਗ-ਰੂਪ ਹਨ।

## 1.5.3.3. ਆਰਤੀ (ਧਨਾਸਰੀ)

ਧਨਾਸਰੀ ਰਾਗ ਵਿਚ ਲਿਖੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਕਰਮ-ਕਾਂਡੀਆਂ ਦੁਆਰਾ ਕੀਤੀ ਜਾਣ ਵਾਲੀ ਆਰਤੀ ਦੀ ਨਿਫੁੰਲਤਾ ਨੂੰ ਦਰਸਾਉਂਦੇ ਹਨ। ਆਪ ਦੇ ਵਿਚਾਰ ਅਨੁਸਾਰ ਪ੍ਰਕ੍ਰਿਤੀ ਵਿਚ ਪਰਮਾਤਮਾ ਦੀ ਆਰਤੀ ਹਰ ਸਮੇਂ ਹਰ ਥਾਂ ਨਿਰੰਤਰ ਹੁੰਦੀ ਰਹਿੰਦੀ ਹੈ। ਪਰਮਾਤਮਾ ਦੀ ਆਰਤੀ ਕਰਨ ਲਈ ਪ੍ਰਕ੍ਰਿਤੀ ਨੇ ਆਸਮਾਨ ਨੂੰ ਥਾਲ ਬਣਾਇਆ ਹੋਇਆ ਹੈ। ਸੂਰਜ ਅਤੇ ਚੰਦਰਮਾ ਉਸ ਵਿਚ ਦੀਪਕ ਬਣਾ ਕੇ ਟਿਕਾਏ ਹੋਏ ਹਨ ਅਤੇ ਸਮੂਹ ਸਿਤਾਰਾ-ਮੰਡਲ ਵਿਚ ਥਾਲ ਵਿਚ ਰੱਖੇ ਹੋਏ ਮੋਤੀਆਂ ਸਮਾਨ ਹੈ। ਪਹਾੜਾਂ ਦੀ ਸੁਗੰਧਤ ਹਵਾ ਖ਼ੁਸ਼ਬੂ ਦਾ ਕੰਮ ਕਰ ਰਹੀ ਹੈ ਅਤੇ ਹਵਾ ਚਵਰ ਝੁਲਾ ਰਹੀ ਹੈ ਤੇ ਸਾਰੀ ਸ੍ਰਿਸ਼ਟੀ ਦੇ ਮਾਲਕ ਪਰਮਾਤਮਾ ਤੇ ਰੀ ਹੋਰ ਆਰਤੀ ਕੋਣ ਕਰ ਸਕਦਾ ਹੈ। ਉਹ ਜੋਤੀ ਸਰੂਪ ਪਰਮਾਤਮਾ ਨਿਰਗੁਣ ਵੀ ਹੈ ਅਤੇ ਸਰਗੁਣ ਵੀ। ਸਰਗੁਣ ਰੂਪ ਵਿਚ ਉਸ ਦੇ ਹਜ਼ਾਰਾਂ ਆਕਾਰ ਅਤੇ ਸਰੀਰ ਹਨ ਪਰ ਨਿਰਗੁਣ ਰੂਪ ਵਿਚ ਉਸ ਦਾ ਨਾ ਕੋਈ ਆਕਾਰ ਹੈ ਅਤੇ ਨਾ ਕੋਈ ਸਰੀਰ। ਸਾਰਿਆਂ ਦੇ ਹਿਰਦਿਆਂ ਵਿਚ ਇਸੇ ਪਰਮਾਤਮਾ ਦਾ ਨਿਵਾਸ ਹੈ। ਸਭ ਦੀਆਂ ਆਤਮਾਵਾਂ ਵਿਚ ਉਸੇ ਦੀ ਜੋਤਿ ਪ੍ਰਜਵਲਿਤ ਹੈ। ਪਰ ਇਹ ਜੋਤਿ ਗੁਰੂ ਜੀ ਦੀ ਕ੍ਰਿਪਾ ਨਾਲ ਹੀ ਪ੍ਰਗਟ ਹੁੰਦੀ ਹੈ। ਪਰਮਾਤਮਾ ਦੀ ਆਰਤੀ ਉਹੀ ਹੈ ਜੋ ਉਸ ਨੂੰ ਚੰਗੀ ਲੱਗੇ। ਅੰਤ ਵਿਚ ਗੁਰੂ ਜੀ ਕਹਿੰਦੇ ਹਨ ਕਿ ਹੇ ਪਰਮਾਤਮਾ 'ਮੈਂ ਤੇਰੇ ਚਰਨ-ਕੰਵਲਾਂ ਉਪਰ ਇਕ ਭੌਰੇ ਵਾਂਗ ਲੁਭਾਇਮਾਨ ਹਾਂ। ਮੇਰੇ ਤੇ ਕ੍ਰਿਪਾ ਕਰੋ। ਨਾਮ-ਦਾਨ ਦਿਓ ਤਾਂ ਜੋ ਮੇਰਾ ਤੁਹਾਡੇ ਚਰਨਾਂ ਵਿਚ ਨਿਵਾਸ ਹੋ ਸਕੇ।

## 1.5.3.4. ਮੋਤੀ ਤੇ ਮੰਦਰ ਉਸਰਹਿ (ਸਿਰੀ ਰਾਗ)

ਇਸ ਸ਼ਬਦ ਵਿਚ ਗੁਰੂ ਜੀ ਪਰਮਾਤਮਾ ਨਾਲ ਆਪਣੀ ਅਟੁੱਟ ਪ੍ਰੀਤ ਦਾ ਉਲੇਖ ਕਰਦੇ ਹਨ। ਆਪ ਫੁਰਮਾਉਂਦੇ ਹਨ ਕਿ ਚਾਹੇ ਮੇਰੇ ਲਈ ਮੋਤੀਆਂ ਅਤੇ ਰਤਨਾਂ ਜੜੇ ਮੰਦਰ ਕਿਉਂ ਨਾ ਉਸਾਰ ਦਿੱਤੇ ਜਾਣ ਅਤੇ ਉਨ੍ਹਾਂ ਉਤੇ ਕਸਤੂਰੀ, ਕੇਸਰ ਅਤੇ ਚੰਦਨ ਦਾ ਲੇਪ ਕੀਤਾ ਹੋਵੇ ਪਰ ਮੈਂ ਉਨ੍ਹਾਂ ਮੰਦਰਾਂ ਦੀ ਪ੍ਰਾਪਤੀ ਲਈ ਆਪਣੇ ਪਰਮਾਤਮਾ ਨੂੰ ਨਹੀਂ ਭੁਲਾਵਾਂਗਾ। ਇਸੇ ਤਰ੍ਹਾਂ ਜੇ ਸਾਰੀ ਧਰਤੀ ਉਤੇ ਹੀਰੇ, ਲਾਲ ਜੜ ਦਿੱਤੇ ਜਾਣ। ਉਪਰ ਸੇਜ ਵਿਛੀ ਹੋਵੇ ਜਿਸ ਉਤੇ ਬਹੁਤ ਖ਼ੂਬਸੂਰਤ ਨਾਰੀ ਆਕਰਸ਼ਕ ਹਾਵ-ਭਾਵ ਕਰ ਰਹੀ ਹੋਵੇ ਪਰੰਤੂ ਮੈਂ ਅਜਿਹਾ ਮਨਮੋਹਕ ਦ੍ਰਿਸ਼

ਵੇਖ ਕੇ ਵੀ ਪਰਮਾਤਮਾ ਨੂੰ ਨਹੀਂ ਵਿਸਾਰਾਗਾਂ। ਇਸੇ ਤਰ੍ਹਾਂ ਜੇ ਮੈਨੂੰ ਦੁਨੀਆਂ ਦੀਆਂ ਸਾਰੀਆਂ ਰਿੱਧੀਆਂ-ਸਿੱਧੀਆਂ ਪ੍ਰਾਪਤ ਹੋ ਜਾਣ, ਲੋਕ ਮੈਥੋਂ ਡਰਨ ਅਤੇ ਮੇਰੀ ਇੱਜ਼ਤ ਮਾਣ ਕਰਨ ਮੈਂ ਤਾਂ ਵੀ ਪਰਮਾਤਮਾ ਨੂੰ ਨਹੀਂ ਭੁਲਾਵਾਂਗਾ। ਇਕ ਹੋਰ ਝਾਕੀ ਪੇਸ਼ ਕਰਕੇ ਗੁਰੂ ਜੀ ਕਹਿੰਦੇ ਹਨ ਕਿ ਜੇ ਮੈਂ ਸ਼ਹਿਨਸ਼ਾਹ ਬਣ ਜਾਵਾਂ, ਤਖ਼ਤ ਉਪਰ ਬੈਠ ਜਾਵਾਂ ਅਤੇ ਮੇਰਾ ਹੁਕਮ ਮੰਨਣ ਲਈ ਅਣਗਿਣਤ ਫ਼ੋਜਾਂ ਹੋਣ ਤਾਂ ਵੀ ਪਰਮਾਤਮਾ ਦੇ ਪ੍ਰੇਮ ਰੂਪੀ ਖ਼ਜਾਨੇ ਅੱਗੇ ਇਹ ਸਭ ਪ੍ਰਾਪਤੀਆਂ ਕੁਝ ਵੀ ਨਹੀਂ ਹਨ। ਪਰਮਾਤਮਾ ਦੇ ਦਰਸ਼ਨਾਂ ਤੋਂ ਬਿਨਾਂ ਮੇਰਾ ਦਿਲ ਵਿਆਕੁਲ ਹੋ ਜਾਂਦਾ ਹੈ। ਮੈਂ ਆਪਣੇ ਗੁਰੂ ਨੂੰ ਪੁੱਛ ਕੇ ਵੇਖ ਲਿਆ ਹੈ ਕਿ ਪਰਮਾਤਮਾ ਦੇ ਨਾਮ ਬਿਨਾਂ ਹੋਰ ਕਿਧਰੇ ਕੋਈ ਟਿਕਾਣਾ ਨਹੀ ਹੈ।

## 1.5.3.5. ਕੋਟਿ ਕੋਟਿ ਮੇਰੀ ਆਰਜਾ

ਸਿਰੀ ਰਾਗ ਵਿਚ ਉਚਾਰੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਅਨੰਤਤਾ ਅਤੇ ਸਰਵ-ਵਿਆਪਕਤਾ ਬਾਰੇ ਚਰਚਾ ਕਰਦੇ ਹਨ। ਆਪ ਅਨੁਸਾਰ ਜੇ ਮੇਰੀ ਉਮਰ ਕਈ ਕ੍ਰੋੜ ਵਰ੍ਹਿਆਂ ਦੀ ਹੋ ਜਾਵੇ ਅਤੇ ਮੈਂ ਖਾਣ-ਪੀਣ ਲਈ ਵੀ ਸਮਾਂ ਬਰਬਾਦ ਨਾ ਕਰਾਂ, ਕੇਵਲ ਪੌਣ-ਆਹਾਰੀ ਹੀ ਬਣਿਆਂ ਰਹਾਂ, ਸੂਰਜ ਚੰਦ ਨੂੰ ਦੇਖਣ ਲਈ ਵੀ ਵਕਤ ਨਾ ਗੁਆਵਾਂ ਅਤੇ ਸੁਪਨੇ ਵਿਚ ਵੀ ਕਦੇ ਨਾ ਸੌਵਾਂ, ਏਨਾ ਵਕਤ ਹੋਣ ਦੇ ਬਾਵਜੂਦ ਮੈਂ ਪਰਮਾਤਮਾ ਦੀ ਮਹਿਮਾ ਨੂੰ ਬਿਆਨ ਨਹੀਂ ਕਰ ਸਕਾਂਗਾ। ਇਸੇ ਤਰ੍ਹਾਂ ਜੇ ਮੈਨੂੰ ਵਾਰ-ਵਾਰ ਕੋਹਿਆ ਜਾਵੇ, ਚੱਕੀ ਵਿਚ ਪੀਸ ਦਿੱਤਾ ਜਾਵੇ, ਅੱਗ ਵਿਚ ਜਲਾ ਕੇ ਰਾਖ ਕਰ ਦਿੱਤਾ ਜਾਵੇ ਤਾਂ ਵੀ ਮੈਂ ਪਰਮਾਤਮਾ ਦਾ ਮੁੱਲ ਨਹੀਂ ਪਾ ਸਕਾਂਗਾ। ਜੇ ਮੈਂ ਪੰਛੀ ਬਣ ਕੇ ਅਸਮਾਨਾਂ ਵਿਚ ਉੱਡਦਾ ਰਹਾਂ, ਆਕਾਸ਼ ਵਿਚ ਏਨਾ ਉੱਚਾ ਪਹੁੰਚ ਜਾਵਾਂ ਕਿ ਕਿਸੇ ਨੂੰ ਨਜ਼ਰ ਵੀ ਨਾ ਆਵਾਂ। ਨਾ ਮੈਂ ਖਾਵਾਂ ਨਾ ਪੀਵਾਂ, ਤਾਂ ਵੀ ਪਰਮਾਤਮਾ ਦੀ ਬੇਅੰਤ ਲੀਲ੍ਹਾ ਦਾ ਮੁੱਲ ਨਹੀਂ ਪਾ ਸਕਾਂਗਾ। ਅੰਤ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇ ਮੇਰੇ ਪਾਸ ਲੱਖਾਂ ਮਣ ਕਾਗਜ਼ ਹੋਵੇ, ਸਿਆਹੀ ਦੇ ਭੰਡਾਰ ਅਖੁੱਟ ਹੋਣ ਅਤੇ ਮੈਂ ਹਵਾ ਦੀ ਤੇਜ਼ੀ ਨਾਲ ਪਰਮਾਤਮਾ ਦੀ ਮਹਿਮਾ ਲਿਖਣ ਲੱਗਾਂ ਤਾਂ ਵੀ ਉਸ ਦੀ ਬੇਅੰਤਤਾ ਦਾ ਕੋਈ ਪਾਰਾਵਾਰ ਨਹੀਂ ਪਾਇਆ ਜਾ ਸਕੇਗਾ। ਉਹ ਸੱਚਾ ਨਿਰੰਕਾਰ ਆਪ ਹੀ ਆਪਣੀ ਮਹਿਮਾ ਅਤੇ ਸਰਬ-ਵਿਆਪਕਤਾ ਨੂੰ ਜਾਣ ਸਕਦਾ ਹੈ।

## 1.5.3.6. ਵਣਜੁ ਕਰਹੁ ਵਣਜਾਰਿਹੋ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਵਿਅਕਤੀ ਨੂੰ ਸੱਚਾ ਵਪਾਰ ਕਰਨ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸੱਚਾ ਵਪਾਰ ਉਹੀ ਹੈ ਜੋ ਜੀਵਨ ਦੇ ਨਾਲ ਨਿਭੇ। ਸੱਚਾ ਵਪਾਰ ਵਿਅਕਤੀ ਦੇ ਸੱਚੇ ਕਰਮ ਹਨ। ਇਸੇ ਵਪਾਰ ਤੇ ਪਰਮਾਤਮਾ ਪ੍ਰਸੰਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਵਿਅਕਤੀ ਨੂੰ ਉਪਦੇ ਸ਼ ਦਿੰਦੇ ਹਨ ਕਿ ਉਹ ਰਾਮ-ਨਾਮ ਨਾਲ ਚਿੱਤ ਲਾਵੇ। ਜਿਹੜਾ ਵਿਅਕਤੀ ਰਾਮ-ਨਾਮ ਦੇ ਸੌਦੇ ਨੂੰ ਵਿਹਾਜ ਲੈਂਦਾ ਹੈ, ਪਰਮਾਤਮਾ ਉਸ ਉਪਰ ਪ੍ਰਸੰਨ ਹੋ ਜਾਂਦਾ ਹੈ। ਪਰ ਇਸ ਦੇ ਉਲਟ ਜਿਹੜੇ ਆਦਮੀ ਝੂਠੀ ਮਾਇਆ ਦੇ ਸੌਦੇ ਵਿਚ ਲੀਨ ਹੋ ਜਾਂਦੇ ਹਨ, ਉਨ੍ਹਾਂ ਨੂੰ ਕਦੇ ਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਉਨ੍ਹਾਂ ਦੇ ਮਨ ਅਤੇ ਤਨ-ਦੋਵੇਂ ਖੋਟੇ ਹੋ ਜਾਂਦੇ ਹਨ। ਜਿਵੇਂ ਇਕ ਹਿਰਨ ਸ਼ਿਕਾਰੀ ਦੇ ਫੰਧੇ ਵਿਚ ਫਸ ਜਾਂਦਾ ਹੈ, ਇਸੇ ਤਰ੍ਹਾਂ ਮਾਇਆ ਦੇ ਫੰਧੇ ਵਿਚ ਫਸ ਕੇ ਲੋਕ ਪੀੜਿਤ ਹੁੰਦੇ ਰਹਿੰਦੇ ਹਨ। ਖੋਟੇ ਸੌਦੇ ਦੇ ਪਿਛੇ ਲੱਗ ਕੇ ਆਪਣੀ ਇੱਜ਼ਤ ਗੁਆ ਬੈਠਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਨਾਮ ਰੂਪੀ ਸ਼ਬਦ ਨਾਲ ਆਪਣੇ ਮਨ ਨੂੰ ਸਮਝਾਉ। ਜਿਨ੍ਹਾਂ ਲੋਕਾਂ ਦਾ ਮਨ ਰਾਮ-ਨਾਮ ਨਾਲ ਰੰਗਿਆ ਜਾਂਦਾ ਹੈ, ਉਨ੍ਹਾਂ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਪਰਮਾਤਮਾ ਦਾ ਨਾਮ ਜਪ ਕੇ ਉਹ ਲਾਭ ਵਿਚ ਰਹਿੰਦੇ ਹਨ ਅਤੇ ਜਮਾਂ ਦਾ ਭੈਅ ਉਨ੍ਹਾਂ ਦੇ ਨੇੜੇ ਵੀ ਨਹੀਂ ਆਉਂਦਾ।

## 1.5.3.7. ਸੁਣਿ ਮਨ ਭੂਲੇ ਬਾਵਰੇ (ਸਿਰੀ ਰਾਗ)

ਇਸ ਸ਼ਬਦ ਰਾਹੀਂ ਗੁਰੂ ਨਾਨਕ ਦੇਵ ਜੀ ਚੰਚਲ ਮਨ ਨੂੰ ਸਮਝਾਉਂਦੇ ਹਨ ਕਿ ਉਹ ਗੁਰੂ ਦੇ ਚਰਨੀ ਲੱਗ ਕੇ ਹਰੀ-ਨਾਮ ਦਾ ਜਾਪ ਕਰੇ। ਇਸ ਨਾਲ ਜਮਦੂਤ ਉਸ ਦੇ ਨੇੜੇ ਵੀ ਨਹੀਂ ਆਉਣਗੇ ਅਤੇ ਉਸ ਦੇ ਸਾਰੇ ਦੁਖ ਦੂਰ ਹੋ ਜਾਣਗੇ। ਜਿਹੜੇ ਲੋਕ ਪਰਮਾਤਮਾ ਤੋਂ ਵਿਛੜ ਜਾਂਦੇ ਹਨ, ਦੁਹਾਗਣ ਇਸਤਰੀਆਂ ਵਾਂਗ ਉਨ੍ਹਾਂ ਦਾ ਦੁਖ ਬੜਾ ਡਾਢਾ ਹੁੰਦਾ ਹੈ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਹੋਰ ਕਿਸੇ ਆਸਰੇ ਵੱਲ ਤੱਕਣ ਦੀ ਜ਼ਰੂਰਤ

ਨਹੀਂ। ਨਾਮ ਰੂਪੀ ਖਜ਼ਾਨਾ ਪ੍ਰਾਪਤ ਕਰਨ ਨਾਲ ਦੁਨੀਆਂ ਦੇ ਸਾਰੇ ਸੁੱਖ ਆਪਣੇ ਆਪ ਪ੍ਰਾਪਤ ਹੋ ਜਾਂਦੇ ਹਨ। ਜਿਹੜੇ ਲੋਕ ਗੁਰੂ ਦੀ ਸਿਖਿਆ ਉਪਰ ਚੱਲ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ, ਉਹ ਧੰਨ ਹਨ। ਪਰੰਤੂ ਜਿਨ੍ਹਾਂ ਦੇ ਗੁਰੂ ਹੀ ਭਟਕੇ ਹੋਏ ਹਨ, ਉਨ੍ਹਾਂ ਨੂੰ ਕਿਧਰੇ ਠਹਿਰ ਜਾ ਟਿਕਾਣਾ ਪ੍ਰਾਪਤ ਨਹੀਂ ਹੁੰਦਾ। ਸਤਿਗੁਰੂ ਤੋਂ ਬਿਨਾ ਪਰਮਾਤਮਾ ਦਾ ਨਾਮ ਪ੍ਰਾਪਤ ਨਹੀਂ ਹੁੰਦਾ ਅਤੇ ਨਾਮ ਤੋਂ ਬਿਨਾਂ ਕੋਈ ਪੁੰਨ ਨਹੀਂ ਲੱਭਦਾ। ਅਜਿਹੇ ਆਦਮੀ ਪਰਲੋਕ ਵਿਚ ਜਾ ਕੇ ਵੀ ਪਛਤਾਉਣਗੇ। ਨਾਮ ਤੋਂ ਬਿਨਾਂ ਸਰੀਰ ਦੁੱਖਾਂ ਵਿਚ ਘਿਰ ਜਾਂਦਾ ਹੈ ਅਤੇ ਕੱਲਰ ਦੀ ਦੀਵਾਰ ਵਾਂਗ ਅਜਿਹੇ ਆਦਮੀ ਦਾ ਜੀਵਨ ਅਸਥਾਈ ਬਣ ਜਾਂਦਾ ਹੈ। ਜਿਤਨਾ ਚਿਰ ਤਕ ਦਿਲ ਵਿਚ ਸੱਚ ਜਾਗ੍ਰਿਤ ਨਹੀਂ ਹੁੰਦਾ ਉਨਾਂ ਚਿਰ ਸੁਖ ਸ਼ਾਂਤੀ ਨਸੀਬ ਨਹੀਂ ਹੁੰਦੀ। ਗੁਰੂ ਜੀ ਫੁਰਮਾਉਂਦੇ ਹਨ ਕਿ ਮੈਂ ਆਪਣੇ ਗੁਰੂ ਨੂੰ ਪੁੱਛ ਕੇ ਪਰਮਾਤਮਾ ਦੇ ਨਾਮ ਦੀ ਸਿਫ਼ਤ-ਸਲਾਹ ਕਰਦਾ ਹਾਂ। ਇਸ ਨਾਲ ਹਉਮੈ ਦਾ ਦੁਖ ਦੂਰ ਹੋ ਜਾਂਦਾ ਹੈ ਅਤੇ ਉਸ ਸੱਚ ਰੂਪੀ ਪਰਮਾਤਮਾ ਨਾਲ ਮਿਲਨ ਹੋ ਜਾਂਦਾ ਹੈ। ਜਿਹੜੇ ਲੋਕ ਸ਼ਬਦ ਵਿਚ ਰੰਗੇ ਜਾਂਦੇ ਹਨ, ਉਹ ਕਾਮ, ਕ੍ਰੋਧ, ਹੰਕਾਰ ਆਦਿਕ ਵਿਕਾਰਾਂ ਤੋਂ ਮੁਕਤ ਹੋ ਕੇ ਨਿਰਮਲ ਹੋ ਜਾਂਦੇ ਹਨ। ਉਹ ਸਦਾ ਨਾਮ ਜਪਦੇ ਹਨ ਅਤੇ ਨਾਮ ਨੂੰ ਆਪਣੇ ਮਨ ਵਿਚ ਵਸਾ ਕੇ ਰੱਖਦੇ ਹਨ। ਜਿਹੜਾ ਪਰਮਾਤਮਾ ਸਾਰੇ ਜੀਵਾਂ ਦਾ ਮੂਲ-ਆਧਾਰ ਹੈ, ਉਸ ਨੂੰ ਕਿਉਂ ਵਿਸਾਰਨਾ ਹੋਇਆ? ਸ਼ਬਦ ਤੋਂ ਬਿਨਾਂ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਅਤੇ ਸ਼ਬਦ ਦੀ ਪ੍ਰਾਪਤੀ ਨਾਲ ਨਵ-ਜੀਵਨ ਮਿਲਦਾ ਹੈ। ਸ਼ਬਦ ਦੇ ਲੜ ਲੱਗੇ ਤੋਂ ਬਿਨਾਂ ਜਨਮ-ਮਰਨ ਦਾ ਦੁੱਖ ਨਹੀਂ ਕੱਟਦਾ। ਗੁਰੂ ਜੀ ਕਹਿੰਦੇ ਹਨ ਕਿ ਇਸ ਦੁਨੀਆਂ ਦੇ ਸਾਰੇ ਲੋਕ ਆਪਣੀ-ਆਪਣੀ ਵਡਿਆਈ ਕਰਦੇ ਰਹਿੰਦੇ ਹਨ ਪਰੰਤੂ ਗੁਰੂ ਤੋਂ ਬਿਨਾਂ ਵਿਅਕਤੀ ਦੀ ਕੋਈ ਪਹਿਚਾਣ ਹੀ ਨਹੀਂ ਹੈ। ਗੁਰੂ ਦੀ ਸਿੱਖਿਆ ਉਪਰ ਚੱਲ ਕੇ ਸ਼ਬਦ ਦੀ ਮਹਿਮਾ ਨੂੰ ਪਛਾਣਨ ਨਾਲ ਹੀ ਹਉਮੈਂ ਦੂਰ ਹੁੰਦੀ ਹੈ ਅਤੇ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ।

## 1.5.3.8. ਰੇ-ਮਨ ਐਸੀ ਹਰਿ ਸਿਉ ਪ੍ਰੀਤਿ ਕਰਿ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਨਾਲ ਸੱਚੀ-ਸੁੱਚੀ ਪ੍ਰੀਤ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਪਰਮਾਤਮਾ ਨਾਲ ਪ੍ਰੀਤ ਕਰਨ ਤੋਂ ਬਿਨਾਂ ਆਵਾਗਵਣ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਉਹ ਪਰਮਾਤਮਾ ਗੁਰਮੁੱਖਾਂ ਦੇ ਹਿਰਦਿਆਂ ਵਿਚ ਨਿਵਾਸ ਕਰਦਾ ਹੈ ਅਤੇ ਉਨ੍ਹਾਂ ਨੂੰ ਭਗਤੀ ਦੇ ਭੰਡਾਰਾਂ ਦੀ ਬਖ਼ਸ਼ੀਸ਼ ਕਰਦਾ ਰਹਿੰਦਾ ਹੈ। ਵਿਅਕਤੀ ਨੂੰ ਪ੍ਰੀਤ ਦੇ ਮਾਰਗ ਉਤੇ ਪਾਉਣ ਲਈ ਅਤੇ ਉਸ ਦੀ ਅਗਵਾਈ ਕਰਨ ਲਈ ਗੁਰੂ ਜੀ ਬਹੁਤ ਸਾਰੇ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਆਪ ਅਨੁਸਾਰ ਵਿਅਕਤੀ ਨੂੰ ਪਰਮਾਤਮਾ ਨਾਲ ਇਉਂ ਪਿਆਰ ਕਰਨਾ ਚਾਹੀਦਾ ਹੈ ਜਿਵੇਂ ਕੰਵਲ-ਫੁੱਲ ਪਾਣੀ ਨਾਲ ਕਰਦਾ ਹੈ। ਕਈ ਵਾਰ ਪਾਣੀ ਦੀਆਂ ਲਹਿਰਾਂ ਕੰਵਲ ਨੂੰ ਥਪੇੜੇ ਵੀ ਮਾਰਦੀਆਂ ਹਨ ਪਰੰਤੂ ਉਹ ਤਾਂ ਵੀ ਪ੍ਰਸੰਨ ਹੋ ਕੇ ਉਸ ਨਾਲ ਸੱਚੀ ਪ੍ਰੀਤ ਕਰਦਾ ਰਹਿੰਦਾ ਹੈ। ਆਪ ਕਹਿੰਦੇ ਹਨ ਕਿ ਪਰਮਾਤਮਾ ਨਾਲ ਅਜਿਹੀ ਪ੍ਰੀਤ ਕਰੋ ਜਿਵੇਂ ਮੱਛੀ ਪਾਣੀ ਨਾਲ ਕਰਦੀ ਹੈ। ਉਹ ਪਾਣੀ ਤੋਂ ਬਿਨਾਂ ਇਕ ਪਲ ਵੀ ਜੀਵਿਤ ਨਹੀਂ ਰਹਿ ਸਕਦੀ। ਇਸੇ ਤਰ੍ਹਾਂ ਵਿਅਕਤੀ ਨੂੰ ਪ੍ਰਭੂ ਨਾਲ ਇਉਂ ਪ੍ਰੀਤ ਕਰਨੀ ਚਾਹੀਦੀ ਹੈ ਜਿਵੇਂ ਚਾਤ੍ਰਿਕ ਨਾਮ ਦਾ ਪੰਛੀ ਬਾਰਿਸ਼ ਨਾਲ ਕਰਦਾ ਹੈ। ਉਸ ਦੇ ਆਸ-ਪਾਸ ਚਾਹੇ ਪਾਣੀ ਦੇ ਸਰੋਵਰ ਭਰੇ ਹੋਣ, ਉਹ ਉਨ੍ਹਾਂ ਵਿਚੋਂ ਇਕ ਬੂੰਦ ਪਾਣੀ ਵੀ ਨਹੀਂ ਪੀਂਦਾ ਸਗੋਂ ਕੇਵਲ ਬਾਰਿਸ਼ ਦੇ ਪਾਣੀ ਨਾਲ ਹੀ ਆਪਣੀ ਪਿਆਸ ਬੁਝਾਉਂਦਾ ਹੈ। ਇਸੇ ਤਰ੍ਹਾਂ ਗੁਰੂ ਜੀ ਪਾਣੀ ਅਤੇ ਦੁੱਖ ਦੇ ਪ੍ਰੇਮ ਦੀ ਉਦਾਹਰਣ ਦਿੰਦੇ ਹਨ। ਜਦੋਂ ਦੁੱਧ ਨੂੰ ਅੱਗ ਉਪਰ ਰੱਖੀਦਾ ਹੈ ਤਾਂ ਪਾਣੀ ਆਪ ਉਬਾਲੇ ਖਾਣ ਲੱਗਦਾ ਹੈ ਪਰ ਦੁੱਧ ਨੂੰ ਖ਼ਤਮ ਹੋਣ ਤੋਂ ਬਚਾਉਂਦਾ ਰਹਿੰਦਾ ਹੈ। ਆਪ ਕਹਿੰਦੇ ਹਨ ਕਿ ਚਕਵੀ ਅਤੇ ਸੂਰਜ ਦਾ ਪਿਆਰ ਵੀ ਆਦਰਸ਼ਕ ਹੈ। ਉਹ ਸੂਰਜ ਦੀ ਗੈਰਹਾਜ਼ਰੀ ਵਿਚ ਇਕ ਪਲ ਵੀ ਅੱਖ ਨਹੀਂ ਲਾਉਂਦੀ ਬਲਕਿ ਉਸ ਦੇ ਇੰਤਜ਼ਾਰ ਵਿਚ ਸਾਰੀ ਰਾਤ ਜਾਗ ਕੇ ਕੱਟ ਲੈਂਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪ੍ਰਕ੍ਰਿਤੀ ਵਿਚ ਸੱਚੇ ਪ੍ਰੇਮ ਦੀਆਂ ਏਨੀਆਂ ਉਦਾਹਰਣਾਂ ਦੇ ਬਾਵਜੂਦ ਮਨਮੁਖ ਵਿਅਕਤੀ ਪਰਮਾਤਮਾ ਦੀ ਮਹਿਮਾ ਨੂੰ ਨਹੀਂ ਪਹਿਚਾਣਦੇ। ਪਰਮਾਤਮਾ ਦੀ ਸੋਝੀ ਗੁਰੂ ਦੀ ਪ੍ਰਾਪਤੀ ਨਾਲ ਹੀ ਹੋ ਸਕਦੀ ਹੈ। ਗੁਰੂ ਦੀ ਪ੍ਰਾਪਤੀ ਹੋਣ ਤੋਂ ਬਾਅਦ ਵਿਅਕਤੀ ਨੂੰ ਸਾਰੇ ਬ੍ਰਹਿਮੰਡ ਦੀ ਜਾਣਕਾਰੀ ਹੋ ਸਕਦੀ ਹੈ। ਉਹ ਪਰਮਾਤਮਾ ਦੇ ਨਿਰਮਲ ਰੂਪ ਵਿਚ ਜੁੜ ਜਾਂਦਾ ਹੈ। ਉਸ ਨੂੰ ਪਤਾ ਚੱਲ

ਜਾਂਦਾ ਹੈ ਕਿ ਜੀਵਨ ਚਲੋ-ਚਲੀ ਦਾ ਮੇਲਾ ਹੈ। ਇਥੇ ਸਥਿਤ ਕੁਝ ਵੀ ਨਹੀਂ ਹੈ। ਗੁਰੂ ਦੇ ਮਹੱਤਵ ਨੂੰ ਦ੍ਰਿੜ ਕਰਵਾਉਂਦੇ ਹੋਏ ਆਪ ਲਿਖਦੇ ਹਨ :

**ਬਿਨੁ ਗੁਰ ਪ੍ਰੀਤਿ ਨ ਉਪਜੈ ਹਉਮੈ ਮੈਲ ਨ ਜਾਇ**

ਪਰੰਤੂ ਮਨਮੁਖ ਇਹ ਗੱਲ ਨਹੀਂ ਸਮਝ ਸਕਦਾ। ਇਸੇ ਲਈ ਉਹ ਪ੍ਰਭੂ ਤੋਂ ਵਿਛੜ ਕੇ ਜਮਦੂਤਾਂ ਦੀਆਂ ਚੋਟਾਂ ਖਾਂਦਾ ਰਹਿੰਦਾ ਹੈ।

### 1.5.3.9. ਗਲੀ ਅਸੀ ਚੰਗੀਆਂ

ਇਸ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਵਿਅਕਤੀ ਨੂੰ ਅੰਦਰ-ਬਾਹਰ ਵਿਚ ਇਕਸੁਰਤਾ ਲਿਆਉਣ ਦਾ ਉਪਦੇਸ਼ ਦਿੰਦੇ ਹਨ। ਆਪ ਫੁਰਮਾਉਂਦੇ ਹਨ ਕਿ ਗੱਲਾਂ-ਬਾਤਾਂ ਵਿਚ ਬਾਹਰੀ ਤੌਰ ਤੇ ਤਾਂ ਅਸੀ ਬੜੇ ਭਲੇ ਮਾਣਸ ਦਿਖਾਈ ਦਿੰਦੇ ਹਾਂ ਪਰੰਤੂ ਅੰਦਰੋਂ ਆਪਦੇ ਆਚਰਣ ਕਰਕੇ ਅਸੀਂ ਬਹੁਤ ਬੁਰੇ ਹਾਂ। ਸਾਡੇ ਮਨ ਕਾਲੇ ਹਨ ਪਰੰਤੂ ਬਾਹਰੋਂ ਅਸੀਂ ਦਰਵੇਸ਼ ਹੋਣ ਦਾ ਭੁਲੇਖਾ ਪਾਉਂਦੇ ਹਾਂ। ਅਸੀਂ ਉਨ੍ਹਾਂ ਇਸਤਰੀਆਂ (ਲੋਕਾਂ) ਦੀ ਝੂਠੀ ਰੀਸ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜੋ ਪਰਮਾਤਮਾ ਦੀ ਹਜ਼ੂਰੀ ਵਿਚ ਖੜੀਆਂ ਰਹਿੰਦੀਆਂ ਹਨ, ਜੋ ਆਪਣੇ ਪਤੀ-ਪਰਮਾਤਮਾ ਦੇ ਸੰਗ ਇਕ-ਮਿੱਕ ਹੋ ਚੁਕੀਆਂ ਹਨ ਅਤੇ ਸੁਹਾਗਣਾਂ ਵਾਲੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ, ਜੋ ਤਾਣ ਹੁੰਦੇ ਹੋਏ ਨਿਤਾਣੀਆਂ ਅਤੇ ਮਾਣ ਹੁੰਦੇ ਹੋਏ ਨਿਮਾਣੀਆਂ ਬਣੀਆਂ ਰਹਿੰਦੀਆਂ ਹਨ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸਾਡਾ ਜਨਮ ਤਾਂ ਹੀ ਸਕਾਰਥਾ ਹੋਵੇਗਾ ਜੇ ਅਸੀ ਮਨੋਂ ਤਨੋਂ ਉਨ੍ਹਾਂ ਦੇ ਸੰਗ ਚੱਲਣ ਦੀ ਕੋਸ਼ਿਸ਼ ਕਰਾਂਗੀਆਂ। ਆਪਣੇ ਅੰਦਰ ਅਤੇ ਬਾਹਰ ਵਿਚ ਇਕਸੁਰਤਾ ਲੈ ਆਵਾਂਗੀਆਂ।

### 1.5.3.10. ਕੁਬੁਧਿ ਡੂਮਣੀ ਕੁਦਇਆ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਮਨੁੱਖ ਦੇ ਚਰਿੱਤਰ ਨੂੰ ਚੰਗਾ ਬਣਾਉਣ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਮਾੜੀ (ਬੁਰੀ) ਬੁੱਧੀ, ਜ਼ੁਲਮ, ਨਿੰਦਾ ਅਤੇ ਕ੍ਰੋਧ ਆਦਿਕ ਵਿਕਾਰ ਮਨੁੱਖ ਦੀ ਆਤਮਾ ਨੂੰ ਨਸ਼ਟ ਕਰ ਦਿੰਦੇ ਹਨ। ਕਈ ਲੋਕ ਸੱਚਾ-ਸੁੱਚਾ ਵਰਤਣ ਦਾ ਢੌਂਗ ਕਰਦੇ ਹਨ। ਆਪਣੇ ਚਾਰੇ ਪਾਸੇ ਕਾਰ ਕੱਢ ਕੇ ਅਪਵਿੱਤਰ ਚੀਜ਼ਾਂ ਦੀ ਛੋਹ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਪਰੰਤੂ ਜੇ ਉਪਰੋਕਤ ਚਾਰ ਵਿਕਾਰ ਉਸ ਦੇ ਨਾਲ ਹਨ, ਉਸ ਨੇ ਇਨ੍ਹਾਂ ਤੋਂ ਖਹਿੜਾ ਨਹੀਂ ਛੁਡਾਇਆ ਤਾਂ ਕਾਰ ਕੱਢਣ ਦਾ ਕੀ ਲਾਭ? ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਦੀ ਕ੍ਰਿਪਾ ਹੀ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਦਿਵਾ ਸਕਦੀ ਹੈ। ਉਹ ਪਰਮਾਤਮਾ ਹੰਸ ਨੂੰ ਕਾਗ (ਕਾਂ) ਅਤੇ ਕਾਗ ਤੋਂ ਹੰਸ ਬਣਾ ਸਕਦਾ ਹੈ। ਇਸ ਲਈ ਵਿਅਕਤੀ ਨੂੰ ਉਸ ਪਰਮਾਤਮਾ ਦਾ ਸਿਮਰਨ ਕਰਕੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਸੰਕਲਪ ਕਰਨਾ ਚਾਹੀਦਾ ਹੈ।

### 1.5.3.11. ਪਹਿਲੈ ਪਿਆਰਿ ਲਗਾ ਥਣ ਦੁਧਿ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਮਨੁੱਖੀ ਜੀਵਨ ਦਾ ਇਕ ਚਿੱਤਰ ਪੇਸ਼ ਕਰਦੇ ਹੋਏ ਵਿਅਕਤੀ ਨੂੰ ਗੁਰੂ ਦੇ ਲੜ ਲੱਗਣ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਬੱਚੇ ਦੇ ਰੂਪ ਵਿਚ ਮਨੁੱਖ ਸਭ ਤੋਂ ਪਹਿਲਾਂ ਆਪਣੀ ਮਾਤਾ ਦੇ ਦੁੱਧ ਨੂੰ ਪਿਆਰ ਕਰਦਾ ਹੈ, ਫਿਰ ਉਸ ਨੂੰ ਮਾਂ-ਬਾਪ ਦੀ ਸੋਝੀ ਪ੍ਰਾਪਤ ਹੁੰਦੀ ਹੈ। ਉਪਰੰਤ ਉਸ ਨੂੰ ਭਰਾ ਅਤੇ ਭਰਜਾਈਆਂ ਆਦਿ ਬਾਰੇ ਪਤਾ ਚਲਦਾ ਹੈ। ਫਿਰ ਉਹ ਖਾਣ-ਪੀਣ ਦੇ ਸੁਆਦਾਂ ਤੋਂ ਜਾਣੂ ਹੋ ਜਾਂਦਾ ਹੈ ਅਤੇ ਅਗਲੇ ਦੌਰ ਵਿਚ ਉਸ ਨੂੰ ਕਾਮ ਬਾਰੇ ਪਤਾ ਚੱਲ ਜਾਂਦਾ ਹੈ। ਇਸ ਤੋਂ ਬਾਅਦ ਉਹ ਧਨ-ਦੌਲਤ ਇਕੱਠੀ ਕਰਨ ਦੇ ਚੱਕਰ ਵਿਚ ਪੈ ਜਾਂਦਾ ਹੈ ਅਤੇ ਕ੍ਰੋਧ ਉਸ ਨੂੰ ਆਪਣਾ ਦਾਸ ਬਣਾ ਲੈਂਦਾ ਹੈ। ਇਨ੍ਹਾਂ ਦੁਨਿਆਵੀ ਕੰਮਾਂ ਵਿਚ ਖਚਿਤ ਮਨੁੱਖ ਨੂੰ ਪਤਾ ਹੀ ਨਹੀਂ ਚੱਲਦਾ ਕਿ ਕਿਹੜੇ ਪਾਸੇ ਉਹ ਬੁੱਢਾ ਹੋ ਗਿਆ ਹੈ। ਆਖਰ ਉਸ ਦੀ ਮ੍ਰਿਤੂ ਹੋ ਜਾਂਦੀ ਹੈ ਅਤੇ ਜੀਵ ਰੂਪੀ ਆਤਮਾ ਪਰਲੋਕ ਵਿਚ ਉਡਾਰੀ ਮਾਰ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨਮੁਖ ਲੋਕ ਆਪਣੇ ਚੰਚਲ ਮਨ ਦੀਆਂ ਇਛਾਵਾਂ ਪੂਰੀਆਂ ਕਰਨ ਦੇ ਚੱਕਰ ਵਿਚ ਆਪਣਾ ਜੀਵਨ ਵਿਅਰਥ ਗੁਆ ਬੈਠਦੇ ਹਨ। ਗੁਰੂ ਦੀ ਅਗਵਾਈ ਤੋਂ ਬਿਨਾਂ ਮਨੁੱਖੀ ਜੀਵਨ ਸਫ਼ਲ ਨਹੀਂ ਹੋ ਸਕਦਾ :

**ਨਾਨਕ ਮਨਮੁਖਿ ਅੰਧੁ ਪਿਆਰੁ ਬਾਝੁ ਗੁਰੂ ਡੁਬਾ ਸੰਸਾਰੁ**

## 1.5.3.12. ਇਕ ਕੰਦ ਮੂਲੁ ਚੁਣਿ ਖਾਹਿ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਭੇਖੀ ਸਾਧੂਆਂ ਅਤੇ ਸੰਨਿਆਸੀਆਂ ਦੇ ਵਿਵਹਾਰ ਦੀ ਆਲੋਚਨਾ ਕਰਦੇ ਹੋਏ ਗ੍ਰਹਿਸਥ ਧਰਮ ਵਿਚ ਰਹਿ ਕੇ ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਸਮਝਾਉਂਦੇ ਹਨ। ਆਪ ਅਨੁਸਾਰ ਕੁਝ ਲੋਕ ਇਹੋ ਜਿਹੇ ਹਨ ਜੋ ਪਰਮਾਤਮਾ ਦੀ ਪ੍ਰਾਪਤੀ ਲਈ ਜੰਗਲਾਂ ਵਿਚ ਚਲੇ ਜਾਂਦੇ ਹਨ ਅਤੇ ਉਥੋਂ ਕੰਦ-ਮੂਲ ਖਾ ਕੇ ਆਪਣਾ ਨਿਰਵਾਹ ਕਰਦੇ ਹਨ। ਕਈ ਭਗਵੇਂ ਵਸਤਰ ਪਹਿਨ ਕੇ ਜੋਗੀ ਬਣ ਜਾਂਦੇ ਹਨ। ਪਰੰਤੂ ਉਨ੍ਹਾਂ ਦੇ ਅੰਦਰੋਂ ਚੰਗੇ ਭੋਜਨ ਖਾਣ ਅਤੇ ਚੰਗੇ ਵਸਤਰ ਪਹਿਨਣ ਦੀ ਇੱਛਾ ਨਹੀਂ ਮਰਦੀ। ਉਹ ਆਪਣਾ ਜਨਮ ਵਿਅਰਥ ਹੀ ਗੁਆ ਬੈਠਦੇ ਹਨ। ਉਹ ਨਾ ਤਾਂ ਗ੍ਰਹਿਸਥੀ ਕਹੇ ਜਾ ਸਕਦੇ ਹਨ ਅਤੇ ਨਾ ਸੰਨਿਆਸੀ। ਜਮਦੂਤ ਦਾ ਡੰਡਾ ਸਦਾ ਉਨ੍ਹਾਂ ਦੇ ਸਿਰਾਂ ਉਪਰ ਮੌਜੂਦ ਰਹਿੰਦਾ ਹੈ ਕਿਉਂਕਿ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਨਹੀਂ ਰਹਿ ਸਕਦੇ। ਪਰ ਜਿਹੜੇ ਲੋਕ ਸੱਚੇ ਗੁਰੂ ਦੀ ਤਲਾਸ਼ ਕਰਕੇ ਉਸ ਦੀ ਸਿੱਖਿਆ ਉਪਰ ਅਮਲ ਕਰਨ ਲੱਗਦੇ ਹਨ ਉਨ੍ਹਾਂ ਦਾ ਜੀਵਨ ਗ੍ਰਹਿਸਥ ਵਿਚ ਰਹਿੰਦਿਆਂ ਹੋਇਆਂ ਵੀ ਉਦਾਸੀਆਂ ਵਰਗਾ ਬਣ ਜਾਂਦਾ ਹੈ :

**ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ**

ਇਹੋ ਜਿਹੇ ਵਿਅਕਤੀ ਆਸ਼ਾ ਅਤੇ ਨਿਰਾਸ਼ ਵਿਚ ਇਕੋ ਜਿਹੇ ਰਹਿੰਦੇ ਹਨ ਅਤੇ ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹੋਏ ਮੁਕਤੀ ਪ੍ਰਾਪਤੀ ਕਰ ਲੈਂਦੇ ਹਨ।

## 5.3.13. ਜੇ ਰਤੁ ਲਗੈ ਕਪੜੇ

ਇਨ੍ਹਾਂ ਸਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਸ਼ੁਭ ਅਮਲਾਂ ਉਪਰ ਜ਼ੋਰ ਦਿੰਦੇ ਹਨ। ਆਪ ਦਾ ਉਪਦੇਸ਼ ਹੈ ਕਿ ਬਾਹਰੀ ਦਿਖਾਵੇ ਦੇ ਕੋਈ ਅਰਥ ਨਹੀਂ ਹਨ। ਜਿਤਨੀ ਦੇਰ ਤਕ ਕਥਨੀ ਅਤੇ ਕਰਨੀ ਇਕ ਨਹੀਂ ਹੁੰਦੀ, ਉਤਨੀ ਦੇਰ ਤਕ ਵਿਅਕਤੀ ਦਾ ਪਾਰਉਤਾਰਾ ਨਹੀਂ ਹੋ ਸਕਦਾ। ਇਸ ਪ੍ਰਸੰਗ ਵਿਚ ਇਕ ਉਦਾਹਰਣ ਦਿੰਦੇ ਹੋਏ ਆਪ ਸਮਝਾਉਂਦੇ ਹਨ ਕਿ ਜੇ ਕੋਈ ਕੱਪੜਾ ਲਹੂ ਨਾਲ ਭਿੱਜ ਜਾਵੇ ਤਾਂ ਉਹ ਅਪਵਿੱਤਰ ਹੋ ਜਾਂਦਾ ਹੈ। ਪਰ ਜਿਹੜੇ ਲੋਕ ਗਰੀਬਾਂ ਦੇ ਹੱਕ ਮਾਰ ਕੇ ਉਨ੍ਹਾਂ ਦਾ ਲਹੂ ਪੀਂਦੇ ਰਹਿੰਦੇ ਹਨ, ਉਨ੍ਹਾਂ ਦੀਆਂ ਆਤਮਾਵਾਂ ਕਿਵੇ ਂ ਸ਼ੁੱਧ ਰਹਿ ਸਕਦੀਆਂ ਹਨ? ਆਪ ਅਨੁਸਾਰ ਪਰਮਾਤਮਾ ਦਾ ਨਾਮ ਜਪਣ ਦਾ ਵੀ ਤਾਂ ਹੀ ਲਾਭ ਹੈ ਜੇ ਵਿਅਕਤੀ ਆਪਣੇ ਮਨ ਅਤੇ ਆਤਮਾ ਵਲੋਂ ਸ਼ੁੱਧ ਹੈ ਨਹੀਂ ਤਾਂ ਝੂਠੇ ਅਮਲ ਕਰਨ ਵਾਲੇ ਵਿਅਕਤੀਆਂ ਦਾ ਇਸ ਤਰ੍ਹਾਂ ਵੀ ਉਧਾਰ ਨਹੀਂ ਹੋ ਸਕੇਗਾ।

## 5.3.14. ਜਾਤੌ ਜਾਇ ਕਹਾ ਤੇ ਆਵੈ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਜਨਮ-ਮਰਨ ਦੀ ਪ੍ਰਕ੍ਰਿਆ ਬਾਰੇ ਵਿਚਾਰ ਕਰਦੇ ਹਨ। ਆਪ ਅਨੁਸਾਰ ਮਨੁੱਖ ਕਿਵੇਂ ਜਨਮਦਾ ਹੈ, ਕਿਥੋਂ ਆਉਂਦਾ ਹੈ ਅਤੇ ਮਰ ਕੇ ਕਿਥੇ ਚਲਾ ਜਾਂਦਾ ਹੈ ਅਤੇ ਕਿਵੇਂ ਉਸ ਨੂੰ ਮੁਕਤੀ ਮਿਲ ਸਕਦੀ ਹੈ। ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਆਪ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਉਪਰ ਟੇਕ ਰੱਖਣ ਵਾਲਾ ਵਿਅਕਤੀ ਆਪਦੀ ਜੀਵਨ-ਯਾਤਰਾ ਨੂੰ ਸਫ਼ਲ ਕਰ ਜਾਂਦਾ ਹੈ। ਉਸ ਨੂੰ ਮੁਕਤੀ ਮਿਲ ਜਾਂਦੀ ਹੈ। ਗੁਰਮੁਖ ਲੋਕ ਸਹਿਜੇ ਹੀ ਇਸ ਜੀਵਨ ਵਿਚ ਆਉਂਦੇ ਹਨ ਅਤੇ ਸਹਿਜੇ ਹੀ ਉਹ ਇਥੋਂ ਵਿਦਾ ਹੋ ਜਾਂਦੇ ਹਨ। ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਕਸ਼ਟ ਨਹੀਂ ਹੁੰਦਾ। ਉਨ੍ਹਾਂ ਨੂੰ ਕੋਈ ਬੰਨ੍ਹ ਕੇ ਨਹੀਂ ਰੱਖ ਸਕਦਾ। ਗੁਰਸ਼ਬਦ ਨੂੰ ਵਿਚਾਰਣ ਕਰਕੇ ਉਹ ਮੁਕਤੀ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। ਇਹ ਜੀਵਨ ਪੰਛੀ ਦੇ ਰੁੱਖ ਉਪਰ ਰੈਣ-ਬਸੇਰਾ ਕਰਨ ਵਾਂਗ ਹਨ। ਇਸ ਨਾਲ ਪਿਆਰ ਪਾਉਣਾ ਚੰਗੀ ਗੱਲ ਨਹੀਂ ਹੈ। ਪਰਮਾਤਮਾ ਦਾ ਨਾਮ ਜਪਣ ਨਾਲ ਜੀਵਨ-ਯਾਤਰਾ ਸੌਖੀ ਹੋ ਜਾਂਦੀ ਹੈ। ਕਾਮ, ਕ੍ਰੋਧ ਵਰਗੇ ਵਿਕਾਰਾਂ ਤੋਂ ਮੁਕਤੀ ਮਿਲ ਜਾਂਦੀ ਹੈ। ਪਰ ਇਹੋ ਜਿਹੇ ਉਪਦੇਸ਼ ਸੱਚੇ ਗੁਰੂ ਤੋਂ ਹੀ ਪ੍ਰਾਪਤ ਹੋ ਸਕਦੇ ਹਨ :

## ਗੁਰ ਮਿਲਿ ਖੋਲੇ ਬਜਰ ਕਪਾਟ

ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਸੱਚੇ ਸਾਧੂਆਂ (ਗੁਰੂਆਂ) ਨਾਲ ਮੇਲ ਪਰਮਾਤਮਾ ਦੀ ਇੱਛਾ ਅਨੁਸਾਰ ਹੀ ਹੁੰਦਾ ਹੈ। ਗੁਰੂ ਜੀ ਇਹੋ ਜਿਹੇ ਸਾਧੂਆਂ ਦੀ ਚਰਨ-ਬੰਦਨਾ ਕਰਦੇ ਹਨ।

## 5.3.15. ਰੈਣਿ ਗਵਾਈ ਸੋਇ ਕੈ

ਰਾਗ 'ਗਉੜੀ ਬੈਰਾਗਣਿ ਵਿਚ ਲਿਖੇ ਇਸ ਸ਼ਬਦ ਵਿਚ ਮਨੁੱਖੀ ਜੀਵਨ ਦੇ ਲਕਸ਼ ਅਤੇ ਮਹੱਤਵ ਬਾਰੇ ਉਪਦੇਸ਼ ਕਰਦੇ ਹਨ। ਆਪ ਅਨੁਸਾਰ ਇਕ ਸਾਧਾਰਣ ਵਿਅਕਤੀ ਆਪਦੇ ਜੀਵਨ ਦੀਆਂ ਸਾਰੀਆਂ ਰਾਤਾਂ ਨੂੰ ਸੌਂ ਕੇ ਅਤੇ ਦਿਨਾਂ ਨੂੰ ਖਾ-ਪੀ ਕੇ ਗੁਜ਼ਾਰ ਛੱਡਦਾ ਹੈ। ਇਸ ਤਰ੍ਹਾਂ ਉਸ ਦਾ ਹੀਰੇ ਵਰਗਾ ਬਹੁਮੁੱਲਾ ਜਨਮ ਕੌਡੀਆਂ ਦੇ ਭਾਅ ਗੁਆਚ ਜਾਂਦਾ ਹੈ। ਜਿਹੜੇ ਮੂਰਖ ਲੋਕ ਪਰਮਾਤਮਾ ਦੇ ਨਾਮ ਨੂੰ ਨਹੀਂ ਸਮਝਦੇ, ਉਹ ਬਾਅਦ ਵਿਚ ਪਛਤਾਉਂਦੇ ਹਨ। ਇਹੋ ਜਿਹੇ ਲੋਕ ਪਰਮਾਤਮਾ ਦੀ ਤਲਾਸ਼ ਵਿਚ ਭਾਵੇਂ ਬੇਅੰਤ ਧਨ ਅਰਪਿਤ ਕਰ ਦੇਣ ਪਰੰਤੂ ਉਨ੍ਹਾਂ ਨੂੰ ਪਰਮਾਤਮਾ ਨਸੀਬ ਨਹੀਂ ਹੋਵੇਗਾ। ਇਹੋ ਜਿਹੇ ਬੇਅੰਤ ਪਰਮਾਤਮਾ ਦੀ ਤਲਾਸ਼ ਵਿਅਕਤੀ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦਾ। ਜੇ ਕੋਈ ਆਪਣੇ ਆਪ ਯਤਨ ਕਰਕੇ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ ਤਾਂ ਉਹ ਸਭ ਨੂੰ ਹੀ ਮਿਲ ਜਾਂਦਾ, ਸਾਰੇ ਹੀ ਭਾਗਾਂ ਵਾਲੇ ਬਣ ਜਾਂਦੇ। ਮਨੁੱਖੀ ਜੀਵਨ ਦਾ ਮੁੱਲ ਤਾਂ ਮਨੁੱਖ ਦੁਆਰਾ ਕੀਤੇ ਹੋਏ ਕਰਮਾਂ ਦੁਆਰਾ ਹੀ ਪੈਂਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਪਰਮਾਤਮਾ ਨੇ ਇਹ ਦੁਨੀਆਂ ਸਾਜੀ ਹੈ, ਉਹੀ ਇਸ ਦੀ ਦੇਖ-ਭਾਲ ਵੀ ਕਰਦਾ ਹੈ। ਉਸ ਨੇ ਕਿਸ ਨੂੰ ਵਡਿਆਈ ਦੇਣੀ ਹੈ, ਇਸ ਬਾਰੇ ਕੋਈ ਨਹੀਂ ਜਾਣਦਾ।

## 5.4. ਸੰਖੇਪ ਪ੍ਰਸ਼ਨ-ਉੱਤਰ

ਪ੍ਰਸ਼ਨ : ਛਿਅ ਘਰ ਛਿਅ ਗੁਰ ਛਿਅ ਉਪਦੇਸ਼ ਦਾ ਕੀ ਅਰਥ ਹੈ ?

ਉਤਰ : ਇਸ ਪੰਕਤੀ ਵਿਚ ਗੁਰੂ ਨਾਨਕ ਦੇਵ ਜੀ ਹਿੰਦੂ ਧਰਮ ਨਾਲ ਸੰਬੰਧਿਤ ਛੇ ਸ਼ਾਸ਼ਤਰਾਂ (ਸਾਂਖ, ਨਿਆਇ, ਵੈਸ਼ੇਸ਼ਕ, ਮੀਮਾਂਸਾ, ਯੋਗ ਅਤੇ ਵੇਦਾਂਤ) ਵੱਲ ਸੰਕੇਤ ਕਰਦੇ ਹਨ। ਛੇ ਹੀ ਇਨ੍ਹਾਂ ਸ਼ਾਸ਼ਤਰਾਂ ਦੇ ਲੇਖਕ ਹਨ: ਕਪਿਲ, ਗੋਤਮ, ਕਣਾਦ, ਜੈਮਨੀ, ਪਾਤੰਜਲੀ ਅਤੇ ਵਿਆਸ। ਇਹ ਛੇ ਰਿਸ਼ੀ ਜੀਵਨ, ਜਗਤ ਅਤੇ ਪਰਮਾਤਮਾ ਸੰਬੰਧੀ ਛੇ ਤਰ੍ਹਾਂ ਦੇ ਵਿਚਾਰ ਪੇਸ਼ ਕਰਦੇ ਹਨ। ਭਾਵ ਇਹਨਾਂ ਸਾਰਿਆਂ ਦੇ ਵਿਚਾਰ ਇਕ ਦੂਜੇ ਤੋਂ ਭਿੰਨ ਹਨ।

ਪ੍ਰਸ਼ਨ : ਆਰਤੀ ਵਾਲੇ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਕੀ ਫੁਰਮਾਉਂਦੇ ਹਨ ?

ਉਤਰ : ਇਸ ਸ਼ਬਦ ਵਿਚ ਗੁਰੂ ਜੀ ਮਨੁੱਖ ਨੂੰ ਕਰਮ-ਕਾਂਡਾਂ ਦੇ ਪਿੱਛੇ ਲੱਗਣ ਤੋਂ ਵਰਜਦੇ ਹਨ। ਆਪ ਅਨੁਸਾਰ ਪਰਮਾਤਮਾ ਆਰਤੀ ਵਰਗੇ ਕਰਮ-ਕਾਂਡਾਂ ਉਪਰ ਪ੍ਰਸੰਨ ਨਹੀਂ ਹੁੰਦਾ ਕਿਉਂਕਿ ਉਸ ਦੀ ਆਰਤੀ ਤਾਂ ਪ੍ਰਕ੍ਰਿਤੀ ਵਿਚ ਹਰ ਸਮੇਂ ਅਤੇ ਹਰ ਥਾਂ ਉਤੇ ਹੋ ਰਹੀ ਹੈ। ਉਸ ਨੂੰ ਕੇਵਲ ਪ੍ਰੇਮ ਭਾਵ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਪ੍ਰਸ਼ਨ : ਕੋਟਿ ਕੋਟਿ ਮੇਰੀ ਆਰਜਾ ਵਿਚ ਗੁਰੂ ਸਾਹਿਬ ਕੀ ਉਪਦੇਸ਼ ਦਿੰਦੇ ਹਨ?

ਉਤਰ : ਇਸ ਸ਼ਬਦ ਰਾਹੀਂ ਗੁਰੂ ਸਾਹਿਬ ਇਹ ਦਰਸਾਉਂਦੇ ਹਨ ਕਿ ਪਰਮਾਤਮਾ ਏਨਾ ਬੇਅੰਤ ਹੈ ਕਿ ਮਨੁੱਖ ਉਸ ਦਾ ਪਾਰਾਵਾਰ ਨਹੀਂ ਜਾਣ ਸਕਦਾ। ਜੇ ਮਨੁੱਖ ਨੂੰ ਕਰੋੜਾਂ ਵਰ੍ਹੇ ਦੀ ਉਮਰ ਮਿਲ ਜਾਵੇ ਅਤੇ ਉਹ ਸਾਰੀ ਉਮਰ ਨਿਰੰਤਰ ਪਰਮਾਤਮਾ ਦੇ ਨਾਮ ਦੀ ਮਹਿਮਾ ਬਾਰੇ ਲਿਖੀ ਜਾਵੇ ਤਾਂ ਵੀ ਉਸ ਦੀ ਸਮੁੱਚੀ ਮਹਿਮਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ।

ਪ੍ਰਸ਼ਨ : ਗਲੀਂ ਅਸੀ ਚੰਗੀਆਂ ਵਿਚ ਗੁਰੂ ਜੀ ਕੀ ਉਪਦੇਸ਼ ਦਿੰਦੇ ਹਨ?

ਉਤਰ : ਇਸ ਸ਼ਬਦ ਵਿਚ ਗੁਰੂ ਦੀ ਕਹਿਣੀ ਅਤੇ ਕਰਨੀ ਦੀ ਇਕਸੁਰਤਾ ਉਪਰ ਜ਼ੋਰ ਦਿੰਦੇ ਹਨ। ਸਾਡੇ ਸਮਾਜ ਵਿਚ ਬਹੁਤ ਲੋਕ ਬਾਹਰੀ ਤੌਰ ਤੇ ਤਾਂ ਬੜੇ ਨੇਕ ਬਣੇ ਫਿਰਦੇ ਹਨ ਪਰੰਤੂ ਅੰਦਰੋਂ ਉਹ ਖੋਟੇ ਅਤੇ ਦੁਰਾਚਾਰੀ ਹੁੰਦੇ ਹਨ। ਇਹੋ ਜਿਹੇ ਲੋਕਾਂ ਦਾ ਪਾਰਉਤਾਰਾ ਨਹੀਂ ਹੋ ਸਕਦਾ।

## ਮਹੱਤਵਪੂਰਨ ਪ੍ਰਸ਼ਨ

1. 'ਮੋਤੀ ਤੇ ਮੰਦਰ ਉਸਰਹਿ' ਦਾ ਵਿਸ਼ਾ-ਵਸਤੂ ਦੱਸੋ? (ਦਸੰਬਰ 2016)
2. ਹੇਠ ਲਿਖੇ ਕਾਵਿ-ਟੁਕੜੇ ਨੂੰ ਸਾਹਿਤਕ ਪੱਖ ਤੋਂ ਵਿਚਾਰੋ :

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ।।
ਮਨਹੁ ਕਸੁਧਾ ਕਾਲੀਆ ਬਾਹਰਿ ਚਿਟਵੀਆਹ ।।
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰ ਖੜੀਆਹ ।।
ਨਾਲ ਖਸਮੈ ਰਤੀਆ ਮਾਣਹਿ ਸੁਖ ਰਲੀਆਹ ।।
ਹੋਦੈ ਤਾਣਿ ਨਿਤਾਣੀਆ ਰਹਰਿ ਨਿਮਾਨਣੀਆਹ ।।
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ।।2।। (ਦਸੰਬਰ 2017)

ਪ੍ਰਸ਼ਨ : ਗੁਰੂ ਨਾਨਕ ਦੇਵ ਜੀ ਦੁਆਰਾ ਲਿਖੇ ਗਏ ਨਿਮਨਲਿਖਿਤ ਸ਼ਬਦਾਂ ਵਿਚੋਂ ਕਿਸੇ ਇਕ ਦੇ ਵਿਸ਼ੇ-ਵਸਤੂ ਉਤੇ ਨੋਟ ਲਿਖੋ :

(i) ਆਰਤੀ
(ii) ਮੋਤੀ ਤੇ ਮੰਦਰ ਉਸਰਹਿ
(iii) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ

**ਪਾਠ ਨੰਬਰ : 1.6**

## (ਅ) ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ

### 1.6.1 ਭੂਮਿਕਾ :

ਇਸ ਪਾਠ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਅਤੇ ਵਿਚਾਰਧਾਰਾ ਨੂੰ ਉਨ੍ਹਾਂ ਦੀ ਬਾਣੀ ਦੇ ਚੋਣਵੇਂ ਨਮੂਨਿਆਂ ਦੁਆਰਾ ਸਮਝਣ-ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਮ ਭਾਰਤੀ ਸਮਾਜ ਵਿਚ ਇਕ ਨਵੇਂ ਅਧਿਆਇ ਦਾ ਆਰੰਭ ਹੁੰਦਾ ਹੈ। ਆਪ ਨੇ ਸਮਾਜਿਕ-ਸਭਿਆਚਾਰਕ ਵਿਤਕਰਿਆਂ ਤੋਂ ਉਪਰ ਉਠ ਕੇ ਮਾਨਵੀ ਸਮਾਨਤਾ ਅਤੇ ਸੁਤੰਤਰਤਾ ਦਾ ਇਕ ਨਵਾਂ ਸੰਕਲਪ ਪੇਸ਼ ਕੀਤਾ। ਆਪਣੇ ਵਿਅਕਤੀ ਨੂੰ ਇਕ ਆਦਰਸ਼ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਪਰਮਾਤਮਾ ਨਾਲ ਪ੍ਰੀਤ, ਗੁਰੂ ਨਾਲ ਵਚਨਬੱਧਤਾ, ਵਿਕਾਰਾਂ ਤੋਂ ਮੁਕਤੀ, ਕਥਨੀ ਅਤੇ ਕਰਨੀ ਵਿਚ ਸਮਾਨਤਾ ਅਤੇ ਮਾਇਆ ਤੋਂ ਨਿਰਲੇਪਤਾ ਆਪਦੀ ਵਿਚਾਰਧਾਰਾ ਦੇ ਮੁੱਖ ਅੰਗ ਹਨ। ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਕਾਵਿ ਨੂੰ ਬਹੁਤ ਸਾਰੇ ਨਵੇਂ ਰੂਪ, ਅਲੰਕਾਰ, ਬਿੰਬ ਅਤੇ ਛੰਦ ਪ੍ਰਦਾਨ ਕੀਤੇ ਹਨ। ਇਹੀ ਕਾਰਨ ਹੈ ਕਿ ਸਮੁੱਚੇ ਮੱਧਕਾਲੀਨ ਪੰਜਾਬੀ ਸਾਹਿੱਤ ਨੂੰ ਗੁਰੂ ਨਾਨਕ ਕਾਲ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

### 1.6.2. ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦਾ ਵਿਸ਼ੈ-ਵਸਤੂ

### 1.6.2.1. ਹਰਣੀ ਹੋਵਾ ਬਨਿ ਵਸਾ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੇ ਨਾਮ ਨਾਲ ਆਪਣੀ ਪ੍ਰੀਤ ਦਾ ਵਰਣਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਉਨ੍ਹਾਂ ਦਾ ਸਾਰਾ ਕਾਰ-ਵਿਹਾਰ ਉਸ ਦੇ ਨਾਮ ਨਾਲ ਹੀ ਜੁੜਿਆ ਹੋਇਆ ਹੈ ਅਤੇ ਉਹ ਉਸ ਦੇ ਨਾਮ ਦੇ ਵਣਜਾਰੇ ਹਨ। ਆਪਣੀ ਇਸ ਧਾਰਣਾ ਨੂੰ ਸਪਸ਼ਟ ਕਰਨ ਲਈ ਗੁਰੂ ਜੀ ਬਹੁਤ ਸਾਰੇ ਦ੍ਰਿਸ਼ਟਾਂਤ ਵੀ ਪੇਸ਼ ਕਰਦੇ ਹਨ। ਆਪ ਅਨੁਸਾਰ ਜੇ ਉਨ੍ਹਾਂ ਨੂੰ ਇਕ ਹਿਰਨੀ ਦਾ ਜੀਵਨ ਮਿਲ ਜਾਵੇ ਅਤੇ ਆਪਦਾ ਨਿਰਵਾਹ ਉਹ ਜੰਗਲ ਦੇ ਕੰਦ-ਮੂਲ ਖਾ ਕੇ ਕਰਨ ਤਾਂ ਵੀ ਉਹ ਕਦੇ ਪਰਮਾਤਮਾ ਨੂੰ ਭੁਲਾਉਣਗੇ ਨਹੀਂ ਸਗੋਂ ਉਸ ਤੋਂ ਕੁਰਬਾਨ ਜਾਣਗੇ। ਇਸ ਤਰ੍ਹਾਂ ਜੇ ਉਨ੍ਹਾਂ ਨੂੰ ਕੋਇਲ ਦਾ ਜੀਵਨ ਮਿਲ ਜਾਵੇ ਤਾਂ ਉਹ ਅੰਬਾਂ ਦੇ ਰੁੱਖ ਤੇ ਬੈਠ ਪਰਮਾਤਮਾ ਦੇ ਨਾਮ ਦਾ ਗਾਇਣ ਕਰਨਗੇ। ਇਸੇ ਤਰ੍ਹਾਂ ਜੇ ਪਰਮਾਤਮਾ ਉਨ੍ਹਾਂ ਨੂੰ ਇੱਕ ਮਛਲੀ ਦਾ ਜੀਵਨ ਦੇ ਦੇਵੇ ਤਾਂ ਪਾਣੀ ਵਿਚ ਰਹਿੰਦੇ ਹੋਏ ਵੀ ਉਹ ਪਰਮਾਤਮਾ ਦੀ ਤਲਾਸ਼ ਜਾਰੀ ਰੱਖਣਗੇ। ਅੰਤ ਵਿਚ ਆਪ ਫੁਰਮਾਉਂਦੇ ਹਨ ਕਿ ਜੇ ਪਰਮਾਤਮਾ ਉਨ੍ਹਾਂ ਨੂੰ ਇਕ ਨਾਗਿਨ ਵੀ ਬਣਾ ਦੇਵੇ ਤਾਂ ਉਹ ਪਰਮਾਤਮਾ ਦੇ ਨਾਮ ਨੂੰ ਆਪਣੇ ਦਿਲ ਵਿਚ ਵਸਾ ਕੇ ਰਖਣਗੇ। ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਜੀਵ ਰੂਪੀ ਇਸਤਰੀਆਂ ਸੁਹਾਗਣਾ ਹਨ ਜਿਨ੍ਹਾਂ ਨੇ ਪਰਮਾਤਮਾ ਦੀ ਜੋਤਿ ਨੂੰ ਆਪਦੇ ਦਿਲ ਵਿਚ ਉਜਾਗਰ ਕਰ ਲਿਆ ਹੈ।

### 1.6.2.2. ਦੂਜੀ ਮਾਇਆ ਜਗਤ ਚਿਤ ਵਾਸੁ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਇਕ ਪਰਮਾਤਮਾ ਨੂੰ ਪਹਿਚਾਣਨ ਉਤੇ ਜ਼ੋਰ ਦਿੰਦੇ ਹਨ। ਆਪ ਅਨੁਸਾਰ ਇਸ ਸੰਸਾਰ ਵਿਚ ਉਸ ਇਕ ਪਰਮਾਤਮਾ ਤੋਂ ਬਿਨਾਂ ਦੂਜੀ ਕੋਈ ਹੋਰ ਸ਼ਕਤੀ ਨਹੀਂ ਹੈ। ਇਸ ਲਈ ਉਸ ਤੋਂ ਬਿਨਾਂ ਕਿਸੇ ਦੂਸਰੇ ਦੀ ਤਲਾਸ਼ ਵਿਅਰਥ ਹੈ। ਕਾਮ, ਕ੍ਰੋਧ ਅਤੇ ਹੰਕਾਰ ਦਾ ਨਾਸ਼ ਕਰਕੇ ਇਨਸਾਨ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਸਕਦਾ ਹੈ। ਇਸ ਸੰਸਾਰ ਦੀ ਹਰ ਵਸਤੂ ਵਿਚ ਉਸੇ ਇਕ ਪਰਮਾਤਮਾ ਦਾ ਨਿਵਾਸ ਹੈ। ਧਰਤੀ, ਸੂਰਜ, ਨਾਰੀ ਅਤੇ ਪੁਰਖ ਵਿਚ ਉਸੇ ਪਰਮਾਤਮਾ ਦੀ ਹਸਤੀ ਛਿਪੀ ਹੋਈ ਹੈ। ਸੱਚੇ

ਸਤਿਗੁਰੂ ਨੇ ਮੈਨੂੰ ਇਸ ਇੱਕ ਪਰਮਾਤਮਾ ਦਾ ਬੋਧ ਕਰਵਾ ਦਿੱਤਾ ਹੈ। ਮੈਂ ਆਪਣੀ ਦ੍ਵੈਤ ਭਾਵਨਾ ਨੂੰ ਮਾਰ ਕੇ ਇਕ ਨਿਰੰਜਨ ਰੂਪੀ ਪਰਮਾਤਮਾ ਨੂੰ ਪਹਿਚਾਣ ਲਿਆ ਹੈ। ਸਾਰੀ ਸ੍ਰਿਸ਼ਟੀ ਵਿਚ ਉਸੇ ਇਕ ਪਰਮਾਤਮਾ ਦਾ ਹੁਕਮ ਵਰਤ ਰਿਹਾ ਹੈ। ਉਸੇ ਇੱਕ ਤੋਂ ਸਭ ਦੀ ਉਤਪੱਤੀ ਹੋਈ ਹੈ। ਸਾਰੇ ਰੰਗਾਂ, ਰੂਪਾਂ ਅਤੇ ਮਨਾਂ ਵਿਚ ਉਹੀ ਇਕ ਪਰਮਾਤਮਾ ਨਿਵਾਸ ਕਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸਾਨੂੰ ਉਸੇ ਇੱਕ ਪਰਮਾਤਮਾ ਦੀ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ।

### 1.6.2.3. ਹਠੁ ਕਰਿ ਮਰੈ ਨ ਲੇਖੈ ਪਾਵੈ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਹਠ ਯੋਗ ਦੀ ਸਾਧਨਾ ਅਤੇ ਤਪੱਸਿਆ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਗੁਰੂ ਜੀ ਦਾ ਵਿਚਾਰ ਹੈ ਕਿ ਇਹੋ ਜਿਹੀਆਂ ਵਿਧੀਆਂ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਜਿਹੜਾ ਵਿਅਕਤੀ ਹਠ-ਯੋਗ ਕਰਦਾ ਹੋਇਆ ਮਰ ਜਾਂਦਾ ਹੈ, ਪਰਮਾਤਮਾ ਦੀ ਦਰਗਾਹ ਵਿਚ ਉਸ ਨੂੰ ਕੋਈ ਇੱਜ਼ਤ ਨਹੀਂ ਮਿਲਦੀ। ਇਸੇ ਤਰ੍ਹਾਂ ਜਿਹੜਾ ਭੇਖ ਆਦਿ ਧਾਰਨ ਕਰਦਾ ਹੈ, ਉਸ ਨੂੰ ਵੀ ਅੰਤ ਵਿਚ ਪਛਤਾਉਣਾ ਪੈਂਦਾ ਹੈ। ਚੰਦਨ ਆਦਿ ਦੇ ਟਿੱਕਿਆਂ ਅਤੇ ਅਗਰਬੱਤੀ ਆਦਿ ਨਾਲ ਵੀ ਪਰਮਾਤਮਾ ਨਹੀਂ ਰੀਝਦਾ। ਨਾਮ ਤੋਂ ਬਗੈਰ ਹੋਰ ਸਭ ਕ੍ਰਿਆਵਾਂ ਝੂਠੀਆਂ ਅਤੇ ਮਿਥਿਆ ਹਨ। ਜਿਹੜੇ ਆਦਮੀ ਸ਼ਹਿਨਸ਼ਾਹ ਬਣ ਕੇ ਤਖਤ ਉਪਰ ਬੈਠ ਜਾਂਦਾ ਹੈ ਉਸਦੀ ਤ੍ਰਿਸ਼ਨਾ ਵਧ ਜਾਂਦੀ ਹੈ ਅਤੇ ਉਹ ਵੀ ਪਰਮਾਤਮਾ ਨੂੰ ਨਹੀਂ ਪਾ ਸਕਦਾ। ਅਹੰਕਾਰ ਅਤੇ ਪ੍ਰਭੂ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ। ਅਗਿਆਨੀ ਲੋਕ ਇਕ ਪ੍ਰਭੂ ਨੂੰ ਛੱਡ ਕੇ ਦੂਸਰੀਆਂ ਚੀਜ਼ਾਂ ਦੇ ਮਗਰ ਨੱਠੇ ਫਿਰਦੇ ਹਨ। ਸੱਚੇ ਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਮਨੁੱਖ ਨੂੰ ਆਪਣੀ ਮੰਜ਼ਿਲ ਬਾਰੇ ਗਿਆਨ ਪ੍ਰਾਪਤ ਨਹੀਂ ਹੁੰਦਾ। ਗੁਰੂ ਨਾਨਕ ਜੀ ਉਸ ਦੇ ਬਲਿਹਾਰ ਜਾਂਦੇ ਹਨ ਜੋ ਸੱਚੇ ਮਾਰਗ ਦੀ ਸੋਝੀ ਕਰਵਾਉਂਦਾ ਹੈ ਅਤੇ ਜੋ ਪਰਮਾਤਮਾ ਦੇ ਸ਼ਬਦ ਨਾਲ ਪਹਿਚਾਣ ਕਰਵਾਉਂਦਾ ਹੈ। ਨਾਮ ਤੋਂ ਬਿਨਾਂ ਜ਼ਿੰਦਗੀ ਦਾ ਕੋਈ ਪ੍ਰਯੋਜਨ ਹੀ ਨਹੀਂ ਹੈ। ਹਰ ਵਿਅਕਤੀ ਨੂੰ ਦਿਨ-ਰਾਤ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ ਲੋਕ ਪਰਮਾਤਮਾ ਦੇ ਨਾਮ ਵਿਚ ਰੰਗੇ ਰਹਿੰਦੇ ਹਨ, ਉਹ ਸੁਰਖਰੂ ਹੋ ਕੇ ਪਰਮਾਤਮਾ ਦੀ ਦਰਗਾਹ ਵਿਚ ਪਹੁੰਚਦੇ ਹਨ। ਉਹ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ।

### 1.6.2.4. ਏਕੋ ਸਰਵਰੁ ਕਮਲ ਅਨੂਪ

ਆਸਾ ਰਾਗ ਵਿਚ ਲਿਖੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਸਾਜੀ ਹੋਈ ਹੈ। ਸਰਵਰ ਵਿਚ ਖਿੜੇ ਹੋਏ ਕੰਵਲ ਫੁਲ, ਜੋ ਬੜੇ ਸੁੰਦਰ ਪ੍ਰਤੀਤ ਹੁੰਦੇ ਹਨ, ਵੀ ਉਸੇ ਪਰਮਾਤਮਾ ਦੇ ਸਿਰਜੇ ਹੋਏ ਹਨ। ਪਰ ਜੋ ਦਿਸਦਾ ਹੈ, ਉਹ ਸਭ ਨਾਸ਼ਮਾਨ ਹੈ। ਇਸ ਭੇਦ ਦੀ ਕਿਸੇ ਵਿਰਲੇ ਵਿਅਕਤੀ ਨੂੰ ਹੀ ਸਮਝ ਆਉਂਦੀ ਹੈ। ਵਿਅਕਤੀ ਨਾਦ ਅਤੇ ਬਿੰਦ ਦੁਆਰਾ ਜਨਮ ਲੈਂਦਾ ਹੈ ਪਰ ਜੇ ਉਹ ਸਤਿਗੁਰ ਦੀ ਸੇਵਾ ਕਰੇਗਾ ਤਾਂ ਹੀ ਉਸ ਨੂੰ ਪਰਮ ਪਦ ਦੀ ਪ੍ਰਾਪਤੀ ਹੋਵੇਗੀ। ਉਹ ਪਰਮਾਤਮਾ ਹੀ ਸਭ ਦਾ ਰਖਵਾਲਾ ਹੈ। ਉਹ ਡੁੱਬਦੇ ਹੋਏ ਪੱਥਰਾਂ ਨੂੰ ਵੀ ਤੈਰਨ ਲਾ ਦਿੰਦਾ ਹੈ। ਸਾਰੀ ਦੁਨੀਆਂ ਦੇ ਤਿੰਨਾਂ ਲੋਕਾਂ ਵਿਚ ਉਸੇ ਦੀ ਜੋਤਿ ਪ੍ਰਕਾਸ਼ਮਾਨ ਹੈ। ਜਿਹੜੇ ਵਿਅਕਤੀ ਦਿਨ-ਰਾਤ ਉਸ ਪਰਮਾਤਮਾ ਦੇ ਚਰਨਾਂ ਵਿਚ ਲਿਵ ਲਾਈ ਰੱਖਦੇ ਹਨ, ਗੁਰੂ ਨਾਨਕ ਦੇਵ ਜੀ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਨ।

### 1.6.2.5. ਵਿਦਿਆ ਵਿਚਾਰੀ ਤਾਂ ਪਰਉਪਕਾਰੀ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜਾ ਵਿਅਕਤੀ ਵਿਦਿਆ ਨੂੰ ਵਿਚਾਰ ਲੈਂਦਾ ਹੈ, ਉਹ ਪਰਉਪਕਾਰੀ ਬਣ ਜਾਂਦਾ ਹੈ। ਜੋ ਕੋਈ ਪੰਜ ਵਿਕਾਰਾ ਉਪਰ ਵੱਸ ਕਰ ਲੈਂਦਾ ਹੈ, ਉਹ ਤੀਰਥ-ਇਸ਼ਨਾਨ ਦਾ ਮਹਾਤਮ ਪ੍ਰਾਪਤ ਕਰ ਲੈਂਦਾ ਹੈ। ਜੋ ਆਸ਼ਾ ਵਿਚ ਰਹਿੰਦਾ ਹੋਇਆ ਵੀ ਨਿਰਾਸ਼ ਰਹਿੰਦਾ ਹੈ, ਉਹੀ ਅਸਲ ਸੰਨਿਆਸੀ ਹੈ। ਜੋ ਆਪਣੇ ਜਤ ਉੱਤੇ ਕਾਇਮ ਰਹਿੰਦਾ ਹੈ, ਉਹੀ ਆਪਣੇ ਸਰੀਰ ਦਾ ਸਹੀ ਪ੍ਰਯੋਗ ਕਰਦਾ ਹੈ। ਜੋ ਵਿਅਕਤੀ ਦਿਆਲੂ ਬਣ ਜਾਂਦਾ ਹੈ, ਉਹੀ ਅਸਲ ਦਿਗੰਬਰ ਹੈ। ਇਹੋ ਜਿਹਾ ਵਿਅਕਤੀ ਆਪ ਮਰਨਾ ਮਨਜ਼ੂਰ ਕਰ ਸਕਦਾ ਹੈ ਪਰ ਕਿਸੇ ਉਪਰ ਜ਼ੁਲਮ ਨਹੀਂ ਕਰ ਸਕਦਾ। ਗੁਰੂ ਜੀ ਫੁਰਮਾਉਂਦੇ ਹਨ

ਕਿ ਪਰਮਾਤਮਾ ਇੱਕ ਹੀ ਹੈ, ਭਾਵੇਂ ਉਸ ਨੂੰ ਕਈ ਰੂਪਾਂ ਵਿਚ ਜਾਣਿਆ ਜਾਂਦਾ ਹੈ। ਉਸ ਪਰਮਾਤਮਾ ਦੀ ਲੀਲ੍ਹਾ ਨੂੰ ਜਾਣਨਾ ਬਹੁਤ ਔਖਾ ਹੈ।

## 1.6.2.6. ਖੁਰਾਸਾਨ ਖਸਮਾਨਾ ਕੀਆ

ਬਾਬਰਵਾਣੀ ਦੇ ਵਿਸ਼ੇ ਨਾਲ ਸਬੰਧਤ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੇ ਹਿੰਦੁਸਤਾਨ ਉੱਤੇ ਬਾਬਰ ਦੇ ਹਮਲੇ ਦਾ ਦ੍ਰਿਸ਼ ਬਿਆਨ ਕੀਤਾ ਹੈ। ਆਪ ਫੁਰਮਾਉਂਦੇ ਹਨ ਕਿ ਬਾਬਰ ਨੇ ਖੁਰਾਸਾਨ ਤੋਂ ਚੱਲ ਕੇ ਹਿੰਦੁਸਤਾਨ ਉਪਰ ਹਮਲਾ ਕੀਤਾ। ਉਸ ਨੇ ਏਨੀ ਲੁੱਟ-ਮਾਰ ਕੀਤੀ ਕਿ ਸਾਰੇ ਹਿੰਦੁਸਤਾਨ ਵਿਚ ਕੁਰਲਾਹਟ ਮੱਚ ਗਈ ਹੈ। ਇਸ ਕਤਲੇਆਮ ਕਾਰਨ ਪਰਮਾਤਮਾ ਨੂੰ ਉਲਾਂਭਾ ਦਿੰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਏਨੇ ਦੁਖੀ ਲੋਕਾਂ ਨੂੰ ਵੇ ਖ ਕੇ ਉਸ ਪਰਮਾਤਮਾ ਦੇ ਮਨ ਵਿਚ ਜ਼ਰੂਰ ਹੀ ਤਰਸ ਦੇ ਭਾਵ ਜਾਗ੍ਰਿਤ ਹੋਏ ਹੋਣਗੇ। ਉਹ ਪਰਮਾਤਮਾ ਸਾਰੇ ਲੋਕਾਂ ਦੀ ਸਾਜਨਾ ਕਰਨ ਵਾਲਾ ਹੈ। ਇਸੇ ਕਾਰਨ ਉਸ ਨੂੰ ਇਨ੍ਹਾਂ ਲੋਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਗੁਰੂ ਜੀ ਇਸ ਹਮਲੇ ਦੌਰਾਨ ਹੋਏ ਕਤਲੇਆਮ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਬਾਬਰ ਦੇ ਸਿਪਾਹੀਆਂ ਨੇ ਬਹੁਤ ਸਾਰੀਆਂ ਕੀਮਤੀ ਜਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅਜਿਹਾ ਦ੍ਰਿਸ਼ ਵੇਖ ਕੇ ਹਰ ਇਕ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪਰਮਾਤਮਾ ਦੇ ਘਰ ਵਿਚ ਉਚੇ-ਨੀਵੇਂ ਦਰਜੇ ਦਾ ਕੋਈ ਸਵਾਲ ਹੀ ਨਹੀਂ। ਉਸ ਦੀ ਨਜ਼ਰ ਵਿਚ ਹਰ ਕੋਈ ਬਰਾਬਰ ਹੈ ਅਤੇ ਕਿਸੇ ਦਾ ਰੁਤਬਾ ਵੀ ਕੀੜੀ ਤੋਂ ਵੱਡਾ ਨਹੀਂ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜਾ ਵਿਅਕਤੀ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ, ਉਸੇ ਦਾ ਹੀ ਇਸ ਮਨੁੱਖਾ ਜਨਮ ਵਿਚ ਆਉਣਾ ਸਾਰਥਿਕ ਹੈ। ਪਰਮਾਤਮਾ ਨੂੰ ਭੁਲਾਉਣ ਵਾਲੇ ਲੋਕਾਂ ਦਾ ਹਸ਼ਰ ਚੰਗਾ ਨਹੀਂ ਹੁੰਦਾ। ਉਨ੍ਹਾਂ ਤੇ ਕੋਈ ਨਾ ਕੋਈ ਮੁਸੀਬਤ ਆਈ ਹੀ ਰਹਿੰਦੀ ਹੈ।

## 1.6.2.7. ਜਿਨ ਸਿਰਿ ਸੋਹਨਿ ਪਟੀਆ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਹਿੰਦੁਸਤਾਨ ਉਪਰ ਹੋਏ ਬਾਬਰ ਦੇ ਹਮਲੇ ਦਾ ਪ੍ਰਸੰਗ ਬਿਆਨ ਕਰਦੇ ਹਨ। ਆਪ ਅਨੁਸਾਰ ਹਿੰਦੁਸਤਾਨ ਦੇ ਪਹਿਲੇ ਬਾਦਸ਼ਾਹ ਦੀਆਂ ਜਿਹੜੀਆਂ ਰਾਣੀਆਂ ਅਤੇ ਰਾਜਕੁਮਾਰੀਆਂ ਹਾਰ ਸ਼ਿੰਗਾਰ ਲਾ ਕੇ ਰਹਿੰਦੀਆਂ ਸਨ, ਬਾਬਰ ਦੀ ਜਿੱਤ ਮਗਰੋਂ ਉਨ੍ਹਾਂ ਦਾ ਸਾਰਾ ਹਾਰ-ਸ਼ਿੰਗਾਰ ਖਿੰਡ-ਪੁੰਡ ਗਿਆ ਹੈ। ਉਨ੍ਹਾਂ ਦੀਆਂ ਜ਼ੁਲਫ਼ਾਂ ਕੈਂਚੀ ਨਾਲ ਕੱਟ ਦਿੱਤੀਆਂ ਗਈਆਂ ਹਨ ਅਤੇ ਉਹ ਮਿੱਟੀ ਵਿਚ ਲੱਥ-ਪੱਥ ਫਿਰ ਰਹੀਆਂ ਹਨ। ਇਹੋ ਜਿਹੀ ਤਬਦੀਲੀ ਨੂੰ ਵੇਖ ਕੇ ਗੁਰੂ ਸਾਹਿਬ ਪਰਮਾਤਮਾ ਨੂੰ ਨਮਸਕਾਰ ਕਰਦੇ ਹਨ ਕਿਉਂਕਿ ਉਸ ਦੇ ਚੋਜਾਂ ਦਾ ਕੋਈ ਅੰਤ ਨਹੀਂ ਹੈ। ਕੋਈ ਨਹੀਂ ਜਾਣਦਾ ਕਿ ਅਗਲੇ ਛਿਣ ਉਸ ਨੇ ਕੀ ਭਾਣਾ ਵਰਤਾ ਦੇਣਾ ਹੈ। ਜਦੋਂ ਇਹ ਰਾਣੀਆਂ ਵਿਆਹ ਕਰਵਾ ਕੇ ਰਾਜ-ਮਹਿਲਾਂ ਵਿਚ ਪਹੁੰਚੀਆਂ ਸਨ ਤਾਂ ਇਨ੍ਹਾਂ ਦਾ ਹਾਰ-ਸ਼ਿੰਗਾਰ ਵੇਖਣ ਵਾਲਾ ਸੀ। ਸੱਸਾਂ ਨੇ ਇਨ੍ਹਾਂ ਦਾ ਸਿਰਵਾਰਨਾ ਕੀਤਾ ਸੀ ਅਤੇ ਇਨ੍ਹਾਂ ਦਾ ਬਹੁਤ ਆਉਭਗਤ ਕੀਤਾ ਸੀ। ਅਨੇਕਾਂ ਦਾਸੀਆਂ ਇਨ੍ਹਾਂ ਦਾ ਹੁਕਮ ਮੰਨਣ ਲਈ ਤਤਪਰ ਖੜੀਆਂ ਰਹਿੰਦੀਆਂ ਸਨ। ਪਰ ਅੱਜ ਇਨ੍ਹਾਂ ਰਾਣੀਆਂ ਦੀ ਖੁਸ਼ੀ ਅਤੇ ਰੋਅਬ-ਦਾਬ ਖਤਮ ਹੋ ਗਏ ਹਨ। ਧਨ ਅਤੇ ਜਵਾਨੀ, ਜਿਨ੍ਹਾਂ ਉਪਰ ਇਨ੍ਹਾਂ ਰਾਣੀਆਂ ਨੂੰ ਅਭਿਮਾਨ ਸੀ, ਇਹੀ ਇਨ੍ਹਾਂ ਦੇ ਦੁਸ਼ਮਣ ਬਣ ਗਏ। ਪਰਮਾਤਮਾ ਦੇ ਰੰਗਾਂ ਦਾ ਕੋਈ ਪਤਾ ਨਹੀਂ। ਜੇ ਉਹ ਕਿਸੇ ਤੇ ਪ੍ਰਸੰਨ ਹੋ ਜਾਵੇ ਤਾਂ ਉਸ ਨੂੰ ਵਡਿਆਈ ਦੇ ਦਿੰਦਾ ਹੈ ਤੇ ਜੇ ਨਾਰਾਜ਼ ਹੋ ਜਾਵੇ ਤਾਂ ਸਜ਼ਾ ਦੇ ਦਿੰਦਾ ਹੈ। ਜੇ ਅਸੀਂ ਲੋਕ ਹਰ ਹਾਲਤ ਵਿਚ ਪਰਮਾਤਮਾ ਨੂੰ ਯਾਦ ਰਖੀਏ ਤਾਂ ਇਹੋ ਜਿਹੇ ਭੈੜੇ ਦਿਨ ਦੇ ਖਣੇ ਹੀ ਕਿਉਂ ਪੈਣ? ਬਾਬਰ ਦੇ ਹਮਲੇ ਤੋਂ ਬਾਅਦ ਰਾਜੇ ਅਤੇ ਕੌਰ (ਕੰਵਰ) ਸਭ ਗੁੰਮ-ਸੁੰਮ ਦਿਖਾਈ ਦੇ ਰਹੇ ਹਨ। ਉਨ੍ਹਾਂ ਨੂੰ ਨਮਾਜ਼ ਪੜ੍ਹਨ ਦਾ ਵੀ ਚੇਤਾ ਨਹੀਂ ਰਿਹਾ। ਹਿੰਦੂ ਅਹਿਲਕਾਰਾਂ ਦੀਆਂ ਔਰਤਾਂ ਵੀ ਮਾਰੀਆਂ-ਮਾਰੀਆਂ ਫਿਰ ਰਹੀਆਂ ਹਨ। ਉਹ ਸੁੱਚ-ਭਿੱਟ ਦਾ ਖਿਆਲ ਭੁਲਾ ਕੇ ਆਪਣਾ ਜੀਵਨ ਬਿਤਾਉਣ ਦੇ ਫ਼ਿਕਰ ਵਿਚ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਸੁੱਖ ਅਤੇ ਦੁੱਖ, ਜੀਵਨ ਅਤੇ ਮੌਤ ਸਭ ਪਰਮਾਤਮਾ ਦੇ ਹੱਥ ਵਿਚ ਹਨ। ਉਹ ਕਿਸੇ ਨੂੰ ਸੁਖੀ ਬਣਾ ਦਿੰਦਾ ਹੈ ਅਤੇ ਕਿਸੇ ਨੂੰ ਦੁਖੀ। ਸਭ ਕੁਝ ਉਸੇ ਦੀ ਮਰਜ਼ੀ ਵਿਚ ਵਾਪਰ ਰਿਹਾ ਹੈ। ਮਨੁੱਖ ਦਾ ਕੋਈ ਚਾਰਾ ਨਹੀਂ ਚੱਲਦਾ।

## 1.6.2.8. ਸਿੰਮਲ ਰੁਖੁ ਸਰਾਇਰਾ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨਿਮ੍ਰਤਾ ਧਾਰਣ ਕਾਰਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਸਾਰੀਆਂ ਨੇਕੀਆਂ ਅਤੇ ਚੰਗਿਆਈਆਂ ਦਾ ਤੱਤ ਨਿਮ੍ਰਤਾ ਵਿਚ ਛਿਪਿਆ ਹੋਇਆ ਹੈ। ਇਸ ਆਸ਼ੇ ਨੂੰ ਸਮਝਾਉਣ ਵਾਸਤੇ ਗੁਰੂ ਜੀ ਸਿੰਮਲ ਰੁੱਖ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ ਜੋ ਬਹੁਤ ਉੱਚਾ, ਵਿਸ਼ਾਲ ਅਤੇ ਸੰਘਣਾ ਹੁੰਦਾ ਹੈ। ਪਰ ਨਾ ਤਾਂ ਇਸ ਦੇ ਫਲ ਕਿਸੇ ਕੰਮ ਆਉਂਦੇ ਹਨ ਅਤੇ ਨਾ ਫੁੱਲ। ਹੋਰ ਤਾਂ ਹੋਰ ਇਸ ਦੇ ਪੱਤਿਆਂ ਦਾ ਕੋਈ ਉਪਯੋਗ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਕੋਈ ਪੰਛੀ ਵੀ ਇਸ ਰੁੱਖ ਨੂੰ ਆਪਣਾ ਬਸੇਰਾ ਨਹੀਂ ਬਣਾਉਂਦਾ। ਇਸ ਦ੍ਰਿਸ਼ਟਾਂਤ ਦੁਆਰਾ ਗੁਰੂ ਜੀ ਸਮਝਾਉਂਦੇ ਹਨ ਕਿ ਵੱਡਾ ਜਾਂ ਉੱਚਾ ਹੋਣਾ ਕੋਈ ਬਹੁਤਾ ਮਹੱਤਵਪੂਰਨ ਨਹੀਂ ਹੈ ਬਲਕਿ ਨੀਵਾਂ ਅਤੇ ਨਿਮਰ ਹੋਣਾ ਵਧੇਰੇ ਚੰਗਾ ਹੈ। ਪਰ ਇੱਥੇ ਉਹ ਵਿਅਕਤੀ ਨੂੰ ਸਾਵਧਾਨ ਵੀ ਕਰਦੇ ਹਨ ਕਿ ਵਿਖਾਵੇ ਵਾਸਤੇ ਨਿਮਰ ਹੋਣ ਨਾਲੋਂ ਨਾ-ਨਿਮਰ ਹੋਣਾ ਹੀ ਚੰਗਾ ਹੈ। ਜਿਵੇਂ ਸ਼ਿਕਾਰੀ ਨੇ ਜਦ ਕਿਸੇ ਪੰਛੀ ਜਾਂ ਜਾਨਵਰ ਨੂੰ ਮਾਰਨਾ ਹੁੰਦਾ ਹੈ ਤਾਂ ਉਹ ਝੁੱਕ ਕੇ, ਨੀਵਾਂ ਹੋ ਕੇ ਨਿਸ਼ਾਨਾ ਸਾਧਦਾ ਹੈ। ਭਾਵ ਉਹ ਕਿਸੇ ਪਸ਼ੂ-ਪੰਛੀ ਦੀ ਹੱਤਿਆ ਕਰਨ ਵਾਸਤੇ ਨੀਵਾਂ ਹੋਣ ਦਾ ਢੰਗ ਰਚਦਾ ਹੈ। ਗੁਰੂ ਨਾਨਕ ਦੇ ਵ ਜੀ ਫੁਰਮਾਉਂਦੇ ਹਨ ਕਿ ਸੱਚੇ-ਸੁੱਚੇ ਦਿਲ ਵਾਲਾ ਵਿਅਕਤੀ ਹੀ ਸਹੀ ਅਰਥਾਂ ਵਿਚ ਨਿਮਰ ਹੋ ਸਕਦਾ ਹੈ।

## 1.6.2.9. ਪੜਿ ਪੁਸਤਕ ਸੰਧਿਆ ਬਾਦੰ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਫੋਕਟ ਰੀਤੀ-ਰਿਵਾਜਾਂ ਅਤੇ ਕਰਮ-ਕਾਂਡਾਂ ਦੀ ਆਲੋਚਨਾ ਕਰਦੇ ਹਨ। ਆਪ ਅਨੁਸਾਰ ਕਈ ਵਿਖਾਵੇ ਦੇ ਬ੍ਰਾਹਮਣ ਲੋਕ ਸ਼ਾਸਤਰ ਆਦਿ ਪੜ੍ਹ ਕੇ ਵਾਦ-ਵਿਵਾਦਾਂ ਵਿਚ ਰੁੱਝੇ ਰਹਿੰਦੇ ਹਨ। ਉਹ ਪੱਥਰ ਦੀ ਸ਼ਿਲਾ ਨੂੰ ਮੱਥਾ ਟੇਕ ਕੇ ਬਗਲੇ ਵਾਂਗ ਸਮਾਧੀ ਲਾ ਕੇ ਬੈਠ ਜਾਂਦੇ ਹਨ। ਉਹ ਸਾਰਾ ਦਿਨ ਝੂਠ ਦੀ ਕਮਾਈ ਕਰਦੇ ਹਨ। ਗਾਇਤਰੀ ਦਾ ਕਈ-ਕਈ ਵਾਰ ਪਾਠ ਕਰਦੇ ਹਨ। ਉਨ੍ਹਾਂ ਦੇ ਗਲ ਵਿਚ ਮਾਲਾ ਪਹਿਨੀ ਹੁੰਦੀ ਹੈ ਅਤੇ ਮੱਥੇ ਉਤੇ ਤਿਲਕ ਲਗਾ ਰੱਖਿਆ ਹੁੰਦਾ ਹੈ। ਪਰ ਪਰਮਾਤਮਾ ਦੀ ਨਜ਼ਰ ਵਿਚ ਇਹੋ ਜਿਹੀ ਦਿਖਾਵੇ ਦੀ ਭਗਤੀ ਦਾ ਕੋਈ ਅਰਥ ਨਹੀਂ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਕੋਈ ਵਿਅਕਤੀ ਪਰਮਾਤਮਾ ਨੂੰ ਜਾਣ ਜਾਵੇ ਤਾਂ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਇਹੋ ਜਿਹੇ ਸਾਰੇ ਕਰਮ-ਕਾਂਡ ਵਿਅਰਥ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੱਚੇ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਹੀ ਵਿਅਕਤੀ ਨੂੰ ਆਪਣੀ ਮੰਜ਼ਿਲ ਦੀ ਸਹੀ ਸੋਝੀ ਹੁੰਦੀ ਹੈ। ਇਸ ਲਈ ਪੂਰੇ ਨਿਸ਼ਚੇ ਨਾਲ ਆਪਣੇ ਸਤਿਗੁਰੂ ਦਾ ਹੁਕਮ ਮੰਨਣਾ ਚਾਹੀਦਾ ਹੈ।

## 1.6.2.10. ਭੰਡਿ ਜੰਮੀਐ ਭੰਡਿ ਨਿੰਮੀਐ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਇਸਤਰੀ ਜਾਤੀ ਦੀ ਮਹਾਨਤਾ ਅਤੇ ਸਮਾਜਕ ਸਾਰਥਿਕਤਾ ਬਾਰੇ ਆਪਣੇ ਵਿਚਾਰ ਵਿਅਕਤ ਕਰਦੇ ਹਨ। ਗੁਰੂ ਸਾਹਿਬ ਦੇ ਤਤਕਾਲੀ ਸਮਾਜ ਵਿਚ ਆਮ ਲੋਕਾਂ ਵਲੋਂ ਅਤੇ ਵਿਸ਼ੇ ਸ਼ ਕਰ ਧਾਰਮਿਕ ਵਿਅਕਤੀਆਂ ਵੱਲੋਂ ਇਸਤਰੀ ਨੂੰ ਤ੍ਰਿਸਕਾਰ ਭਰੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਇਸਤਰੀ ਦੀ ਸਮਾਜਕ ਉੱਚਤਾ ਦੇ ਭਾਵਾਂ ਨੂੰ ਪ੍ਰਗਟ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸਤਰੀ ਦੀ ਸ਼ਮੂਲੀਅਤ ਤੋਂ ਬਿਨਾਂ ਮਰਦ ਦੇ ਜੀਵਨ ਦਾ ਹਰ ਪੱਖ ਅਧੂਰਾ ਰਹਿੰਦਾ ਹੈ। ਇਸਤਰੀ ਹੀ ਮਰਦ ਨੂੰ ਜਨਮ ਦਿੰਦੀ ਹੈ, ਪਾਲਦੀ-ਪੋਸਦੀ ਹੈ ਅਤੇ ਅੰਤ ਵਿਚ ਇਕ ਇਸਤਰੀ ਨਾਲ ਹੀ ਉਸ ਦੀ ਸ਼ਾਦੀ ਹੁੰਦੀ ਹੈ। ਜੇ ਕਿਸੇ ਪੁਰਸ਼ ਦੀ ਇਕ ਪਤਨੀ ਮਰ ਜਾਵੇ ਤਾਂ ਉਹ ਹੋਰ ਇਸਤਰੀ ਦੀ ਤਲਾਸ਼ ਕਰਦਾ ਹੈ। ਇਸ ਤਰ੍ਹਾਂ ਇਸਤਰੀ ਤੋਂ ਬਿਨਾਂ ਪੁਰਸ਼ ਆਪਣੇ ਜੀਵਨ ਦੇ ਹਰ ਖੇਤਰ ਵਿਚ ਅਧੂਰਾ ਹੈ। ਇਸਤਰੀ ਹੀ ਵੱਡੇ-ਵੱਡੇ ਰਾਜਿਆਂ ਅਤੇ ਚੱਕਰਵਰਤੀ ਸਮਰਾਟਾਂ ਨੂੰ ਜਨਮ ਦਿੰਦੀ ਹੈ। ਇਨ੍ਹਾਂ ਗੱਲਾਂ ਨੂੰ ਦੇਖਦਿਆਂ ਹੋਇਆਂ ਇਸਤਰੀ ਨੂੰ ਬੁਰਾ ਨਹੀਂ ਸਮਝਣਾ ਚਾਹੀਦਾ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕੇਵਲ ਪਰਮਾਤਮਾ ਹੀ ਇਸਤਰੀ ਤੋਂ ਬਿਨਾਂ ਜੀਅ ਸਕਦਾ ਹੈ। ਉਸ ਪਰਮਾਤਮਾ ਦੀ ਸਿਫ਼ਤ-ਸਲਾਹ ਕਰਨੀ ਚਾਹੀਦੀ ਹੈ। ਉਹ ਲੋਕ ਭਾਗਾਂ ਵਾਲੇ ਹਨ ਜੋ ਪਰਮਾਤਮਾ ਦੇ ਨਾਮ ਨਾਲ ਜੁੜੇ ਹੋਏ ਹਨ। ਪਰਮਾਤਮਾ ਦੀ ਦਰਗਾਹ ਵਿਚ ਉਹ ਲੋਕ ਸੁਰਖਰੂ ਹੋ ਕੇ ਜਾਣਗੇ।

## 1.6.2.11. ਜੈਸੀ ਮੈ ਆਵੈ ਖਸਮ ਕੀ ਬਾਣੀ

ਤਿਲੰਗ ਰਾਗ ਵਿਚ ਲਿਖੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਬਾਬਰ ਦੇ ਹਮਲੇ ਤੋਂ ਉਤਪੰਨ ਸਥਿਤੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪਣੇ ਪਰਮ ਸਿੱਖ ਲਾਲੋ ਨੂੰ ਸੰਬੋਧਨ ਕਰਕੇ ਆਪ ਫੁਰਮਾਉਂਦੇ ਹਨ ਕਿ ਜਿਵੇਂ ਪਰਮਾਤਮਾ ਮੈਨੂੰ ਹੁਕਮ ਦੇ ਰਿਹਾ ਹੈ, ਮੈਂ ਉਸੇ ਤਰ੍ਹਾਂ ਦਾ ਗਿਆਨ ਵੰਡ ਰਿਹਾ ਹਾਂ। ਬਾਬਰ ਆਪਣੇ ਨਾਲ ਜ਼ਾਲਮ ਸਿਪਾਹੀਆਂ ਦੀ ਫੌਜ ਲੈ ਕੇ ਕਾਬਲ ਤੋਂ ਹਿੰਦੁਸਤਾਨ ਪਹੁੰਚ ਗਿਆ ਹੈ ਅਤੇ ਇਥੇ ਆ ਕੇ ਲੁੱਟ ਮਾਰ ਕਰ ਰਿਹਾ ਹੈ। ਉਸ ਨੂੰ ਨਾ ਕੋਈ ਸ਼ਰਮ ਹੈ ਅਤੇ ਨਾ ਕਿਸੇ ਧਰਮ ਦਾ ਖਿਆਲ ਹੈ ਬਲਕਿ ਉਹ ਝੂਠ ਦਾ ਸਹਾਰਾ ਲੈ ਕੇ ਇਹੋ ਜਿਹੇ ਜ਼ੁਲਮ ਕਰ ਰਿਹਾ ਹੈ। ਕਾਜ਼ੀ ਅਤੇ ਬ੍ਰਾਹਮਣ ਲੋਕ, ਜੋ ਧਰਮਾਂ ਦੇ ਰਖਵਾਲੇ ਸਮਝੇ ਜਾਂਦੇ ਸਨ, ਉਹ ਵੀ ਸ਼ੈਤਾਨ ਬਣ ਚੁੱਕੇ ਹਨ ਅਤੇ ਆਪਣੇ ਸਵਾਰਥ ਦੀ ਪੂਰਤੀ ਲਈ ਹਾਕਮ ਜਮਾਤ ਦੇ ਹਿੱਤ ਦੀਆਂ ਗੱਲਾਂ ਕਰ ਰਹੇ ਹਨ। ਮੁਸਲਮਾਨ ਇਸਤਰੀਆਂ, ਬਾਬਰ ਦੀ ਫੌਜ ਤੋਂ ਆਪਣੀ ਇਜ਼ਤ ਬਚਾਉਣ ਵਾਸਤੇ ਧਾਰਮਿਕ ਗ੍ਰੰਥਾਂ ਦਾ ਪਾਠ ਕਰ ਰਹੀਆਂ ਹਨ। ਉੱਚੀ-ਨੀਵੀਂ ਜਾਤ ਦੀਆਂ ਹਿੰਦੂ ਇਸਤਰੀਆਂ ਵੀ ਇਸੇ ਤਰ੍ਹਾਂ ਕਰ ਰਹੀਆਂ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਚਾਰੇ ਪਾਸੇ ਕਤਲੇਆਮ ਹੋ ਰਿਹਾ ਹੈ ਅਤੇ ਬਹੁਤ ਸਾਰੀਆਂ ਲਾਸ਼ਾਂ ਅਤੇ ਵੱਢੇ-ਟੁੱਕੇ ਅੰਗ ਇੱਧਰ-ਉੱਧਰ ਖਿੱਲਰੇ ਪਏ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਪਰਮਾਤਮਾ ਇਸ ਸਾਰੇ ਨਜ਼ਾਰੇ ਨੂੰ ਬੜੇ ਧਿਆਨ ਨਾਲ ਵੇਖ ਰਿਹਾ ਹੈ। ਉਹ ਪਰਮਾਤਮਾ ਸੱਚਾ ਹੈ ਅਤੇ ਉਸ ਦਾ ਇਨਸਾਫ ਵੀ ਸੱਚਾ ਹੈ। ਉਹ ਕਦੇ ਕਿਸੇ ਨੂੰ ਐਵੇਂ ਸਜ਼ਾ ਨਹੀਂ ਦਿੰਦਾ। ਗੁਰੂ ਜੀ ਫੁਰਮਾਉਂਦੇ ਹਨ ਕਿ ਜ਼ੁਲਮ ਦੀ ਹਨੇਰੀ ਅਤੇ ਠਲ੍ਹਣ ਵਾਲੀ ਨਹੀਂ ਹੈ। ਮੁਗਲ 1578 ਬਿ. ਵਿਚ ਹਿੰਦੁਸਤਾਨ ਵਿਚ ਪਹੁੰਚ ਗਏ ਹਨ, 1597 ਬਿ. ਵਿਚ ਇਥੋਂ ਚਲੇ ਜਾਣਗੇ ਅਤੇ ਇਕ ਹੋਰ ਬਹਾਦਰ ਆਦਮੀ (ਸ਼ੇਰ ਸ਼ਾਹ ਸੂਰੀ) ਉਨ੍ਹਾਂ ਨੂੰ ਇਕ ਵਾਰ ਇਥੋਂ ਉਖਾੜ ਦੇਵੇਗਾ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਹ ਨਾਜ਼ੁਕ ਸਮਾਂ ਸੱਚ ਬੋਲਣ ਦਾ ਹੈ ਅਤੇ ਇਸ ਲਈਂ ਮੈਂ ਪਰਮਾਤਮਾ ਦੇ ਹੁਕਮ ਅਨੁਸਾਰ ਇਹ ਸਭ ਕੁਝ ਸਚੋ-ਸੱਚ ਬਿਆਨ ਕਰ ਰਿਹਾ ਹਾਂ।

## 1.6.2.12. ਉਜਲ ਕੈਹਾ ਚਿਲਕਣਾ

ਸੂਹੀ ਰਾਗ ਵਿਚ ਰਚੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਕਥਨੀ ਅਤੇ ਕਰਨੀ, ਅੰਤਰ ਅਤੇ ਬਾਹਰ ਵਿਚ ਇਕਸੁਰਤਾ ਉਤੇ ਜ਼ੋਰ ਦਿੰਦੇ ਹਨ। ਆਪ ਅਨੁਸਾਰ ਵਿਖਾਵੇ ਦੀ ਭਗਤੀ ਜਾਂ ਨੇਕੀ ਨਾਲ ਆਦਮੀ ਦਾ ਕੁਝ ਨਹੀਂ ਸੰਵਰਦਾ। ਭਗਤੀ ਜਾਂ ਨੇਕੀ ਕਰਨ ਦਾ ਤਾਂ ਹੀ ਕੋਈ ਲਾਭ ਹੈ ਜੇ ਇਹ ਸੱਚੇ ਦਿਲੋਂ ਕੀਤੀਆਂ ਜਾਣ। ਇਸ ਮੰਤਵ ਲਈ ਗੁਰੂ ਸਾਹਿਬ ਕਾਂਸੀ ਦੇ ਬਰਤਨ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਆਪ ਅਨੁਸਾਰ ਬਾਹਰੋਂ ਦੇਖਣ ਤੇ ਇਹ ਬਰਤਨ ਬੜਾ ਉਜਲਾ ਅਤੇ ਸਾਫ਼-ਸੁਥਰਾ ਪ੍ਰਤੀਤ ਹੁੰਦਾ ਹੈ ਪਰ ਜੇ ਇਸ ਨੂੰ ਹੱਥ ਨਾਲ ਮਲੋ ਤਾਂ ਹੱਥ ਕਾਲੇ ਹੋ ਜਾਂਦੇ ਹਨ। ਧੋਣ ਦੇ ਬਾਵਜੂਦ ਇਸ ਬਰਤਨ ਦੇ ਅੰਦਰਲੀ ਕਾਲਖ ਨਹੀਂ ਮਰਦੀ। ਇਸੇ ਤਰ੍ਹਾਂ ਕਈ ਕੋਠੀਆਂ ਅਤੇ ਮਹਿਲ ਬਾਹਰੋਂ ਵਿਸ਼ਾਲ ਦਿਖਾਈ ਦਿੰਦੇ ਹਨ ਪਰੰਤੂ ਅੰਦਰੋਂ ਸਖਣੇ ਹੋਣ ਕਾਰਨ ਉਹ ਵੀ ਕਿਸੇ ਕੰਮ ਨਹੀਂ ਆਉਂਦੇ। ਕਈ ਬਗਲੇ ਭਗਤ ਵਰਗੇ ਲੋਕ, ਸਫੈਦ ਰੰਗ ਦੇ ਬਸਤਰ ਪਹਿਨ ਤੀਰਥਾਂ ਉਪਰ ਜਾ ਟਿਕਦੇ ਹਨ ਪਰੰਤੂ ਇਹ ਲੋਕ ਅਸਲ ਵਿਚ ਭਗਤ ਨਹੀਂ ਹੁੰਦੇ। ਬਲਕਿ ਇਹ ਤਾਂ ਲੋਕਾਂ ਨੂੰ ਧੋਖਾ ਦੇਣ ਵਾਸਤੇ ਉਨ੍ਹਾਂ ਨਾਲ ਠੱਗੀ ਮਾਰਨ ਵਾਸਤੇ ਸੰਤ ਬਣੇ ਹੁੰਦੇ ਹਨ। ਇਸੇ ਤਰ੍ਹਾਂ ਸਿੰਮਲ ਰੁੱਖ ਵੀ ਬਹੁਤ ਵੱਡਾ ਅਤੇ ਵਿਸ਼ਾਲ ਹੁੰਦਾ ਹੈ। ਉਸਦੇ ਆਕਾਰ ਨੂੰ ਵੇਖ ਕੇ ਦੂਰ ਤੋਂ ਕਈ ਪੰਛੀ ਧੋਖਾ ਖਾ ਜਾਂਦੇ ਹਨ ਪਰੰਤੂ ਨੇੜੇ ਆਉਣ ਤੇ ਉਨ੍ਹਾਂ ਨੂੰ ਪਤਾ ਚੱਲ ਜਾਂਦਾ ਹੈ ਕਿ ਇਹ ਰੁੱਖ ਕਿਸੇ ਕੰਮ ਦਾ ਨਹੀਂ ਹੈ। ਅਜਿਹੇ ਦ੍ਰਿਸ਼ਟਾਂਤ ਪੇਸ਼ ਕਰਨ ਤੋਂ ਬਾਅਦ ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਆਦਮੀ ਨੂੰ ਸਾਰੀਆਂ ਚਲਾਕੀਆਂ ਅਤੇ ਚਤੁਰਾਈਆਂ ਛੱਡ ਕੇ ਪਰਮਾਤਮਾ ਦੇ ਨਾਮ ਨਾਲ ਜੁੜ ਜਾਣਾ ਚਾਹੀਦਾ ਹੈ ਕਿਉਂਕਿ ਇਹ ਨਾਮ ਹੀ ਉਸ ਦੀ ਮੁਕਤੀ ਦਾ ਮਾਰਗ ਖੋਲ੍ਹ ਸਕਦਾ ਹੈ।

## 1.6.2.13. ਜੋਗੀ ਹੋਵੈ ਜੋਗਵੈ ਭੋਗੀ ਹੋਵੇ ਖਾਇ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਨਾਮ ਤੋਂ ਬਿਨਾਂ ਇਸ ਸਰੀਰ ਦੇ ਕੋਈ ਅਰਥ ਨਹੀਂ ਹਨ। ਆਪ ਅਨੁਸਾਰ ਜੇ ਕੋਈ ਜੋਗੀ ਹੋਵੇ ਤਾਂ

ਉਹ ਜੋਗ ਕਮਾਉਂਦਾ ਹੈ ਇਕ ਭੋਗੀ ਭੋਗ ਕਰਦਾ ਹੈ। ਇਕ ਤਪੱਸਵੀ ਤਪ ਕਰਨ ਵਿਚ ਲੀਨ ਰਹਿੰਦਾ ਹੈ। ਹਰ ਇਨਸਾਨ ਜਿਹੋ ਜਿਹੇ ਕਰਮ ਕਮਾਉਂਦਾ ਹੈ, ਉਸੇ ਤਰ੍ਹਾਂ ਦੇ ਫ਼ਲ ਦੀ ਪ੍ਰਾਪਤੀ ਹੁੰਦੀ ਹੈ। ਆਪ ਫੁਰਮਾਉਂਦੇ ਹਨ ਕਿ ਇਨ੍ਹਾਂ ਵਿਚੋਂ ਕਿਸੇ ਵੀ ਕਰਮ ਦੀ ਪਰਮਾਤਮਾ ਦੀ ਦਰਗਾਹ ਵਿਚ ਪੁੱਛ-ਪ੍ਰਤੀਤ ਨਹੀਂ ਹੈ। ਜਿਸ ਸਾਹ ਨਾਲ ਪਰਮਾਤਮਾ ਯਾਦ ਨਹੀਂ ਆਉਂਦਾ, ਉਹ ਸਾਹ ਵਿਅਰਥ ਚਲਾ ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ ਜਿਸ ਸਰੀਰ ਵਿਚ ਪਰਮਾਤਮਾ ਦੀ ਜੋਤਿ ਜਾਗ੍ਰਿਤ ਨਹੀਂ ਹੁੰਦੀ, ਉਹ ਸਰੀਰ ਕੀ ਕਰਨਾ ਹੈ। ਉਸ ਸਰੀਰ ਨੂੰ ਭਾਵੇਂ ਵੇਚ ਦੇਵੋ ਕਿਉਂਕਿ ਤੁਹਾਡੇ ਲਈ ਉਸ ਸਰੀਰ ਦਾ ਕੋਈ ਲਾਭ ਨਹੀਂ ਹੈ।

## 1.6.2.14. ਜੋਗੁ ਨਾ ਖਿੰਥਾ ਜੋਗੁ ਨਾ ਡੰਡੈ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਜੋਗ ਦੀ ਸਹੀ ਪਰਿਭਾਸ਼ਾ ਦਿੰਦੇ ਹਨ। ਆਪ ਦੇ ਕਥਨ ਅਨੁਸਾਰ ਜੋਗ ਨਾ ਗੋਦੜੀ ਪਹਿਨਣ ਵਿਚ ਹੈ, ਨਾ ਸਿਰ ਮੁਨਾਉਣ ਵਿਚ ਅਤੇ ਨਾ ਭਸਮ ਲਗਾਉਣ ਵਿਚ। ਇਸੇ ਤਰ੍ਹਾਂ ਜੋਗ ਕੰਨਾਂ ਵਿਚ ਮੁੰਦਰਾਂ ਪਾਉਣ ਜਾਂ ਸਿੰਗੀ ਆਦਿਕ ਵਜਾਉਣ ਵਿਚ ਹੀ ਨਹੀਂ ਹੈ। ਸੱਚੇ ਜੋਗ ਦਾ ਅਰਥ ਹੈ ਕਿ ਉਸ ਨਿਰੰਜਨ ਪਰਮਾਤਮਾ ਨਾਲ ਇੱਕਮਿਕ ਹੋ ਜਾਣਾ। ਵੱਧ-ਚੜ੍ਹ ਕੇ ਗੱਲਾਂ ਕਰਨ ਨਾਲ ਹੀ ਕੋਈ ਜੋਗੀ ਨਹੀਂ ਅਖਵਾ ਸਕਦਾ। ਜਿਹੜਾ ਵਿਅਕਤੀ ਸਭ ਨੂੰ ਸਮ-ਦ੍ਰਿਸ਼ਟੀ ਨਾਲ ਦੇਖੇ, ਉਸੇ ਨੂੰ ਅਸਲ ਜੋਗੀ ਕਿਹਾ ਜਾਵੇਗਾ। ਜੋਗ ਮੜ੍ਹੀਆਂ-ਮਸਾਣਾਂ ਵਿਚ ਜਾ ਕੇ ਸਮਾਧੀ ਲਾਉਣ ਵਿਚ ਨਹੀਂ ਹੈ। ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰ ਲੈਣ ਜਾਂ ਦੇਸ਼-ਦੇਸ਼ਾਂਤਰ ਵਿਚ ਘੁੰਮ ਲੈਣ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ। ਜੇ ਸੱਚੇ ਸਤਿਗੁਰ ਨਾਲ ਮਿਲਾਪ ਹੋ ਜਾਵੇ ਤਾਂ ਘਰ ਵਿਚ ਰਹਿੰਦਿਆਂ ਹੋਇਆਂ ਹੀ ਜੋਗ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਹੜਾ ਵਿਅਕਤੀ ਜੀਂਦੇ-ਜੀਅ ਆਪਣੀਆਂ ਇੱਛਾਵਾਂ ਨੂੰ ਮਾਰ ਲੈਂਦਾ ਹੈ, ਉਸ ਨੂੰ ਸਿੰਗੀਆਂ ਆਦਿਕ ਵਜਾਉਣ ਤੋਂ ਬਿਨਾਂ ਹੀ ਜੋਗਤਵ ਦੀ ਪ੍ਰਾਪਤੀ ਹੋ ਜਾਂਦੀ ਹੈ।

## 1.6.2.15. ਮਨ ਮੰਦਰੁ ਤਨੁ ਵੇਸ ਕਲੰਦਰ

ਰਾਗ ਬਿਲਾਵਲ ਵਿਚ ਰਚੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਆਪਣੇ ਮਨ ਨੂੰ ਮੰਦਰ ਬਣਾ ਲਿਆ ਹੈ ਅਤੇ ਆਪਣੇ ਤਨ ਉਤੇ ਸੂਫ਼ੀਆਨਾ ਲਿਬਾਸ ਪਹਿਨ ਕੇ ਪਰਮਾਤਮਾ ਨੂੰ ਪ੍ਰੇਮ ਕਰਨ ਲੱਗਾ ਹਾਂ। ਪਰਮਾਤਮਾ ਦਾ ਨਾਮ ਰੂਪੀ ਸ਼ਬਦ ਮੇਰੇ ਮਨ ਵਿਚ ਵੱਸ ਗਿਆ ਹੈ, ਜਿਸ ਸਦਕਾ ਮੇਰੇ ਆਉਣ ਜਾਣ ਦਾ ਝੋਰਾ ਅਤੇ ਦੁਬਿਧਾ ਖ਼ਤਮ ਹੋ ਗਈ ਹੈ। ਹੇ ਮੇਰੀ ਮਾਂ' ਉਸ ਪਰਮਾਤਮਾ ਨੇ ਮੇਰੇ ਮਨ ਨੂੰ ਆਪਣੇ ਪ੍ਰੇਮ ਨਾਲ ਵਿੰਨ੍ਹ ਦਿੱਤਾ ਹੈ। ਹੁਣ ਮੈਨੂੰ ਕਿਸੇ ਦੀ ਕੋਈ ਚਿੰਤਾ ਨਹੀਂ ਰਹੀ। ਉਸ ਅਗਮ-ਅਗੋਚਰ ਅਤੇ ਸਰਵ-ਸ਼ਕਤੀਮਾਨ ਪਰਮਾਤਮਾ ਨੂੰ ਮੇਰੀ ਚਿੰਤਾ ਹੈ। ਉਹ ਜਲ, ਥਲ, ਧਰਤੀ ਅਤੇ ਆਕਾਸ਼ ਸਭ ਥਾਂ ਉਤੇ ਭਰਪੂਰ ਹੈ। ਉਹ ਹਰ ਇੱਕ ਜੋਤਿ ਵਿਚ ਨਿਵਾਸ ਕਰ ਰਿਹਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਸ਼ਕਤੀ ਉਨ੍ਹਾਂ ਦੇ ਧਿਆਨ ਵਿਚ ਹੀ ਨਹੀਂ ਆਉਂਦੀ। ਇਸ ਲਈ ਆਪ ਪਰਮਾਤਮਾ ਦੀ ਹੀ ਸਿਫ਼ਤ ਸਲਾਹ ਕਰ ਰਹੇ ਹਨ। ਇਸ ਦੁਨੀਆਂ ਦੇ ਸਾਰੇ ਜੀਵ-ਜੰਤੂ ਪਰਮਾਤਮਾ ਦੀ ਸ਼ਰਨ ਵਿਚ ਹਨ। ਉਸ ਨੂੰ ਸਭ ਦਾ ਫ਼ਿਕਰ ਹੈ। ਗੁਰੂ ਜੀ ਅਰਦਾਸ ਕਰਕੇ ਕਹਿੰਦੇ ਹਨ ਕਿ ਮੈਂ ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਹਾਂ। ਜੋ ਉਸ ਨੂੰ ਚੰਗਾ ਲਗਦਾ ਹੈ, ਉਹੀ ਮੇਰੇ ਲਈ ਵੀ ਚੰਗਾ ਹੈ।

## 1.6.2.16. ਅਰਬਦ ਨਰਬਦ ਧੁੰਧੂਕਾਰਾ

ਇਸ ਸ਼ਬਦ ਵਿਚ ਗੁਰੂ ਜੀ ਸ੍ਰਿਸ਼ਟੀ-ਰਚਨਾ ਅਤੇ ਜੀਵਨ ਦੇ ਵਿਕਾਸ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਕਈ ਅਰਬਾਂ ਵਰ੍ਹੇ ਇਥੇ ਧੁੰਧਕਾਰ ਛਾਇਆ ਹੋਇਆ ਸੀ। ਨਾ ਧਰਤੀ ਸੀ, ਨਾ ਆਕਾਸ਼, ਨਾ ਦਿਨ, ਨਾ ਰਾਤ, ਨਾ ਚੰਦ, ਨਾ ਸੂਰਜ-ਇਥੇ ਕੁਝ ਵੀ ਨਹੀਂ ਸੀ। ਸਿਰਫ਼ ਇਕ ਪਰਮਾਤਮਾ ਹੀ ਨਿਰਾਕਾਰ (ਸੂਨਯ) ਰੂਪ ਵਿਚ ਸਮਾਧੀ ਲਾਈ ਬੈਠਾ ਸੀ। ਸ੍ਰਿਸ਼ਟੀ-ਰਚਨਾ ਦੀ ਪ੍ਰਕ੍ਰਿਆ ਅਜੇ ਸ਼ੁਰੂ ਨਹੀਂ ਸੀ ਹੋਈ। ਜੀਵਨ ਅਤੇ ਮੌਤ ਵਿਚੋਂ ਕੁਝ ਵੀ ਇਥੇ ਮੌਜੂਦ ਨਹੀਂ ਸੀ। ਨਾ ਅਜੇ ਖੰਡ, ਮੰਡਲ ਬਣੇ ਸਨ ਅਤੇ ਨਾ ਹੀ ਸ਼ਾਂਤ ਸਾਗਰਾਂ ਦਾ ਨਿਰਮਾਣ ਹੋਇਆ ਸੀ। ਸੁਰਗ, ਮਾਤ ਅਤੇ ਪਾਤਾਲ ਲੋਕ

ਵੀ ਹੋਂਦ ਵਿਚ ਨਹੀਂ ਸਨ ਆਏ। ਨਰਕ-ਸੁਰਗ ਦਾ ਵੀ ਕੋਈ ਸਿਲਸਿਲਾ ਨਹੀਂ ਸੀ ਬਣਿਆ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਵਰਗੇ ਦੇਵਤੇ ਵੀ ਅਜੇ ਨਹੀਂ ਸਨ ਜਨਮੇ। ਨਾਰੀ ਅਤੇ ਪੁਰਖ ਆਦਿ ਜੀਵ ਵੀ ਨਹੀਂ ਸਨ ਪੈਦਾ ਹੋਏ। ਜਤੀ, ਸਤੀ, ਬਨਬਾਸੀ, ਸਿਧ-ਸਾਧਿਕ, ਜੋਗੀ-ਜੰਗਮ ਵਰਗੇ ਫਿਰਕੇ ਵੀ ਨਹੀਂ ਸਨ ਹੋਂਦ ਵਿਚ ਆਏ। ਜਪ, ਤਪ, ਵਰਤ, ਸੁੱਚ, ਸੰਜਮ, ਪੂਜਾ, ਗੋਪੀ, ਕ੍ਰਿਸ਼ਨ, ਤੰਤਰ, ਮੰਤਰ, ਕਰਮ, ਧਰਮ ਆਦਿ ਧਾਰਮਿਕ ਸੰਕਲਪ ਵੀ ਮੌਜੂਦ ਨਹੀਂ ਸਨ ਹੋਏ। ਜੋਗੀਆਂ, ਬ੍ਰਾਹਮਣਾਂ, ਮੁਲਾਂ, ਕਾਜ਼ੀਆਂ, ਹਾਜੀਆਂ, ਵੇਦ, ਕਤੇਬਾਂ ਆਦਿ ਬਾਰੇ ਵੀ ਕੋਈ ਕੁਝ ਨਹੀਂ ਸੀ ਜਾਣਦਾ। ਉਸ ਸਮੇਂ ਇਥੇ ਕੇਵਲ ਇਕ ਪਰਮਾਤਮਾ ਹੀ ਮੌਜੂਦ ਸੀ। ਉਹ ਆਪ ਹੀ ਕਹਿੰਦਾ ਸੀ ਅਤੇ ਉਹ ਆਪ ਹੀ ਸੁਣਦਾ ਸੀ। ਪਰ ਜਦੋਂ ਪ੍ਰਭੂ ਦੀ ਰਜ਼ਾ ਹੋਈ ਤਾਂ ਇਹ ਸ੍ਰਿਸ਼ਟੀ ਹੋਂਦ ਵਿਚ ਆਉਣ ਲੱਗੀ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਵਰਗੇ ਦੇਵਤੇ ਪੈਦਾ ਕੀਤੇ। ਮਾਇਆ ਦੀ ਸਿਰਜਨਾ ਕੀਤੀ ਅਤੇ ਇਸ ਤਰ੍ਹਾਂ ਸ੍ਰਿਸ਼ਟੀ-ਰਚਨਾ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ। ਸ੍ਰਿਸ਼ਟੀ ਵਿਚ ਰਹਿਣ ਵਾਲੇ ਅਨੇਕਾਂ ਜੀਵਾਂ ਵਿਚੋਂ ਕਿਸੇ ਵਿਰਲੇ ਨੂੰ ਹੀ ਗੁਰਸ਼ਬਦ ਦਾ ਬੋਧ ਕਰਵਾਇਆ। ਹੌਲੀ-ਹੌਲੀ ਇਹ ਗੁਪਤ ਜਗਤ ਪ੍ਰਗਟ ਹੋ ਗਿਆ। ਉਸ ਪਰਮਾਤਮਾ ਦੇ ਅੰਤ ਨੂੰ ਕੋਈ ਨਹੀਂ ਪਾ ਸਕਦਾ। ਸਿਰਫ਼ ਕਿਸੇ ਪੂਰੇ ਸਤਿਗੁਰੂ ਦੀ ਸਿੱਖਿਆ ਦੁਆਰਾ ਹੀ ਸ੍ਰਿਸ਼ਟੀ-ਰਚਨਾ ਦੇ ਰਹੱਸ ਨੂੰ ਸਮਝਿਆ ਜਾ ਸਕਦਾ ਹੈ। ਇਸ ਰਹੱਸ ਨੂੰ ਜਾਣ ਕੇ ਗੁਰਮੁਖ ਲੋਕ ਵਿਸਮਾਦ ਵਿਚ ਆ ਜਾਂਦੇ ਹਨ ਅਤੇ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਨ ਲੱਗਦੇ ਹਨ।

## 1.6.2.17. ਜਗਨ ਹੋਮ ਪੁੰਨ ਤਪ ਪੂਜਾ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਕਰਮ-ਕਾਂਡਾਂ ਦੀ ਨਿਹਫ਼ਲਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਜਿਹੜੇ ਲੋਕ ਯੱਗ, ਤਪ ਅਤੇ ਪੂਜਾ ਵਰਗੇ ਕਰਮਕਾਂਡਾਂ ਵਿਚ ਲੀਨ ਰਹਿੰਦੇ ਹਨ ਉਹ ਐਵੇਂ ਆਪਣੇ ਸਰੀਰ ਨੂੰ ਦੁਖੀ ਕਰਦੇ ਹਨ। ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ ਅਤੇ ਗੁਰਮੁਖ ਵਿਅਕਤੀਆਂ ਨੂੰ ਹੀ ਮੁਕਤੀ ਮਿਲਦੀ ਹੈ। ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਜੀਵਨ ਵਿਅਰਥ ਹੈ। ਜਿਹੜੇ ਲੋਕ ਰਾਮ-ਨਾਮ ਦਾ ਭਜਨ ਨਹੀਂ ਕਰਦੇ, ਉਨ੍ਹਾਂ ਲਈ ਸਭ ਸੁਖ ਸੁਵਿਧਾਵਾਂ ਜ਼ਹਿਰ ਦੇ ਸਮਾਨ ਦੁਖਦਾਈ ਸਿੱਧ ਹੋਣਗੀਆਂ। ਵੇਦਾਂ ਦਾ ਪਾਠ, ਪੂਜਾ ਅਤੇ ਹੋਰ ਸਭ ਕਰਮ, ਰਾਮ-ਨਾਮ ਤੋਂ ਬਿਨਾਂ ਵਿਅਰਥ ਹਨ। ਰਾਮ-ਨਾਮ ਤੋਂ ਬਿਨਾਂ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਜਿਹੜੇ ਲੋਕ ਜਟਾਜੂਟ ਹੋ ਕੇ ਜਿਸਮ ਉਪਰ ਭਸਮ ਲਗਾ ਲੈਂਦੇ ਹਨ। ਉਨ੍ਹਾਂ ਨੂੰ ਵੀ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਜਗਤ ਵਿਚ ਜਿਹੜੇ ਵੀ ਜੀਵ-ਜੰਤੂ ਹਨ, ਉਨ੍ਹਾਂ ਸਾਰਿਆਂ ਵਿਚ ਉਸੇ ਪਰਮਾਤਮਾ ਦਾ ਨਿਵਾਸ ਹੈ। ਆਪ ਬੇਨਤੀ ਕਰਦੇ ਹਨ ਕਿ ਪਰਮਾਤਮਾ ਉਨ੍ਹਾਂ ਨੂੰ ਆਪਣੀ ਸ਼ਰਨ ਵਿਚ ਲੈ ਲਵੇ।

## 1.6.2.18. ਖਾਣਾ ਪੀਣਾ ਹਸਣਾ ਸਉਣਾ

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਬੰਦਗੀ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਜਿਹੜੇ ਲੋਕ ਉਸ ਪ੍ਰਭੂ ਨੂੰ ਭੁਲਾ ਦਿੰਦੇ ਹਨ, ਉਹ ਖੁਆਰ ਹੁੰਦੇ ਰਹਿੰਦੇ ਹਨ। ਉਨ੍ਹਾਂ ਦੇ ਜੀਵਨ ਨੂੰ ਧਿਰਕਾਰ ਹੈ। ਪਰ ਇਸ ਦੇ ਉਲਟ ਜੋ ਲੋਕ ਪਰਮਾਤਮਾ ਦਾ ਸਿਮਰਨ ਕਰਦੇ ਹਨ, ਉਹ ਪੂਰੇ ਮਾਨ-ਸਨਮਾਨ ਨਾਲ ਪਰਲੋਕ ਵਿਚ ਜਾਂਦੇ ਹਨ। ਪਰਮਾਤਮਾ ਸਭ ਜੀਵਾਂ ਦਾ ਦਾਤਾ ਹੈ। ਉਸਦੀਆਂ ਦਾਤਾਂ ਦਾ ਕੋਈ ਸ਼ੁਮਾਰ ਨਹੀਂ ਹੈ। ਉਹੀ ਹਰ ਇਕ ਜੀਵ ਦੇ ਦਿਲ ਵਿਚ ਵੱਸਿਆ ਹੋਇਆ ਹੈ। ਜਿਹੜੇ ਗੁਰਮੁਖ ਉਸ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਨਾਮ ਰੂਪੀ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਅੰਦਰ-ਬਾਹਰ ਸੁੱਚਾ ਹੋ ਜਾਂਦਾ ਹੈ। ਇਸ ਲਈ ਆਪ ਉਪਦੇਸ਼ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਦਾ ਦਿਨ-ਰਾਤ ਸਿਮਰਨ ਕਰੋ। ਇਸ ਨਾਲ ਤੁਹਾਡੇ ਪਾਪ ਧੋਤੇ ਜਾਣਗੇ ਅਤੇ ਤੁਸੀਂ ਸਵੱਛ ਹੋ ਜਾਵੋਗੇ। ਜਿਸ ਰੁਤ ਵਿਚ ਸਰੀਰ ਨੂੰ ਸੁੱਖ ਮਿਲੇ, ਇਨਸਾਨ ਲਈ ਉਹੀ ਰੁੱਤ ਚੰਗੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਹੀ ਰੁੱਤ ਚੰਗੀ ਹੈ। ਜਿਸ ਰੁੱਤ ਵਿਚ ਇਨਸਾਨ ਪ੍ਰਭੂ ਦਾ ਨਾਮ ਜਪਦਾ ਹੈ। ਨਾਮ ਜਪਣ ਤੋਂ ਬਗੈਰ ਉਸ ਵਾਸਤੇ ਕੋਈ ਵੀ ਰੁੱਤ ਚੰਗੀ ਨਹੀਂ ਇਸ ਲਈ

ਇਨਸਾਨ ਨੂੰ ਹਰ ਰੁੱਤ ਵਿਚ ਉਸ ਪ੍ਰਭੂ ਦਾ ਨਾਮ ਜਪ ਕੇ ਆਪਣੇ ਤਨ ਨੂੰ ਸੁਖੀ ਅਤੇ ਮਨ ਨੂੰ ਸ਼ਾਂਤ ਰੱਖਣਾ ਚਾਹੀਦਾ ਹੈ।

**ਅਭਿਆਸ ਲਈ ਪ੍ਰਸ਼ਨ :**

ਨਿਮਨ-ਲਿਖਤ ਕਵਿਤਾਵਾਂ ਵਿਚੋਂ ਕਿਸੇ ਇੱਕ ਦੇ ਵਿਸ਼ੇ-ਵਸਤੂ ਤੇ ਨੋਟ ਲਿਖੋ :

(ੳ) ਖੁਰਾਸਾਨ ਖਸਮਾਨਾ ਕੀਆ

(ਅ) ਜਿਨ ਸਿਰਿ ਸੋਹਨਿ ਪਟੀਆ

(ੲ) ਉਜਲੁ ਕੈਹਾ ਚਿਲਕਣਾ

**ਪੰਜਾਬੀ ਕਾਵਿ-ਸੰਗ੍ਰਹਿ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਕੁਲ ਕਿੰਨੇ ਸਿਰਲੇਖਾਂ ਹੇਠਾਂ ਦਰਜ ਹੈ?**

ਪ੍ਰਸੰਗ ਸਹਿਤ ਵਿਆਖਿਆ ਲਈ ਕੁਝ ਹੋਰ ਪੰਕਤੀਆਂ

1. ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ
   ਅਨਹਤਾ ਸ਼ਬਦ ਵਾਜੰਤ ਭੇਰੀ
2. ਕੁਸਾ ਕਟੀਆਂ ਵਾਰ ਵਾਰ, ਪੀਸਣਿ ਪੀਸਾ ਪਾਇ
   ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ
   ਭੀ ਤੇਰੀ ਕੀਮਤਿ ਨ ਪਵੈ, ਹਉ ਕੇਵਡੁ ਆਖਾ ਨਾਉ
3. ਖੇਲਿ ਗਏ ਸੇ ਪੰਖਣੂੰ, ਜੋ ਚੁਗਦੇ ਸਰ ਤਲਿ
   ਘੜੀ ਕਿ ਮੁਹਤਿ ਕਿ ਚਲਣਾ, ਖੇਲਣੁ ਅਜੁ ਕਿ ਕਲਿ
   ਜਿਸੁ ਤੂੰ ਮੇਲਹਿ ਸੋ ਮਿਲੈ, ਜਾਇ ਸਦਾ ਪਿੜ ਮਲਿ
4. ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨ ਭਾਣੈ
   ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੈ
5. ਬ੍ਰਹਮਾ ਬਿਸਨੁ ਮਹੇਸੁ ਨ ਕੋਈ
   ਅਵਰ ਨ ਦੀਸੈ ਏਕੋ ਸੋਈ

**1.6.3 ਪ੍ਰਸ਼ਨ : ਉਪਰੋਕਤ ਪਾਠ-ਸਮੱਗਰੀ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :**

1. ਗੁਰੂ ਨਾਨਕ ਦੇਵ ਜੀ ਸ੍ਰਿਸ਼ਟੀ ਰਚਨਾ ਬਾਰੇ ਕੀ ਵਿਚਾਰ ਪੇਸ਼ ਕਰਦੇ ਹਨ?
2. ਆਪਣੀ ਪਾਠ-ਪੁਸਤਕ ਵਿਚੋਂ ਬਾਬਰਵਾਣੀ ਨਾਲ ਸੰਬੰਧਿਤ ਸ਼ਬਦਾਂ ਦੇ ਸਿਰਲੇਖ ਦੱਸੋ?
3. ਗੁਰੂ ਨਾਨਕ ਦੇਵ ਜੀ ਜੋਗ ਦੀ ਕੀ ਪਰਿਭਾਸ਼ਾ ਦਿੰਦੇ ਹਨ?
4. ਸਿੰਮਲ ਰੁਖੁ ਸਰਾਇਰਾ ਵਿਚ ਗੁਰੂ ਨਾਨਕ ਦੇਵ ਜੀ ਕੀ ਉਪਦੇਸ਼ ਦਿੰਦੇ ਹਨ?
5. ਇਸਤਰੀ ਬਾਰੇ ਗੁਰੂ ਨਾਨਕ ਦੇਵ ਜੀ ਦੇ ਕੀ ਵਿਚਾਰ ਹਨ?

6. ਗੁਰੂ ਨਾਨਕ ਦੇਵ ਜੀ ਅਨੁਸਾਰ ਵਿਦਿਆ ਦੇ ਕੀ ਅਰਥ ਹਨ। ਵਿਦਿਆ ਵੀਚਾਰੀ ਦੇ ਆਧਾਰ ਤੇ ਸਪਸ਼ਟ ਕਰੋ।
7. 'ਹਰਣੀ ਹੋਵਾ ਬਨਿ ਵਸਾ' ਸ਼ਬਦ ਵਿਚ ਆਤਮਾ ਨੂੰ ਕਿਹੜੇ-ਕਿਹੜੇ ਵੇਰਵਿਆਂ ਨਾਲ ਪੇਸ਼ ਕੀਤਾ ਹੈ ਤੇ ਉਹ ਕਿਸ ਤਰ੍ਹਾਂ ਦਾ ਵਪਾਰ ਕਰਨਾ ਚਾਹੁੰਦੀ ਹੈ? (ਦਸੰਬਰ 2017)

## 1.6.4 ਸਹਾਇਕ ਪੁਸਤਕਾਵਲੀ

1. ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਗੁਰੂ ਨਾਨਕ : ਸਾਹਿਤਿਕ ਪਰਿਪੇਖ, ਵਾਰਿਸ਼ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 1995।
2. ਰਤਨ ਸਿੰਘ ਜੱਗੀ, ਡਾ., ਗੁਰੂ ਨਾਨਕ ਬਾਣੀ, ਮਦਾਨ ਪਬਲਿਸ਼ਰਜ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, 1968।
3. ਵਿਸ਼ਵਾ ਨਾਥ ਤਿਵਾੜੀ, ਡਾ., ਕ੍ਰਾਂਤੀਕਾਰੀ ਗੁਰੂ ਨਾਨਕ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969
4. ਦੀਵਾਨ ਸਿੰਘ, ਡਾ., ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਫਕੀਰ ਸਿੰਘ ਐਂਡ ਸਨ, ਅੰਮ੍ਰਿਤਸਰ, 1968।
5. ਕਾਲਾ ਸਿੰਘ ਬੇਦੀ, ਡਾ., ਵਾਰਕਾਰ ਗੁਰੂ ਨਾਨਕ, ਪੰਜਾਬੀ ਬੁਕ ਸਟੋਰ, ਦਿੱਲੀ, 1968।

**ਪਾਠ ਨੰ. : 1.7**

# (ੳ) ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ

## ਭੂਮਿਕਾ

ਬੀ. ਏ. ਭਾਗ ਤੀਜਾ ਵਿਚ ਪੰਜਾਬੀ ਸਾਹਿੱਤ ਦੇ ਵਿਦਿਆਰਥੀਆਂ ਨੂੰ ਮੱਧਕਾਲੀਨ ਪੰਜਾਬੀ ਕਾਵਿ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਪਾਠ-ਕ੍ਰਮ ਦਾ ਨਵੇਂ ਸਿਰੇ ਤੋਂ ਪੁਨਰ ਗਠਨ ਕੀਤਾ ਗਿਆ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਬਾਰ੍ਹਵੀਂ ਸਦੀ ਦੇ ਆਰੰਭ ਤੋਂ ਲੈ ਕੇ ਸਤਾਰ੍ਹਵੀਂ ਸਦੀ ਦੇ ਅੰਤ ਤੱਕ ਰਚੇ ਗਏ ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਵੰਨਗੀਆਂ ਨਾਲ ਵਿਦਿਆਰਥੀ ਦਾ ਪਰਿਚਯ ਕਰਵਾਇਆ ਜਾਵੇ। ਇਨ੍ਹਾਂ ਛੇ ਸੌ ਵਰ੍ਹਿਆਂ ਵਿਚ ਸੰਤ ਬਾਣੀ, ਸੂਫ਼ੀ-ਕਾਵਿ, ਗੁਰਮਤਿ ਕਾਵਿ, ਕਿੱਸਾ ਕਾਵਿ ਅਤੇ ਬੀਰ-ਕਾਵਿ ਵਰਗੀਆਂ ਮੱਧਕਾਲ ਦੀਆਂ ਸ਼ਿਰੋਮਣੀ ਕਾਵਿ ਧਾਰਾਵਾਂ ਵਿਕਸਿਤ ਹੋ ਚੁੱਕੀਆਂ ਸਨ। ਇਸ ਲਈ ਇਨ੍ਹਾਂ ਧਾਰਾਵਾਂ ਦੇ ਸੰਸਥਾਪਕ ਅਤੇ ਮੋਢੀ ਕਵੀਆਂ ਦੀਆਂ ਚੋਣਵੀਆਂ ਰਚਨਾਵਾਂ ਨੂੰ ਪਾਠ-ਕ੍ਰਮ ਵਿਚ ਸ਼ਾਮਲ ਕੀਤਾ ਗਿਆ ਹੈ। ਅੱਜ ਤੋਂ ਕਈ ਸਦੀਆਂ ਪਹਿਲਾਂ ਰਚਿਆ ਗਿਆ ਇਹ ਮਹਾਨ ਸਾਹਿੱਤ ਅਨੁਭਵ, ਕਾਵਿ ਕਲਾ ਅਤੇ ਭਾਸ਼ਾ ਯੋਜਨਾ ਦੀ ਦ੍ਰਿਸ਼ਟੀ ਤੋਂ ਯੁਵਾ ਵਿਦਿਆਰਥੀ ਲਈ ਕੁਝ ਓਪਰਾ ਹੋ ਸਕਦਾ ਹੈ। ਇਸ ਲਈ ਕੋਸ਼ਿਸ਼ ਕੀਤੀ ਗਈ ਹੈ ਕਿ ਵਿਦਿਆਰਥੀ ਨੂੰ ਸਰਲ ਭਾਸ਼ਾ ਅਤੇ ਆਧੁਨਿਕ ਮੁਹਾਵਰੇ ਵਿਚ ਇਨ੍ਹਾਂ ਮਹਾਨ ਕਵੀਆਂ ਦੀ ਅਮਰ ਕਵਿਤਾ ਨਾਲ ਜਾਣੂ ਕਰਵਾਇਆ ਜਾਵੇ। ਇਸ ਮੰਤਵ ਲਈ ਪਾਠ-ਸਮੱਗਰੀ ਨੂੰ ਪਰੀਖਿਆ ਵਿਚ ਪੁੱਛੇ ਜਾ ਸਕਣ ਵਾਲੇ ਪ੍ਰਸ਼ਨਾਂ ਦੀ ਰੌਸ਼ਨੀ ਵਿਚ ਤਰਤੀਬ ਦਿੱਤੀ ਗਈ ਹੈ।

## (ੳ) ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ

### 1.7.1 ਗੁਰੂ ਅਰਜਨ ਦੇਵ ਜੀ ਦਾ ਸਾਹਿੱਤਕ ਯੋਗਦਾਨ

3.1.1 ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਅਤੇ ਗੁਰਮਤਿ ਕਾਵਿ ਧਾਰਾ ਦੇ ਪੰਜਵੇਂ ਮਹਾਨ ਲੇਖਕ ਸਨ। ਆਪ ਦਾ ਜਨਮ 15 ਅਪ੍ਰੈਲ, 1563 ਨੂੰ ਚੌਥੇ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਦੇ ਮਾਤਾ, ਬੀਬੀ ਭਾਨੀ ਜੀ ਤੀਸਰੇ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਇਕ ਵਾਰ ਬਾਦਸ਼ਾਹ ਅਕਬਰ, ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਹਾਜ਼ਰ ਹੋਇਆ ਸੀ ਤਾਂ ਉਹ ਬੀਬੀ ਭਾਨੀ ਜੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ ਅਤੇ ਬੀਬੀ ਜੀ ਨੂੰ ਆਪਣੀ ਬੇਟੀ ਦੇ ਤੁੱਲ ਪਿਆਰ ਦਿੰਦਿਆਂ ਹੋਇਆਂ ਉਸ ਨੇ ਆਪ ਦੇ ਨਾਮ ਇਕ ਜਗੀਰ ਲਾਉਣ ਦੀ ਪੇਸ਼ਕਸ਼ ਵੀ ਕੀਤੀ ਸੀ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੂੰ ਮਾਤਾ ਅਤੇ ਪਿਤਾ ਦੇ ਰੂਪ ਵਿਚ ਸਿੱਖ ਇਤਿਹਾਸ ਦੀਆਂ ਦੋ ਬਹੁਤ ਮਹਾਨ ਹਸਤੀਆਂ ਦਾ ਪਿਆਰ ਦੁਲਾਰ ਪ੍ਰਾਪਤ ਹੋਇਆ ਜਿਸ ਕਾਰਣ ਬਚਪਨ ਤੋਂ ਹੀ ਆਪ ਗੁਰਸਿੱਖੀ ਦੇ ਸਿਧਾਂਤਾਂ ਅਤੇ ਅਧਿਆਤਮਿਕ

ਸਾਧਨਾਂ ਵਿਚ ਬਹੁਤ ਪਰਿਪੱਕ ਹੋ ਗਏ ਸਨ।

1.7.1.2 ਜਦੋਂ ਆਪ ਗਿਆਰ੍ਹਾਂ ਵਰ੍ਹੇ ਦੇ ਸਨ ਤਾਂ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਸੀ। ਆਪ ਵੀ ਉਨ੍ਹਾਂ ਦੇ ਨਾਲ ਹੀ ਅੰਮ੍ਰਿਤਸਰ ਚਲੇ ਗਏ। ਇਕ ਵਾਰ ਕਿਸੇ ਪਰਿਵਾਰਕ ਸਮਾਗਮ ਵਿਚ ਭਾਗ ਲੈਣ ਵਾਸਤੇ ਆਪ ਨੂੰ ਲਾਹੌਰ ਭੇਜਿਆ ਗਿਆ। ਕਾਫ਼ੀ ਦੇਰ ਤੱਕ ਗੁਰੂ ਰਾਮਦਾਸ ਜੀ ਵੱਲੋਂ ਕੋਈ ਬੁਲਾਵਾ ਨਾ ਆਉਣ ਤੇ ਆਪ ਵੈਰਾਗ ਗਏ। ਆਪਣੇ ਵੈਰਾਗ-ਭਾਵ ਨੂੰ ਪ੍ਰਗਟ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਨੂੰ ਕਵਿਤਾ ਵਿਚ ਕੁਝ ਪੱਤਰ ਲਿਖੇ ਜੋ ਗੁਰਮਤਿ ਸਾਹਿੱਤ ਵਿਚ ਬਹੁਤ ਉੱਚਾ ਦਰਜਾ ਰਖਦੇ ਹਨ। ਇਹ ਸਾਰੇ ਪੱਤਰ 'ਸ਼ਬਦ ਹਜ਼ਾਰੇ' ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਇਨ੍ਹਾਂ ਵਿਚੋਂ ਪਹਿਲੇ ਪੱਤਰ ਵਿਚ ਗੁਰੂ ਸਾਹਿਬ ਨੇ ਲਿਖਿਆ ਸੀ :

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥**
**ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਅਰੇ ਜੀਉ ॥**

1.7.1.3 ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖੀ ਦੇ ਪ੍ਰਚਾਰ ਲਈ ਬਹੁਤ ਸਾਰੀਆਂ ਯੋਜਨਾਵਾਂ ਆਰੰਭੀਆਂ। ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਇਆ। ਤਰਨਤਾਰਨ ਸਾਹਿਬ ਦੇ ਗੁਰਦੁਆਰੇ ਦੀ ਸੇਵਾ ਕਰਵਾਈ। ਕਰਤਾਰਪੁਰ ਸਾਹਿਬ ਦਾ ਨਿਰਮਾਣ ਕਰਵਾਇਆ ਅਤੇ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਦੂਰ-ਦੁਰਾਡੀਆਂ ਥਾਵਾਂ ਉੱਤੇ ਪ੍ਰਚਾਰਕ ਭੇਜੇ ਪ੍ਰੰਤੂ ਆਪ ਦੀ ਸਭ ਤੋਂ ਵੱਡੀ ਸੇਵਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੈ ਜੋ ਆਪ ਨੇ 1604 ਈ. ਵਿਚ ਮੁਕੰਮਲ ਕੀਤਾ। ਇਸ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਬਿਨਾਂ ਹਿੰਦੁਸਤਾਨ ਦੇ ਮਹਾਨ ਸੰਤ-ਸੂਫ਼ੀ ਕਵੀਆਂ ਦੇ ਅਮਰ ਬੋਲ ਸ਼ਾਮਿਲ ਕੀਤੇ ਗਏ।

1.7.1.4 ਗੁਰੂ ਅਰਜਨ ਦੇਵ ਜੀ ਆਪ ਵੀ ਬੜੇ ਮਹਾਨ ਕਵੀ ਸਨ। ਆਦਿ ਗ੍ਰੰਥ ਵਿਚ ਸੰਕਲਿਤ ਬਾਣੀਆਂ ਵਿਚ ਸਭ ਤੋਂ ਜ਼ਿਆਦਾ ਬਾਣੀ ਆਪ ਜੀ ਦੀ ਹੈ। ਆਪ ਨੇ ਕੁਲ 30 ਰਾਗਾਂ ਵਿਚ 2394 ਸ਼ਬਦ-ਸ਼ਲੋਕਾਂ ਦੀ ਰਚਨਾ ਕੀਤੀ। ਆਪ ਦੀਆਂ ਪ੍ਰਮੁੱਖ ਬਾਣੀਆਂ ਵਿਚੋਂ **ਸੁਖਮਨੀ ਸਾਹਿਬ, ਬਾਵਨ ਅੱਖਰੀ, ਬਾਰਹਮਾਹ ਮਾਝ, ਥਿਤੀ** ਆਦਿਕ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ ਆਪ ਨੇ **ਛੈ ਵਾਰਾਂ** ਦੀ ਰਚਨਾ ਵੀ ਕੀਤੀ। ਆਪ ਨੇ ਗੁਰਸਿੱਖੀ ਦੇ ਸਿਧਾਂਤਾਂ ਅਤੇ ਸੰਕਲਪਾਂ ਨੂੰ ਬੜੀ ਸਰਲ ਅਤੇ ਵਿਆਖਿਆਤਮਕ ਸ਼ੈਲੀ ਵਿਚ ਪ੍ਰਗਟ ਕੀਤਾ ਹੈ। ਆਪ ਨੂੰ ਭਾਰਤੀ ਸੰਗੀਤ ਦੀ ਵੀ ਬੜੀ ਡੂੰਘੀ ਸਮਝ ਸੀ। ਕਈ ਵਾਰ ਆਪ ਜੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਦਾ ਕੀਰਤਨ ਵੀ ਕਰਿਆ ਕਰਦੇ ਸਨ। ਆਪ ਦੀ ਮਹਾਨ ਸ਼ਖ਼ਸੀਅਤ ਦੇ ਪ੍ਰਤਾਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਜਹਾਂਗੀਰ ਬਰਦਾਸ਼ਤ ਨਾ ਕਰ ਸਕਿਆ। ਇਸ ਲਈ ਉਸ ਨੇ 30 ਮਈ, 1606 ਈ. ਨੂੰ ਆਪ ਲਾਹੌਰ ਵਿਖੇ ਸ਼ਹੀਦ ਕਰਵਾ ਦਿੱਤਾ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

1. **'ਸ਼ਬਦ ਹਜ਼ਾਰੇ' ਅਸਲ ਵਿਚ ਕੀ ਸਨ?**
2. **ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਦੋਂ ਕੀਤਾ?**
3. **'ਸੁਖਮਨੀ ਸਾਹਿਬ' ਨਾਮੀ ਬਾਣੀ ਦੇ ਕਰਤਾ ਕੌਣ ਹਨ?**

**ਉੱਤਰ :**

1. ਗੁਰੂ ਅਰਜਨ ਦੇਵ ਜੀ ਦੇ ਗੁਰੂ ਰਾਮਦਾਸ ਜੀ ਦੇ ਲਿੱਖੇ ਗਏ ਪੱਤਰ
2. ਸੰਨ 1604 ਈਸਵੀ ਵਿਚ
3. ਗੁਰੂ ਅਰਜਨ ਦੇਵ ਜੀ

## ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਵਿਸ਼ਾ-ਵਸਤੂ

### 1.7.2.1 ਪ੍ਰਭ ਕੈ ਸਿਮਰਨਿ ਗਰਭਿ ਨ ਬਸੈ

ਸੁਖਮਨੀ ਸਾਹਿਬ ਵਿਚੋਂ ਲਈ ਗਈ ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਸਿਮਰਨ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਆਪ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਸਿਮਰਨ ਨਾਲ ਮਨੁੱਖ ਜਨਮ ਅਤੇ ਮੌਤ ਦੇ ਕਸ਼ਟ ਤੋਂ ਬਚਿਆ ਰਹਿੰਦਾ ਹੈ। ਉਸ ਦੇ ਸਿਮਰਨ ਨਾਲ ਮੌਤ ਟਲ ਜਾਂਦੀ ਹੈ। ਦੁਸ਼ਮਣਾਂ ਦਾ ਵਿਨਾਸ਼ ਹੋ ਜਾਂਦਾ ਹੈ। ਸਿਮਰਨ ਕਰਨ ਵਾਲੇ ਵਿਅਕਤੀ ਦੇ ਕਾਰ-ਵਿਹਾਰ ਵਿਚ ਕੋਈ ਵਿਘਨ ਨਹੀਂ ਪੈਂਦਾ। ਉਹ ਹਰ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ। ਉਸ ਨੂੰ ਕੋਈ ਦੁੱਖ ਨਹੀਂ ਸਤਾਉਂਦਾ। ਪ੍ਰਭੂ ਦਾ ਸਿਮਰਨ ਕਰਨ ਵਾਲੇ ਵਿਅਕਤੀਆਂ ਨੂੰ ਸਾਧੂਆਂ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ ਜਿਸ ਕਰਕੇ ਉਨ੍ਹਾਂ ਨੂੰ ਪਰਮਾਤਮਾ ਦੀ ਨੇੜਤਾ ਹਾਸਲ ਹੋ ਜਾਂਦੀ ਹੈ।

### 1.7.2.2 ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਹਰਿ ਸਿਮਰਨ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ। ਗੁਰੂ ਜੀ ਦੇ ਕਥਨ ਅਨੁਸਾਰ ਹਰੀ ਦੇ ਸਿਮਰਨ ਦੁਆਰਾ ਵੱਡੇ-ਵੱਡੇ ਭਗਤ ਪ੍ਰਗਟ ਹੁੰਦੇ ਹਨ, ਵੇਦਾਂ ਦੀ ਉਤਪਤੀ ਹੁੰਦੀ ਹੈ ਅਤੇ ਬਹੁਤ ਸਾਰੇ ਸਿੱਧ-ਪੁਰਖ, ਜਤੀ ਅਤੇ ਦਾਤੇ ਲੋਕ ਪੈਦਾ ਹੋ ਜਾਂਦੇ ਹਨ। ਹਰੀ ਦੇ ਸਿਮਰਨ ਨਾਲ ਸਾਰੀ ਦੁਨੀਆਂ ਦੇ ਅਧਰਮੀ ਲੋਕਾਂ ਦਾ ਵੀ ਉੱਧਾਰ ਹੋ ਜਾਂਦਾ ਹੈ। ਹਰੀ ਦੇ ਸਿਮਰਨ ਦੁਆਰਾ ਹੀ ਇਹ ਧਰਤੀ ਟਿਕੀ ਹੋਈ ਹੈ। ਸਾਰੀ ਸ੍ਰਿਸ਼ਟੀ ਰਚਨਾ ਇਸ ਸਿਮਰਨ ਦੁਆਰਾ ਹੋਂਦ ਵਿਚ ਆਈ ਹੈ। ਹਰੀ ਦੇ ਸਿਮਰਨ ਵਿਚ ਪਰਮਾਤਮਾ ਆਪ ਉਜਾਗਰ ਹੋ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਪਰਮਾਤਮਾ ਨੇ ਆਪ ਕ੍ਰਿਪਾ ਕਰਕੇ ਜਿਸ ਵਿਅਕਤੀ ਨੂੰ ਸਿਮਰਨ ਦੇ ਲੜ ਲਾ ਲਿਆ ਹੈ, ਉਸ ਗੁਰਮੁਖ ਨੇ ਪਰਮਾਤਮਾ ਦੀ ਪ੍ਰਾਪਤੀ ਕਰ ਲਈ ਹੈ।

### 1.7.2.3 ਪਾਰਜਾਤੁ ਇਹੁ ਹਰਿ ਕੋ ਨਾਮੁ

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸੁਰਗ ਲੋਕ ਵਿਚ ਸਥਿਤ ਮੁਰਾਦਾਂ ਪੂਰੀਆਂ ਕਰਨ ਵਾਲਾ ਪਾਰਜਾਤ ਰੁੱਖ ਪਰਮਾਤਮਾ ਦਾ ਨਾਮ ਹੀ ਹੈ। ਇਹ ਨਾਮ ਹੀ ਸਾਡੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਕਰਨ ਦੇ ਸਮਰੱਥ ਹੈ। ਕਾਮਧੇਨ ਗਊ ਵੀ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦੀ ਹੈ। ਪਰਮਾਤਮਾ ਦੇ ਨਾਮ ਦੀ ਕਥਾ ਸਭ ਤੋਂ ਉੱਤਮ ਹੈ ਕਿਉਂਕਿ ਇਹ ਕਥਾ ਸੁਣਦਿਆਂ ਹੀ ਦੁੱਖ ਅਤੇ ਦਰਦ ਅਲੋਪ ਹੋ ਜਾਂਦੇ ਹਨ। ਸੰਤਾਂ ਦੀ ਕ੍ਰਿਪਾ ਨਾਲ ਸਾਰੇ ਦੁੱਖਾਂ ਅਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਕਿਉਂਕਿ ਉਹਨਾਂ ਦੇ ਹਿਰਦਿਆਂ ਵਿਚ ਪਰਮਾਤਮਾ ਦੇ ਨਾਮ ਦਾ ਨਿਵਾਸ ਹੁੰਦਾ ਹੈ। ਸੰਤਾਂ ਦੀ ਸੰਗਤ ਚੰਗੇ ਕਰਮਾਂ ਦੁਆਰਾ ਪ੍ਰਾਪਤ ਹੁੰਦੀ ਹੈ ਅਤੇ ਸੰਤਾਂ ਦੀ ਸੇਵਾ ਕਰਨ ਨਾਲ ਹੀ ਨਾਮ ਸਿਮਰਨ ਦਾ ਸੰਕਲਪ ਮਨ ਵਿਚ ਪੈਦਾ ਹੁੰਦਾ ਹੈ ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਦੀ ਬਰਾਬਰੀ ਦੁਨੀਆਂ ਦੀ ਕੋਈ ਵੀ ਚੀਜ਼ ਨਹੀਂ ਕਰ ਸਕਦੀ ਪਰੰਤੂ ਇਸ ਨਾਮ ਦੀ ਪ੍ਰਾਪਤੀ ਗੁਰਮੁਖਾਂ ਨੂੰ ਹੀ ਹੋ ਸਕਦੀ ਹੈ।

### 1.7.2.4 ਚਾਰਿ ਪਦਾਰਥ ਜੇ ਕੋ ਮਾਗੈ

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸੰਤ ਜਨਾ ਦੀ ਸੇਵਾ ਕਰਨ ਨਾਲ ਦੁਨੀਆਂ ਦੇ ਹਰ ਪਦਾਰਥ ਦੀ ਪ੍ਰਾਪਤੀ ਹੋ ਜਾਂਦੀ ਹੈ। ਭਾਰਤੀ ਸਭਿਆਚਾਰ ਵਿਚ ਪਦਾਰਥਾਂ ਦੀਆਂ ਚਾਰ ਸ਼੍ਰੇਣੀਆਂ ਮੰਨੀਆਂ ਗਈਆਂ ਹਨ- ਧਰਮ, ਅਰਥ, ਕਾਮ ਅਤੇ ਮੋਖ। ਜਿਹੜਾ ਵਿਅਕਤੀ ਆਪਣੇ ਆਪ ਨੂੰ ਸੰਤਾਂ ਦੀ ਸੇਵਾ ਵਿਚ ਸਮਰਪਿਤ ਕਰ ਦਿੰਦਾ ਹੈ ਉਸ ਨੂੰ ਇਨ੍ਹਾਂ ਵਿਚੋਂ ਹਰ ਪਦਾਰਥ ਪ੍ਰਾਪਤ ਹੋ ਜਾਂਦਾ ਹੈ। ਜੇ ਕਿਸੇ ਵਿਅਕਤੀ ਨੇ ਆਪਣੇ ਦੁੱਖਾਂ ਦਾ ਨਿਵਾਰਨ ਕਰਨਾ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਪਰਮਾਤਮਾ ਦੇ ਨਾਮ ਨੂੰ ਆਪਣੇ ਦਿਲ ਵਿਚ ਵਸਾ ਲਵੇ। ਜਿਹੜਾ ਕੋਈ ਵਿਅਕਤੀ ਆਪਣੀ ਸ਼ੋਭਾ ਕਰਵਾਉਣੀ ਲੋਚਦਾ ਹੈ, ਉਸ ਨੂੰ ਚਾਹੀਦਾ ਹੈ ਕਿ ਉਹ ਆਪਣੀ ਹਉਮੈ ਦਾ ਤਿਆਗ ਕਰ ਦੇਵੇ। ਜੇ ਕੋਈ ਜਨਮ ਅਤੇ ਮੌਤ ਦੇ ਚੱਕਰ ਤੋਂ ਮੁਕਤੀ ਲੋਚਦਾ ਹੈ ਤਾਂ ਉਹ ਸੰਤਾਂ ਦੀ ਸ਼ਰਨ ਵਿਚ ਚਲਿਆ ਜਾਵੇ। ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਦਰਸ਼ਨ ਦੀ ਖਾਹਿਸ਼ ਰੱਖਣ ਵਾਲੇ ਵਿਅਕਤੀ ਤੋਂ ਉਹ ਕੁਰਬਾਨ ਜਾਂਦੇ ਹਨ।

### 1.7.2.5 ਸੁਨਿ ਅੰਧਾ ਕੈਸੇ ਮਾਰਗੁ ਪਾਵੈ

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਕੇਵਲ ਸੁਣ ਕੇ ਹੀ ਅੰਨ੍ਹੇ ਨੂੰ ਮਾਰਗ ਦੀ ਸੋਝੀ ਨਹੀਂ ਹੋ ਸਕਦੀ। ਉਸ ਨੂੰ ਤਾਂ ਹੱਥ ਪਕੜ ਕੇ ਮੰਜ਼ਿਲ ਤੱਕ ਛੱਡ ਕੇ ਹੀ ਆਉਣਾ ਪੈਂਦਾ ਹੈ। ਇਕ ਬੋਲੇ (ਡੋਰੇ) ਆਦਮੀ ਨੂੰ ਬੁਝਾਰਤ ਪੁੱਛੋਗੇ ਤਾਂ ਉਹ ਕੀ ਜਵਾਬ ਦੇਵੇਗਾ? ਜੇ ਉਸ ਨੂੰ ਰਾਤ ਤੋਂ ਕੋਈ ਗੱਲ ਪੁੱਛਣ ਲੱਗੋਗੇ ਤਾਂ ਉਹ ਮਸਾਂ ਸਵੇਰ ਤੱਕ ਤੁਹਾਡੀ ਗੱਲ ਸਮਝ ਸਕੇਗਾ। ਇਕ ਗੁੰਗਾ ਆਦਮੀ ਕਿਵੇਂ **'ਬਿਸਨਪਦੇ'** ਗਾ ਸਕਦਾ ਹੈ। ਜੇ ਉਹ ਕੋਸ਼ਿਸ਼ ਵੀ ਕਰੇਗਾ ਤਾਂ ਵੀ ਉਹ ਸਹੀ ਸੁਰ ਨਹੀਂ ਲਗਾ ਸਕੇਗਾ। ਇਸੇ ਤਰ੍ਹਾਂ ਇਕ ਪਿੰਗਲਾ ਵਿਅਕਤੀ ਉੱਚੇ-ਉੱਚੇ ਪਰਬਤਾਂ ਤੇ ਕਿਵੇਂ ਚੜ੍ਹੇਗਾ? ਉਸ ਵਾਸਤੇ ਉਥੋਂ ਤੱਕ ਜਾਣਾ ਕਠਿਨ ਹੈ। ਇਹ ਦ੍ਰਿਸ਼ਟਾਂਤ ਪੇਸ਼ ਕਰਕੇ ਗੁਰੂ ਅਰਜਨ ਦੇਵ ਜੀ ਬੇਨਤੀ ਕਰਦੇ ਹਨ ਕਿ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿ ਮੈਂ ਵੀ ਉਕਤ ਪ੍ਰਾਣੀਆਂ ਵਾਂਗ ਅਧੂਰਾ ਹਾਂ। ਮੇਰੇ ਤੇ ਕ੍ਰਿਪਾ ਕਰੋ। ਮੈਂ ਆਪਣੇ ਆਪ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਜਾ ਸਕਾਂਗਾ। ਮੈਂ ਤਾਂ ਕੇਵਲ ਤੁਹਾਡੀ ਕ੍ਰਿਪਾ ਦੇ ਬਲ ਤੇ ਹੀ ਤਰ ਸਕਦਾ ਹਾਂ।

### 1.7.2.6 ਦਸ ਬਸਤੂ ਲੇ ਪਾਛੈ ਪਾਵੈ

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਵਿਅਕਤੀ ਦੇ ਨਾਸ਼ੁਕਰੇਪਣ ਉੱਤੇ ਇੱਕ ਟਿੱਪਣੀ ਕਰਦੇ ਹਨ। ਆਪ ਅਨੁਸਾਰ ਅਜਿਹਾ ਵਿਅਕਤੀ ਪਰਮਾਤਮਾ ਤੋਂ ਦਸ ਦਾਤਾਂ ਲੈ ਕੇ ਸਾਂਭ ਛੱਡਦਾ ਹੈ ਅਤੇ ਗਿਆਰ੍ਹਵੀਂ ਦਾਤ ਲੈਣ ਦੀ ਖਾਤਰ ਰੌਲਾ ਪਾ ਲੈਂਦਾ ਹੈ ਕਿ ਮੈਨੂੰ ਇਹ ਨਹੀਂ ਦਿੱਤਾ, ਔਹ ਨਹੀਂ ਦਿੱਤਾ। ਗੁਰੂ ਜੀ ਪੁੱਛਦੇ ਹਨ ਕਿ ਜੇ ਪਰਮਾਤਮਾ ਗਿਆਰ੍ਹਵੀਂ ਦਾਤ ਨਾ ਦੇਵੇ ਅਤੇ ਪਹਿਲਾਂ ਦਿੱਤੀਆਂ ਦਸ ਦਾਤਾਂ ਵੀ ਖੋਹ ਲਵੇ ਤਾਂ ਉਹ ਮੂਰਖ ਪ੍ਰਾਣੀ ਕੀ ਕਰ ਲਵੇਗਾ। ਜਿਸ ਪਰਮਾਤਮਾ ਉੱਤੇ ਸਾਡਾ ਕੋਈ ਜ਼ੋਰ ਨਹੀਂ ਚਲ ਸਕਦਾ, ਸਾਨੂੰ ਚਾਹੀਦਾ ਹੈ ਕਿ ਅਸੀਂ ਉਸ ਨੂੰ ਨਮਸਕਾਰ ਕਰੀਏ। ਜਿਹੜੇ ਗੁਰਮੁਖ ਲੋਕ ਪਰਮਾਤਮਾ ਦੇ ਹਰ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹਨ। ਪਰਮਾਤਮਾ ਉਹਨਾਂ ਦੇ ਮਨ ਉਪਰ ਸਾਰੇ ਸੁੱਖਾਂ ਦੀ ਵਰਖਾ ਕਰ ਦਿੰਦਾ ਹੈ। ਉਹਨਾਂ ਨੂੰ ਕੋਈ ਤੋਟ ਨਹੀਂ ਰਹਿਣ ਦਿੰਦਾ। ਜਿਹੜਾ ਵਿਅਕਤੀ ਉਸ ਪਰਮਾਤਮਾ ਦੇ ਹੁਕਮ ਵਿਚ ਰਹਿਣਾ ਸਿੱਖ ਲੈਂਦਾ ਹੈ ਉਸ ਨੂੰ ਹਰ ਤਰ੍ਹਾਂ ਦੇ ਪਦਾਰਥਾਂ ਅਤੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

### 1.7.2.7 ਜਿਹ ਪ੍ਰਸਾਦਿ ਆਭੂਖਨ ਪਹਿਰੀਜੈ

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਪੁੱਛਦੇ ਹਨ ਕਿ ਜਿਸ ਪਰਮਾਤਮਾ ਦੀ ਕ੍ਰਿਪਾ ਨਾਲ ਵਿਅਕਤੀ ਤਰ੍ਹਾਂ ਤਰ੍ਹਾਂ ਦਾ ਹਾਰ-ਸ਼ਿੰਗਾਰ ਕਰਦਾ ਹੈ, ਉਸ ਦੇ ਸਿਮਰਨ ਅਤੇ ਭਜਨ-ਬੰਦਗੀ ਵਿਚ ਉਹ ਆਲਸ ਕਿਉਂ ਕਰਦਾ ਹੈ? ਜਿਸ ਦੀ ਕ੍ਰਿਪਾ ਸਦਕਾ ਉਹ ਘੋੜਿਆਂ ਅਤੇ ਹਾਥੀਆਂ ਉਪਰ ਸਵਾਰੀ ਕਰਦਾ ਹੈ, ਉਸ ਪਰਮਾਤਮਾ ਨੂੰ ਕਦੇ ਵੀ ਨਹੀਂ ਭੁਲਾਉਣਾ ਚਾਹੀਦਾ। ਜਿਸ ਦੀ ਕ੍ਰਿਪਾ ਨਾਲ ਸਾਨੂੰ ਜ਼ਮੀਨ-ਜਾਇਦਾਦ, ਧਨ-ਦੌਲਤ ਅਤੇ ਬਾਗ-ਬਗੀਚੇ ਪ੍ਰਾਪਤ ਹੋਏ ਹਨ, ਉਸ ਪ੍ਰਭੂ ਨੂੰ ਸਦਾ ਆਪਣੇ ਮਨ ਵਿਚ ਵਸਾ ਕੇ ਰੱਖੋ। ਹੇ ਮਨ ! ਪਰਮਾਤਮਾ ਨੇ ਤੇਰਾ ਨਿਰਮਾਣ ਕੀਤਾ ਹੈ, ਤੈਨੂੰ ਚਾਹੀਦਾ ਹੈ ਕਿ ਉੱਠਦਾ ਬੈਠਦਾ ਹੋਇਆ ਸਦਾ ਉਸ ਦੇ ਸਿਮਰਨ ਵਿਚ ਲੀਨ ਰਹੇ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਮਿਲਕੇ ਉਸ ਅਦ੍ਰਿਸ਼ਟ ਪਰਮਾਤਮਾ ਦਾ ਸਿਮਰਨ ਕਰੀਏ ਕਿਉਂਕਿ ਇਸ ਲੋਕ ਵਿਚ ਅਤੇ ਪਰਲੋਕ ਵਿਚ ਉਹੀ ਸਾਡਾ ਮਦਦਗਾਰ ਹੋਵੇਗਾ।

### 1.7.2.8 ਸਾਧ ਕੀ ਮਹਿਮਾ ਬੇਦ ਨਾ ਜਾਨਹਿ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਸਾਧੂ ਦੀ ਮਹਿਮਾ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਸਾਧੂ ਦੀ ਮਹਿਮਾ ਅਪਰੰਪਾਰ ਹੈ। ਵੇਦ ਵੀ ਉਸ ਦੀ ਮਹਿਮਾ ਨੂੰ ਚੰਗੀ ਤਰ੍ਹਾਂ ਬਿਆਨ ਨਹੀਂ ਕਰ ਸਕੇ। ਉਸ ਦੀ ਮਹਿਮਾ ਸਾਰੀਆਂ ਉਪਮਾਵਾਂ ਤੋਂ ਵੱਡੀ ਹੈ ਅਤੇ ਇਹ ਸਾਰੀ ਦੁਨੀਆਂ ਵਿਚ ਫੈਲੀ ਹੋਈ ਹੈ। ਸਾਧੂ ਦੀ ਮਹਿਮਾ ਅਨੰਤ ਹੈ ਇਸ ਦਾ ਕੋਈ ਅੰਤ-ਸ਼ੁਮਾਰ ਨਹੀਂ ਹੈ। ਸਾਧੂ ਦੀ ਮਹਿਮਾ ਸ੍ਰੇਸ਼ਠ ਤੋਂ ਵੀ ਸ੍ਰੇਸ਼ਠ ਹੈ ਇਕ ਸਾਧੂ ਦੀ ਮਹਿਮਾ ਨੂੰ ਕੋਈ ਸਾਧੂ ਹੀ ਬਿਆਨ ਕਰ ਸਕਦਾ ਹੈ। ਆਮ ਆਦਮੀ ਇਸ ਮਹਿਮਾ ਨੂੰ ਬਿਆਨ ਨਹੀਂ ਕਰ ਸਕਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਇਕ ਸਾਧੂ ਏਨਾ ਮਹਾਨ ਹੁੰਦਾ ਹੈ, ਜਿਤਨਾ ਪਰਮਾਤਮਾ ਕਿਉਂਕਿ ਸਾਧੂ ਅਤੇ ਮਹਾਤਮਾ ਦੇ ਦਰਮਿਆਨ ਕੋਈ ਫ਼ਰਕ ਹੀ ਨਹੀਂ ਹੈ।

### 1.7.2.9 ਬ੍ਰਹਮ ਗਿਆਨੀ ਸਦਾ ਨਿਰਲੇਪ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਇਕ ਬ੍ਰਹਮ ਗਿਆਨੀ ਦੇ ਲੱਛਣਾਂ ਨੂੰ ਬਿਆਨ ਕਰਦੇ ਹਨ। ਆਪ ਅਨੁਸਾਰ ਬ੍ਰਹਮ ਗਿਆਨੀ ਇਸ ਦੁਨੀਆਂ ਦੀ ਮੋਹ-ਮਾਇਆ ਤੋਂ ਨਿਰਲੇਪ ਹੋ ਕੇ ਆਪਣਾ ਜੀਵਨ ਗੁਜ਼ਾਰਦਾ ਹੈ। ਜਿਵੇਂ ਕੰਵਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੋਇਆ ਵੀ ਇਸ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ ਇਸ ਤਰ੍ਹਾਂ ਬ੍ਰਹਮ ਗਿਆਨੀ ਵੀ ਦੁਨੀਆਂ ਵਿਚ ਭਿੱਜਦਾ ਨਹੀਂ ਹੈ। ਬ੍ਰਹਮ ਗਿਆਨੀ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਜਿਵੇਂ ਸੂਰਜ ਸਾਰਿਆਂ ਨੂੰ ਧੁੱਪ ਅਤੇ ਨਿੱਘ ਦਿੰਦਾ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨੀ ਵੀ ਆਪਣੀਆਂ ਦਾਤਾਂ ਵੰਡਣ ਲੱਗਿਆਂ ਵੱਡੇ ਛੋਟੇ ਵਿਚ ਵਿਤਕਰਾ ਨਹੀਂ ਕਰਦਾ। ਬ੍ਰਹਮ ਗਿਆਨੀ ਸਾਰੀ ਦੁਨੀਆਂ ਵੱਲ ਸਮ-ਦ੍ਰਿਸ਼ਟੀ ਰੱਖਦਾ ਹੈ, ਜਿਵੇਂ ਹਵਾ ਰਾਜੇ ਅਤੇ ਰੰਕ ਦੋਹਾਂ ਨੂੰ ਇਕੋ ਜਿਹਾ ਸੁੱਖ ਦਿੰਦੀ ਹੈ। ਬ੍ਰਹਮ ਗਿਆਨੀ ਧਰਤੀ ਵਾਂਗ ਧੀਰਜਵਾਨ ਹੁੰਦਾ ਹੈ। ਧਰਤੀ ਨੂੰ ਭਾਵੇਂ ਕੋਈ ਖੋਦੇ ਅਤੇ ਭਾਵੇਂ ਕੋਈ ਪੂਜੇ, ਉਹ ਆਪਣਾ ਧੀਰਜ ਨਹੀਂ ਗੁਆਉਂਦੇ। ਬ੍ਰਹਮ ਗਿਆਨੀ ਸਦਾ ਸਹਿਜ ਅਵਸਥਾ ਵਿਚ ਰਹਿੰਦਾ ਹੈ ਅਤੇ ਅਗਨੀ ਵਾਂਗ ਆਪਣੇ ਸੁਭਾਉ ਨੂੰ ਸਦਾ ਸਥਿਰ ਰੱਖਦਾ ਹੈ।

### 1.7.2.10 ਸੋ ਪੰਡਿਤ ਜੋ ਮਨੁ ਪਰਬੋਧੈ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਇਕ ਆਦਰਸ਼ਕ ਪੰਡਿਤ ਦੀ ਪਰਿਭਾਸ਼ਾ ਨੂੰ ਬਿਆਨ ਕਰਦੇ ਹਨ। ਆਪ ਅਨੁਸਾਰ ਅਸਲ ਪੰਡਿਤ ਉਹੀ ਹੈ ਜਿਸ ਨੇ ਆਪਣੇ ਮਨ ਨੂੰ ਜਾਗ੍ਰਿਤ ਕਰ ਲਿਆ ਹੈ ਅਤੇ ਜਿਸ ਨੇ ਰਾਮ ਨਾਮ ਦੀ ਕੁਠਾਲੀ ਵਿਚ ਆਪਣੀ ਆਤਮਾ ਨੂੰ ਸੋਧ ਲਿਆ ਹੈ। ਉਹ ਰਾਮ ਨਾਮ ਦੇ ਰਸ ਨੂੰ ਆਪਣੀ ਆਤਮਾ ਵਿਚ ਵਸਾ ਲੈਂਦਾ ਹੈ। ਅਜਿਹੇ ਪੰਡਤ ਦੇ ਉਪਦੇਸ਼ ਸੁਣਨ ਵਾਸਤੇ ਸਾਰੀ ਦੁਨੀਆਂ ਤਰਸਦੀ ਰਹਿੰਦੀ ਹੈ। ਇਸ ਨੇ ਪਰਮਾਤਮਾ ਦੇ ਨਾਮ ਦੀ ਕਥਾ ਨੂੰ ਆਪਣੇ ਮਨ ਵਿਚ ਵਸਾ ਲਿਆ ਹੁੰਦਾ ਹੈ, ਇਸ ਕਾਰਣ ਇਹ ਜਨਮ-ਮਰਨ ਦੇ ਬੰਧਨਾਂ ਤੋਂ ਵੀ ਮੁਕਤ ਹੋ ਜਾਂਦਾ ਹੈ। ਇਸ ਨੇ ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਵਿਚ ਅੰਕਿਤ ਗਿਆਨ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰ ਲਿਆ ਹੁੰਦਾ ਹੈ। ਉਹ ਸੂਖਮ ਵਿਚ ਸਥੂਲ ਨੂੰ ਅਤੇ ਸਥੂਲ ਵਿਚ ਸੂਖਮ ਨੂੰ ਪਹਿਚਾਣਨ ਦੇ ਸਮਰਥ ਹੁੰਦਾ ਹੈ।

### 1.7.2.11 ਕਈ ਕੋਟਿ ਭਏ ਬੈਰਾਗੀ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਭਗਤੀ ਕਰਨ ਵਾਲੇ ਵੱਖ-ਵੱਖ ਫਿਰਕਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਕਈ ਕਰੋੜ ਲੋਕ ਵੈਰਾਗੀ ਬਣ ਕੇ ਪ੍ਰਭੂ ਦੀ ਪੂਜਾ ਵਿਚ ਲੀਨ ਹਨ। ਕਈ ਕਰੋੜ ਲੋਕ ਆਪਣੀ ਆਤਮਾ ਵਿਚ ਪ੍ਰਭੂ ਦੀ ਤਲਾਸ਼ ਕਰ ਰਹੇ ਹਨ। ਕਈ ਕਰੋੜ ਲੋਕ ਪ੍ਰਭੂ-ਦਰਸ਼ਨਾਂ ਲਈ ਪਿਆਸੇ ਹਨ। ਕਈ ਕਰੋੜ ਲੋਕ ਪਰਮਾਤਮਾ ਦੇ ਚਰਨਾਂ ਵਿਚ ਬੇਨਤੀ ਕਰ ਰਹੇ ਹਨ ਕਿ ਉਨ੍ਹਾਂ ਨੂੰ ਸਤਿਸੰਗਤ ਦੀ ਪ੍ਰਾਪਤੀ ਹੋ ਜਾਵੇ; ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਕੇਵਲ ਨਿੱਜੀ ਯਤਨ ਕੀਤਿਆਂ ਹੀ ਪ੍ਰਾਪਤ ਨਹੀਂ ਹੁੰਦਾ। ਜਿਸ ਉੱਪਰ ਉਹ ਆਪ ਤੁੱਠਦਾ ਹੈ, ਉਸੇ ਨੂੰ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਅਜਿਹੇ ਲੋਕਾਂ ਨੂੰ ਧੰਨਤਾਯੋਗ ਕਹਿੰਦੇ ਹਨ।

## 1.7.2.12 ਕਰਨ ਕਰਾਵਨ ਕਰਨੈਹਾਰ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਰਜ਼ਾ ਬਾਰੇ ਆਪਣੇ ਵਿਚਾਰ ਵਿਅਕਤ ਕਰਦੇ ਹਨ। ਆਪ ਅਨੁਸਾਰ ਸ੍ਰਿਸ਼ਟੀ ਦਾ ਸਿਰਜਕ ਪਰਮਾਤਮਾ ਹੀ ਸਾਰੀ ਦੁਨੀਆਂ ਦੇ ਕਾਰ-ਵਿਹਾਰ ਨੂੰ ਸੰਚਾਲਿਤ ਕਰ ਰਿਹਾ ਹੈ। ਉਸ ਦੀ ਲੀਲ੍ਹਾ ਏਨੀ ਬੇਅੰਤ ਹੈ ਕਿ ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਜਿਵੇਂ ਉਸ ਦੀ ਰਜ਼ਾ ਹੁੰਦੀ ਹੈ, ਸ੍ਰਿਸ਼ਟੀ ਵਿਚ ਉਹੀ ਕੁਝ ਵਾਪਰਦਾ ਹੈ ਉਹ ਪਰਮਾਤਮਾ ਆਪ ਹੀ ਸਭ ਕੁਝ ਸੰਭਾਲ ਰਿਹਾ ਹੈ। ਉਹ ਆਪਣੀ ਇੱਛਾ ਅਨੁਸਾਰ ਹੀ ਸਾਰੇ ਕਾਰ-ਵਿਹਾਰ ਨੂੰ ਤਰਤੀਬ ਦਿੰਦਾ ਹੈ। ਉਹ ਸਾਰਿਆਂ ਤੋਂ ਦੂਰ ਵੀ ਹੈ ਅਤੇ ਸਾਰਿਆਂ ਵਿਚ ਵੱਸਿਆ ਹੋਇਆ ਵੀ ਹੈ। ਉਹ ਆਪਣੀ ਵਿਵੇਕ ਦ੍ਰਿਸ਼ਟੀ ਨਾਲ ਸਭ ਦੇ ਦਿਲਾਂ ਦੀਆਂ ਬੁੱਝ ਲੈਂਦਾ ਹੈ। ਉਹ ਇੱਕ ਵੀ ਹੈ ਅਤੇ ਅਨੇਕ ਵੀ ਹੈ। ਨਿਰਗੁਣ ਰੂਪ ਵਿਚ ਉਹ ਇਕੱਲਾ ਹੈ ਅਤੇ ਸਰਗੁਣ ਰੂਪ ਵਿਚ ਉਸ ਦੇ ਅਨੇਕਾਂ ਰੂਪ ਹਨ। ਉਹ ਅਬਿਨਾਸ਼ੀ ਹੈ। ਇਸ ਲਈ ਜਨਮਦਾ ਜਾਂ ਮਰਦਾ ਨਹੀਂ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ।

## 1.7.2.13 ਸੰਤ ਕਾ ਨਿੰਦਕੁ ਮਹਾ ਅਤਤਾਈ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਸੰਤਾਂ ਦੇ ਨਿੰਦਕਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਸੰਤਾਂ ਦਾ ਨਿੰਦਕ ਬਹੁਤ ਨੀਚ ਹੁੰਦਾ ਹੈ। ਉਹ ਹਮੇਸ਼ਾਂ ਕੋਈ ਨਾ ਕੋਈ ਉਪੱਦਰਵ ਕਰਦਾ ਰਹਿੰਦਾ ਹੈ ਅਤੇ ਇਕ ਛਿਣ ਵੀ ਨਿਚਲਾ ਹੋ ਕੇ ਨਹੀਂ ਬੈਠ ਸਕਦਾ। ਨਿੰਦਕ ਵਿਅਕਤੀ ਬਹੁਤ ਜ਼ਾਲਮ ਹੁੰਦਾ ਹੈ। ਉਸ ਨੂੰ ਪਰਮੇਸ਼ਰ ਦੀ ਮਾਰ ਪਈ ਹੁੰਦੀ ਹੈ, ਇਸੇ ਲਈ ਉਹ ਏਨੇ ਨੀਚ ਕਰਮ ਕਰਦਾ ਹੁੰਦਾ ਹੈ। ਸੰਤਾਂ ਦੇ ਨਿੰਦਕ ਨੂੰ ਕਦੇ ਵੀ ਕੋਈ ਅਧਿਕਾਰ ਜਾਂ ਪਦਵੀ ਪ੍ਰਾਪਤ ਨਹੀਂ ਹੁੰਦੀ। ਉਹ ਬਹੁਤ ਨਿਰਧਨ ਹੋ ਜਾਂਦਾ ਹੈ। ਆਪਣੇ ਘਟੀਆਪਣ ਕਾਰਣ ਉਸ ਕੋਲ ਕੋਈ ਚੰਗੀ ਚੀਜ਼ ਨਹੀਂ ਬਚਦੀ। ਅਜਿਹੇ ਆਦਮੀ ਨੂੰ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਚੰਬੜਦੀਆਂ ਰਹਿੰਦੀਆਂ ਹਨ। ਅਜਿਹਾ ਆਦਮੀ ਸਦਾ ਵਿਜੋਗਿਆ ਰਹਿੰਦਾ ਹੈ। ਇਸ ਦੇ ਜੀਵਨ ਵਿਚ ਖੁਸ਼ੀ ਅਤੇ ਸੰਜੋਗ ਦੀ ਕੋਈ ਘੜੀ ਨਹੀਂ ਆਉਂਦੀ। ਸੰਤਾਂ ਦਾ ਨਿੰਦਕ ਬਹੁਤ ਦੋਖੀ ਸੁਭਾਉ ਦਾ ਹੁੰਦਾ ਹੈ। ਏਨਾ ਘਟੀਆ ਵਿਅਕਤੀ ਹੋਣ ਦੇ ਬਾਵਜੂਦ ਜੇ ਕਿਸੇ ਸੰਤ-ਪੁਰਖ ਦੀ ਉਸ ਉਪਰ ਕ੍ਰਿਪਾ ਹੋ ਜਾਵੇ ਤਾਂ ਉਸ ਨੂੰ ਵੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

## 1.7.2.14 ਉਸਤਤਿ ਮਨ ਮਹਿ ਕਰਿ ਨਿਰੰਕਾਰ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਸਿਫਤ ਸਲਾਹ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਫੁਰਮਾਉਂਦੇ ਹਨ ਕਿ ਸਾਨੂੰ ਆਪਣੇ ਮਨ ਵਿਚ ਪਰਮਾਤਮਾ ਦੀ ਬੇਅੰਤਤਾ ਅਤੇ ਵਿਆਪਕਤਾ ਦੀ ਉਸਤਤ ਕਰਨੀ ਚਾਹੀਦੀ ਹੈ। ਉਸ ਪਰਮਾਤਮਾ ਨੇ ਜੀਵਨ ਵਿਚ ਸਾਨੂੰ ਜੋ ਬਹੁਮੁੱਲੀਆਂ ਦਾਤਾਂ ਦਿੱਤੀਆਂ ਹਨ, ਉਨ੍ਹਾਂ ਕਰਕੇ ਉਹ ਸਾਡੀ ਮਹਿਮਾ ਦਾ ਬੜਾ ਯੋਗ ਕੇਂਦਰ-ਬਿੰਦੂ ਹੈ। ਹਰ ਵਿਅਕਤੀ ਨੂੰ ਸ਼ੁੱਧ ਰਸਨਾ ਨਾਲ ਉਸ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਇਸ ਦੇ ਨਾਲ ਸਾਡਾ ਸਰੀਰ ਅਤੇ ਆਤਮਾ ਬੜੇ ਸੌਖੇ ਰਹਿਣਗੇ। ਸਾਨੂੰ ਆਪਣੀਆਂ ਨਜ਼ਰਾਂ ਨਾਲ ਪਰਮਾਤਮਾ ਦੇ ਵੱਖ-ਵੱਖ ਰੰਗਾਂ ਅਤੇ ਚੋਜਾਂ ਦਾ

ਦੀਦਾਰ ਕਰਨਾ ਚਾਹੀਦਾ ਹੈ। ਜੇ ਅਸੀਂ ਸਾਧੂਆਂ ਦੀ ਸੰਗਤ ਵਿਚ ਰਹਾਂਗੇ ਤਾਂ ਸਾਡੇ ਸਾਰੇ ਸ਼ੰਕੇ ਅਤੇ ਸੰਤਾਪ ਖ਼ਤਮ ਹੋ ਜਾਣਗੇ। ਸਾਨੂੰ ਪਰਮਾਤਮਾ ਦੀ ਮੰਜ਼ਿਲ ਵੱਲ ਨੂੰ ਆਪਣੇ ਕਦਮ ਅੱਗੇ ਵਧਾਉਣੇ ਚਾਹੀਦੇ ਹਨ। ਜੇ ਅਸੀਂ ਥੋੜ੍ਹੇ ਜਿਹੇ ਸਮੇਂ ਵਾਸਤੇ ਵੀ ਪਰਮਾਤਮਾ ਦੇ ਨਾਮ ਨੂੰ ਜਪ ਲਵਾਂਗੇ ਤਾਂ ਸਾਡੇ ਸਾਰੇ ਪਾਪ ਦੂਰ ਹੋ ਜਾਣਗੇ। ਸਾਨੂੰ ਅਜਿਹੇ ਕਰਮ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਪਰਮਾਤਮਾ ਪ੍ਰਸੰਨ ਹੋਵੇ। ਸਾਨੂੰ ਪਰਮਾਤਮਾ ਦੇ ਨਾਮ ਦੀ ਕਥਾ ਸੁਣਨੀ ਚਾਹੀਦੀ ਹੈ। ਜੇ ਅਸੀਂ ਇਹ ਸਭ ਕੁਝ ਕਰ ਲਵਾਂਗੇ ਤਾਂ ਪਰਮਾਤਮਾ ਦੀ ਦਰਗਾਹ ਵਿਚ ਉੱਜਲ ਮੁੱਖ ਨਾਲ ਜਾਵਾਂਗੇ। ਫਿਰ ਸਾਨੂੰ ਜਨਮ ਮਰਨ ਦੇ ਬੰਧਨ ਦਾ ਕੋਈ ਡਰ ਨਹੀਂ ਰਹੇਗਾ।

### 1.7.2.15 ਜਿਉ ਮੰਦਰ ਕਉ ਥਾਮੈ ਥੰਮਨੁ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ ਰੂਪ ਸ਼ਬਦ ਦੀ ਮਹਿਮਾ ਨੂੰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਜਿਵੇਂ ਇਕ ਥੰਮ੍ਹ ਨੇ ਮੰਦਰ (ਮਕਾਨ) ਦੀ ਛੱਤ ਨੂੰ ਸਹਾਰਾ ਦਿੱਤਾ ਹੁੰਦਾ ਹੈ ਇਸੇ ਤਰ੍ਹਾਂ ਗੁਰੂ ਦਾ ਸ਼ਬਦ ਸਾਡੇ ਮਨ ਨੂੰ ਸਹਾਰਾ ਦੇ ਕੇ ਟਿਕਾਉਂਦਾ ਹੈ। ਉਸ ਨੂੰ ਥਿੜਕਣ ਜਾਂ ਡੋਲਣ ਨਹੀਂ ਦਿੰਦਾ। ਜਿਵੇਂ ਪੱਥਰ ਵੀ ਬੇੜੀ ਉਪਰ ਚੜ੍ਹ ਕੇ ਨਦੀ ਤੋਂ ਪਾਰ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਦੇ ਚਰਨਾਂ ਨੂੰ ਪਕੜ ਕੇ ਪ੍ਰਾਣੀ ਸੰਸਾਰ-ਸਮੁੰਦਰ ਨੂੰ ਤੈਰ ਜਾਂਦਾ ਹੈ। ਜਿਵੇਂ ਦੀਪਕ ਦਾ ਪ੍ਰਕਾਸ਼ ਅੰਧਕਾਰ ਨੂੰ ਦੂਰ ਕਰ ਦਿੰਦਾ ਹੈ ਇਸੇ ਤਰ੍ਹਾਂ ਗੁਰੂ ਦੇ ਦਰਸ਼ਨ ਕਰਕੇ ਮਨ ਪ੍ਰਕਾਸ਼ਮਾਨ ਹੋ ਜਾਂਦਾ ਹੈ। ਇਸ ਵਿਚ ਖੇੜਾ ਆ ਜਾਂਦਾ ਹੈ। ਜਿਸ ਤਰ੍ਹਾਂ ਇਕ ਸੜਕ ਦੇ ਆਸਰੇ ਵੱਡੇ-ਵੱਡੇ ਜੰਗਲਾਂ ਵਿਚੋਂ ਪਾਰ ਗੁਜ਼ਰ ਜਾਈਦਾ ਹੈ, ਇਸੇ ਤਰ੍ਹਾਂ ਸਾਧੂਆਂ ਦੇ ਸੰਗ ਮਿਲ ਕੇ ਮਨੁੱਖ ਦੇ ਅੰਦਰਲੀ ਜੋਤੀ ਪ੍ਰਜੱਵਲਿਤ ਹੋ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੈਂ ਉਨ੍ਹਾਂ ਸੰਤਾਂ ਦੀ ਚਰਨ ਧੂੜ ਲੈਣੀ ਲੋਚਦਾ ਹਾਂ ਜਿਹੜੇ ਪਰਮਾਤਮਾ ਦੇ ਦਰਸ਼ਨ ਕਰਵਾ ਸਕਦੇ ਹਨ। ਗੁਰੂ ਜੀ ਅਜਿਹੇ ਸੰਤਾਂ ਨੂੰ ਮਿਲਣ ਦੀ ਲੋਚਾ ਕਰਦੇ ਹਨ।

### 1.7.2.16 ਜਾ ਕੀ ਲੀਲਾ ਕੀ ਮਿਤਿ ਨਾਹਿ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਬੇਅੰਤ ਲੀਲ੍ਹਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਸਾਰੇ ਦੇਵਤੇ ਪਰਮਾਤਮਾ ਦੀ ਲੀਲ੍ਹਾ ਜਾਣਨ ਦੀ ਜਗਿਆਸਾ ਕਰਦੇ ਹੋਏ ਥੱਕ ਗਏ ਹਨ ਪਰੰਤੂ ਉਹ ਵੀ ਉਸ ਦੀ ਲੀਲ੍ਹਾ ਨੂੰ ਨਹੀਂ ਸਮਝ ਸਕੇ। ਜਿਵੇਂ ਇਕ ਪੁੱਤਰ ਪਿਤਾ ਦੇ ਜਨਮ ਬਾਰੇ ਕੁਝ ਨਹੀਂ ਜਾਣ ਸਕਦਾ, ਇਸੇ ਤਰ੍ਹਾਂ ਇਸ ਦੁਨੀਆਂ ਦੇ ਸਾਰੇ ਲੋਕ ਆਪਣੇ ਸਿਰਜਕ ਪਰਮਾਤਮਾ ਬਾਰੇ ਕੁਝ ਨਹੀਂ ਜਾਣ ਸਕਦੇ। ਉਸ ਪਰਮਾਤਮਾ ਨੇ ਸਾਰੀ ਦੁਨੀਆਂ ਨੂੰ ਆਪਣੇ ਸੂਤਰ ਵਿਚ ਬੰਨ੍ਹ ਰੱਖਿਆ ਹੈ। ਉਹ ਪਰਮਾਤਮਾ ਸਾਰੇ ਜੀਵਾਂ ਨੂੰ ਚੰਗੀ ਮਤ, ਗਿਆਨ ਅਤੇ ਧਿਆਨ ਪ੍ਰਦਾਨ ਕਰਦਾ ਹੈ। ਉਸ ਦਾ ਸਿਮਰਨ ਕਰਨਾ ਸਾਡਾ ਸਭ ਦਾ ਫਰਜ਼ ਹੈ। ਉਸ ਨੇ ਸਾਰੀ ਦੁਨੀਆਂ ਨੂੰ ਆਪਣੇ ਤਿੰਨ ਗੁਣਾਂ (ਰਜੋ, ਸਤੋ, ਤਮੋ) ਵਿਚ ਭਰਮਾ ਕੇ ਰੱਖਿਆ ਹੋਇਆ ਹੈ। ਜੀਵ ਇਸ ਸੰਸਾਰ ਵਿਚ ਜਨਮ ਲੈਂਦਾ ਹੈ, ਚਲਾ ਜਾਂਦਾ ਹੈ ਅਤੇ ਫਿਰ ਆ ਜਾਂਦਾ ਹੈ। ਉਹ ਊਚ ਨੀਚ ਵਿਚ ਕੋਈ ਵਿਤਕਰਾ ਨਹੀਂ ਰੱਖਦਾ। ਸਭ ਉੱਤੇ ਇਕੋ ਜਿਹਾ ਮਿਹਰਬਾਨ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ

ਜਿਵੇਂ ਉਸ ਦੀ ਰਜ਼ਾ ਹੋਵੇ, ਉਸੇ ਤਰ੍ਹਾਂ ਚਲਣਾ ਚਾਹੀਦਾ ਹੈ।

### 1.7.2.17 ਠਾਕੁਰ ਕਾ ਸੇਵਕੁ ਆਗਿਆਕਾਰੀ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਵਿਅਕਤੀ ਨੂੰ ਆਪਣੇ ਮਾਲਕ ਪਰਮਾਤਮਾ ਦੀ ਸੇਵਾ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਅਨੁਸਾਰ ਜਿਵੇਂ ਇਕ ਮਾਲਕ ਦਾ ਨੌਕਰ ਉਸ ਦਾ ਆਗਿਆਕਾਰੀ ਹੁੰਦਾ ਹੈ, ਉਸੇ ਤਰ੍ਹਾਂ ਵਿਅਕਤੀ ਨੂੰ ਵੀ ਪਰਮਾਤਮਾ ਦੀ ਆਗਿਆ ਵਿਚ ਰਹਿਣਾ ਚਾਹੀਦਾ ਹੈ। ਵਿਅਕਤੀ ਨੂੰ ਪਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ। ਵਿਅਕਤੀ ਦੇ ਦਿਲ ਵਿਚ ਪਰਮਾਤਮਾ ਪ੍ਰਤੀ ਸੱਚੀ ਸ਼ਰਧਾ ਅਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਪਰਮਾਤਮਾ ਦੇ ਸ਼ਰਧਾਲੂ ਵਿਅਕਤੀ ਦਾ ਮਨ ਨਿਰਮਲ ਹੋਣਾ ਚਾਹੀਦਾ ਹੈ। ਪਰਮਾਤਮਾ ਦੇ ਸੇਵਕ ਨੂੰ ਚਾਹੀਦਾ ਹੈ ਕਿ ਉਹ ਪਰਮਾਤਮਾ ਨੂੰ ਸਦਾ ਆਪਣੇ ਅੰਗ ਸੰਗ ਸਮਝੇ। ਪਰਮਾਤਮਾ ਦਾ ਸੇਵਕ ਨਾਮ ਦੀ ਰੰਗਣ ਵਿਚ ਰੰਗਿਆ ਰਹਿੰਦਾ ਹੈ। ਪਰਮਾਤਮਾ ਆਪਣੇ ਸੇਵਕਾਂ ਦੀ ਸਦਾ ਪਾਲਣਾ ਕਰਦਾ ਹੈ। ਉਹ ਉਨ੍ਹਾਂ ਦੀ ਹਰ ਥਾਂ ਰਾਖੀ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਪਰਮਾਤਮਾ ਦਾ ਅਸਲ ਵਿਚ ਸੇਵਕ ਉਹੀ ਹੈ ਜਿਸ ਉਪਰ ਪਰਮਾਤਮਾ ਮਿਹਰਬਾਨੀ ਕਰੇ। ਉਹ ਸੇਵਕ ਪਰਮਾਤਮਾ ਨੂੰ ਹਰ ਸਾਹ ਨਾਲ ਯਾਦ ਰੱਖਦਾ ਹੈ।

**1.7.2.1 ਤੋਂ ਲੈ ਕੇ 1.7.2.17 ਤਕ ਦੀਆਂ ਪਉੜੀਆਂ ਜਾਂ ਇਹਨਾਂ ਸਿਰਲੇਖਾਂ ਵਾਲੀਆਂ ਰਚਨਾਵਾਂ ਦਾ ਸਬੰਧ 'ਸੁਖਮਨੀ ਸਾਹਿਬ' ਨਾਲ ਹੈ, 'ਸੁਖਮਨੀ ਸਾਹਿਬ' ਗੁਰੂ ਅਰਜਨ ਦੇਵ ਜੀ ਦੀ ਇਕ ਵੱਡ-ਆਕਾਰੀ ਰਚਨਾ ਹੈ। ਇਸ ਵਿਚ ਕੁਲ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ ਅੱਠ-ਅੱਠ ਪਦ ਜਾਂ ਪਉੜੀਆਂ ਹਨ। ਹਰ ਅਸ਼ਟਪਦੀ ਤੋਂ ਪਹਿਲਾਂ ਇਕ ਸਲੋਕ ਵੀ ਦਿੱਤਾ ਗਿਆ ਹੈ। ਇਸ ਰਚਨਾ ਦਾ ਸਮੁੱਚਾ ਸਾਰ ਜਾਂ ਉਦੇਸ਼ ਰਹਾਉ ਦੀਆਂ ਇਹਨਾਂ ਪੰਕਤੀਆਂ ਵਿਚ ਦਿੱਤਾ ਗਿਆ ਹੈ :**

**ਸੁਖਮਨੀ ਸੁਖ ਅੰਮ੍ਰਿਤ ਪ੍ਰਭੂ ਨਾਮ**
**ਭਗਤ ਜਨਾ ਕੇ ਮਨਿ ਬਿਸ੍ਰਾਮ**

**ਇਸ ਤਰ੍ਹਾਂ, ਇਸ ਰਚਨਾ ਵਿਚ ਮੂਲ ਰੂਪ ਵਿਚ ਪ੍ਰਭੂ ਦੇ ਨਾਮ ਰੂਪੀ ਅੰਮ੍ਰਿਤ ਨੂੰ ਸੇਵਨ ਕਰਨ ਦਾ ਮਹੱਤਵ, ਵਿਧੀ ਅਤੇ ਸੇਵਨ ਕਰਨ ਵਾਲੇ ਭਗਤ, ਸੰਤ, ਜੀਵਨ ਮੁਕਤ, ਬ੍ਰਹਮ ਗਿਆਨੀ, ਸਾਧ ਆਦਿ ਦੀ ਉੱਚ ਅਵਸਥਾ ਦਾ ਵਰਣਨ ਹੋਇਆ ਹੈ।**

### 1.7.3 ਪ੍ਰਸੰਗ ਸਹਿਤ ਵਿਆਖਿਆ ਕਰੋ :

**ਬ੍ਰਹਮ ਗਿਆਨੀ ਸਦਾ ਨਿਰਲੇਪ ॥**
**ਜੈਸੇ ਜਲ ਮਹਿ ਕਮਲ ਅਲੇਪ ॥**

**ਬ੍ਰਹਮ ਗਿਆਨੀ ਸਦਾ ਨਿਰਦੋਖ ॥**
**ਜੈਸੇ ਸੂਰ ਸਰਬ ਕਉ ਸੋਖ ॥**

ਵਿਚਾਰ ਅਧੀਨ ਪੰਕਤੀਆਂ ਗੁਰੂ ਅਰਜਨ ਦੇਵ ਰਚਿਤ ਬਾਣੀ **'ਸੁਖਮਨੀ ਸਾਹਿਬ'** ਵਿਚੋਂ ਲਈਆਂ ਗਈਆਂ ਹਨ। ਇਸ ਬਾਣੀ ਦੀਆਂ ਕੁਝ ਚੋਣਵੀਆਂ ਪਉੜੀਆਂ ਨੂੰ **ਡਾ. ਮਾਨ ਸਿੰਘ ਢੀਂਡਸਾ** ਅਤੇ **ਡਾ. ਗੁਰਸ਼ਰਨ ਕੌਰ ਜੱਗੀ** ਨੇ **ਪੰਜਾਬੀ ਕਾਵਿ ਸੰਗ੍ਰਹਿ** ਵਿਚ ਸੰਪਾਦਿਤ ਕੀਤਾ ਹੈ। ਇਸ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਮਨ ਦੀ ਸੁਖ-ਸ਼ਾਂਤੀ ਸੰਬੰਧੀ ਆਪਣੇ ਵਿਚਾਰ ਵਿਅਕਤ ਕੀਤੇ ਹਨ।

ਇਨ੍ਹਾਂ ਪੰਕਤੀਆਂ ਵਿਚ ਗੁਰੂ ਜੀ ਬ੍ਰਹਮ ਗਿਆਨੀ ਦੀ ਅਵਸਥਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਜਿਵੇਂ ਕੰਵਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੋਇਆ ਵੀ ਪਾਣੀ ਦੀਆਂ ਲਹਿਰਾਂ ਤੋਂ ਅਭਿੱਜ ਰਹਿੰਦਾ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨੀ ਮਾਇਆ ਵਿਚ ਰਹਿੰਦਾ ਹੋਇਆ ਵੀ ਇਸ ਤੋਂ ਨਿਰਲੇਪ ਰਹਿੰਦਾ ਹੈ। ਬ੍ਰਹਮ ਗਿਆਨੀ ਕਿਸੇ ਨਾਲ ਦਵੈਖ-ਭਾਵ ਨਹੀਂ ਕਰਦਾ, ਹਰ ਕਿਸੇ ਨਾਲ ਇਕੋ ਜਿਹਾ ਵਿਵਹਾਰ ਕਰਦਾ ਹੈ, ਜਿਵੇਂ ਸੂਰਜ ਹਰ ਕਿਸੇ ਨੂੰ ਇਕੋ ਜਿਹਾ ਨਿੱਘ ਅਤੇ ਰੌਸ਼ਨੀ ਦਿੰਦਾ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨੀ ਵੀ ਹਰ ਇਕ ਨਾਲ ਇਕੋ ਜਿਹਾ ਵਿਵਹਾਰ ਕਰਦਾ ਹੈ। ਇਨ੍ਹਾਂ ਪੰਕਤੀਆਂ ਰਾਹੀਂ ਗੁਰੂ ਜੀ ਬ੍ਰਹਮ ਗਿਆਨੀ ਦੇ ਗੁਣ-ਲੱਛਣ ਬਿਆਨ ਕਰਕੇ ਆਮ ਆਦਮੀ ਨੂੰ ਉਹੋ ਜਿਹੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਕਰਦੇ ਹਨ।

ਗੁਰੂ ਅਰਜਨ ਦੇਵ ਜੀ ਬੜੀ ਸਰਲ ਅਤੇ ਵਿਆਖਿਆਤਮਕ ਸ਼ੈਲੀ ਦੁਆਰਾ ਅਧਿਆਤਮਿਕ ਮਸਲਿਆਂ ਬਾਰੇ ਚਰਚਾ ਕਰ ਰਹੇ ਹਨ। ਆਵੱਸ਼ਕਤਾ ਅਨੁਸਾਰ ਅਲੰਕਾਰਾਂ ਅਤੇ ਬਿੰਬਾਂ ਆਦਿਕ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਸਮੁੱਚੀ ਬਾਣੀ 'ਗਾਉੜੀ' ਰਾਗ ਵਿਚ ਰਚੀ ਗਈ ਹੈ। ਸੰਗੀਤ ਅਤੇ ਛੰਦ ਦੀ ਦ੍ਰਿਸ਼ਟੀ ਤੋਂ ਵੀ ਇਹ ਰਚਨਾ ਬੜੀ ਮਹਾਨ ਅਤੇ ਪ੍ਰਭਾਵਸ਼ਾਲੀ ਹੈ।

**ਪ੍ਰਸ਼ਨ: ਇਸ ਪਾਠ ਵਿਚ ਗੁਰੂ ਅਰਜਨ ਦੇਵ ਜੀ ਦੀ ਜੋ ਬਾਣੀ ਵਿਚਾਰੀ ਗਈ ਹੈ, ਉਹ ਕਿੰਨੇ ਸਿਰਲੇਖਾਂ ਹੇਠਾਂ ਦਰਜ ਹੈ।**

**ਉੱਤਰ : 17**

**ਪਾਠ ਨੰ. : 1.8**

# (ਅ) ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ-ਅ

## ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ

### 1.8.1.1 ਜਿਹਬਾ ਏਕ ਉਸਤਤਿ ਅਨੇਕ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਵਡਿਆਈ ਕਰਦੇ ਹੋਏ ਲਿਖਦੇ ਹਨ ਉਹ ਪਰਮਾਤਮਾ ਬੜਾ ਮਹਾਨ ਅਤੇ ਬੇਅੰਤ ਹੈ। ਕੋਈ ਵੀ ਵਿਅਕਤੀ ਆਪਣੀ ਇਕ ਜੀਭ ਨਾਲ ਉਸ ਦੀ ਮਹਿਮਾ ਨੂੰ ਬਿਆਨ ਨਹੀਂ ਕਰ ਸਕਦਾ। ਉਹ ਪਰਮਾਤਮਾ ਸੰਪੂਰਨ ਗਿਆਨ ਹੈ, ਸਤਿ ਪੁਰਖ ਹੈ। ਉਸ ਪਰਮਾਤਮਾ ਤੱਕ ਕਿਸੇ ਵਿਅਕਤੀ ਦਾ ਜ਼ੋਰ ਨਹੀਂ ਚਲਦਾ। ਉਸ ਪਰਮਾਤਮਾ ਤੱਕ ਨਾ ਕੋਈ ਪਹੁੰਚ ਸਕਦਾ ਹੈ ਅਤੇ ਨਾ ਹੀ ਉਸ ਨੂੰ ਦੇਖਿਆ ਜਾ ਸਕਦਾ ਹੈ। ਉਹ ਪਰਮਾਤਮਾ ਨਿਰਾਹਾਰ ਰਹਿੰਦਾ ਹੈ। ਉਹ ਕਿਸੇ ਨਾਲ ਵੈਰ ਵਿਰੋਧ ਨਹੀਂ ਕਰਦਾ ਅਤੇ ਉਹ ਸੁੱਖ ਪ੍ਰਦਾਨ ਕਰਨ ਵਾਲਾ ਹੈ। ਉਸ ਦੀ ਕੀਮਤ ਨੂੰ ਪਾਉਣਾ ਬਹੁਤ ਕਠਿਨ ਹੈ। ਅਨੇਕਾਂ ਭਗਤ ਹਰ ਰੋਜ਼ ਉਸ ਦੀ ਬੰਦਗੀ ਕਰਦੇ ਹਨ। ਉਸ ਦੇ ਚਰਨ-ਕਮਲਾਂ ਨੂੰ ਆਪਣੇ ਦਿਲਾਂ ਵਿਚ ਸੰਭਾਲਦੇ ਹਨ। ਮੈਂ ਆਪਣੇ ਸਤਿਗੁਰੂ ਤੋਂ ਹਰ ਰੋਜ਼ ਬਲਿਹਾਰ ਜਾਂਦਾ ਹਾਂ ਜਿਸ ਨੇ ਮੈਨੂੰ ਪਰਮਾਤਮਾ ਦਾ ਸਿਮਰਨ ਕਰਨ ਦੀ ਵਿਧੀ ਸਮਝਾਈ ਹੈ।

### 1.8.1.2 ਗੁਰ ਕੀ ਮਤਿ ਤੂੰ ਲੇਹਿ ਇਆਨੇ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਵਿਅਕਤੀ ਨੂੰ ਸਮਝਾਉਂਦੇ ਹਨ ਕਿ ਹੇ ਅਣਜਾਣ ਵਿਅਕਤੀ ! ਤੂੰ ਗੁਰੂ ਦੀ ਮਤਿ ਨੂੰ ਗ੍ਰਹਿਣ ਕਰ। ਭਗਤੀ ਤੋਂ ਬਿਨਾਂ ਬਹੁਤ ਸਿਆਣੇ-ਸਿਆਣੇ ਵਿਅਕਤੀ ਡੁੱਬ ਕੇ ਮਰ ਗਏ ਹਨ। ਹੇ ਮੇਰੇ ਮਨ ਦੇ ਮੀਤ ! ਤੂੰ ਹਰੀ ਦੀ ਭਗਤੀ ਕਰ। ਇਸ ਨਾਲ ਤੇਰਾ ਮਨ ਨਿਰਮਲ ਹੋ ਜਾਵੇਗਾ। ਤੂੰ ਆਪਣੇ ਮਨ ਵਿਚ ਪਰਮਾਤਮਾ ਦੇ ਚਰਨ-ਕਮਲਾਂ ਨੂੰ ਟਿਕਾ ਕੇ ਰੱਖ। ਇਸ ਨਾਲ ਤੇਰੇ ਜਨਮ ਮਰਨ ਦੇ ਪਾਪ ਕੱਟੇ ਜਾਣਗੇ। ਨਾ ਕੇਵਲ ਤੂੰ ਆਪ ਹੀ ਪਰਮਾਤਮਾ ਦਾ ਨਾਮ ਜਪ ਬਲਕਿ ਆਪਣੇ ਸੰਪਰਕ ਵਿਚ ਆਉਣ ਵਾਲੇ ਹੋਰ ਲੋਕਾਂ ਨੂੰ ਵੀ ਨਾਮ ਜਪਣ ਦੀ ਪ੍ਰੇਰਨਾ ਦੇ। ਪਰਮਾਤਮਾ ਦਾ ਨਾਮ ਸਿਮਰਦਿਆਂ ਹੋਇਆਂ ਅਤੇ ਸੁਣਦਿਆਂ ਹੋਇਆਂ ਤੇਰਾ ਪਾਰ ਉਤਾਰਾ ਹੋ ਜਾਵੇਗਾ। ਪਰਮਾਤਮਾ ਦਾ ਨਾਮ ਦੁਨੀਆਂ ਦੇ ਹੋਰ ਸਾਰੇ ਪਦਾਰਥਾਂ ਤੋਂ ਚੰਗਾ ਅਤੇ ਸ੍ਰੇਸ਼ਠ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਾਨੂੰ ਸਹਿਜ-ਸੁਭਾ ਹੀ ਪਰਮਾਤਮਾ ਦੇ ਨਾਮ ਨਾਲ ਜੁੜੇ ਰਹਿਣਾ ਚਾਹੀਦਾ ਹੈ।

### 1.8.1.3 ਸਰਬ ਬੈਕੁੰਠ ਮੁਕਤਿ ਮੋਖ ਪਾਏ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਸਿਮਰਨ ਦੇ ਮਹੱਤਵ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਜਿਹੜਾ ਵਿਅਕਤੀ ਇਕ ਪਲ ਲਈ ਵੀ

ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰ ਲੈਂਦਾ ਹੈ, ਉਸ ਨੂੰ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਸੁਰਗਾਂ ਵਿਚ ਉਸ ਦਾ ਨਿਵਾਸ ਹੋ ਜਾਂਦਾ ਹੈ। ਜਿਹੜਾ ਵਿਅਕਤੀ ਪਰਮਾਤਮਾ ਦੇ ਨਾਮ ਦੀ ਕਥਾ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ, ਉਸ ਨੂੰ ਰਾਜ-ਭਾਗ ਅਤੇ ਵਡਿਆਈ ਪ੍ਰਾਪਤ ਹੋ ਜਾਂਦੀ ਹੈ। ਜਿਸ ਵਿਅਕਤੀ ਦੀ ਰਸਨਾ ਹਰ ਰੋਜ਼ ਪਰਮਾਤਮਾ ਦੇ ਨਾਮ ਦਾ ਜਾਪ ਕਰਦੀ ਹੈ। ਉਸ ਨੂੰ ਤਰ੍ਹਾਂ ਤਰ੍ਹਾਂ ਦੇ ਭੋਜਨ, ਕੱਪੜੇ ਅਤੇ ਮਨੋਰੰਜਨ ਦੇ ਅਨੇਕ ਸਾਧਨ ਪ੍ਰਾਪਤ ਹੋ ਜਾਂਦੇ ਹਨ। ਜਿਸ ਵਿਅਕਤੀ ਦੇ ਦਿਲ ਵਿਚ ਗੁਰੂ ਦਾ ਮੰਤਰ ਪੱਕੀ ਤਰ੍ਹਾਂ ਵੱਸ ਜਾਂਦਾ ਹੈ ਉਸ ਦੀ ਕਰਨੀ ਬੜੀ ਮਹਾਨ ਹੋ ਜਾਂਦੀ ਹੈ ਅਤੇ ਉਸ ਦੀ ਸ਼ੋਭਾ ਬੜੀ ਦੂਰ-ਦੂਰ ਤੱਕ ਫੈਲ ਜਾਂਦੀ ਹੈ। ਗੁਰੂ ਜੀ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ ਕਿ ਮੈਨੂੰ ਸਾਧ ਸੰਗਤ ਵਿਚ ਨਿਵਾਸ ਬਖ਼ਸ਼ੋ। ਇਸ ਦੇ ਨਾਲ ਸਰਬ ਸੁੱਖਾਂ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਮਨ ਵਿਚ ਗਿਆਨ ਦਾ ਪ੍ਰਕਾਸ਼ ਫੈਲ ਜਾਵੇਗਾ।

### 1.8.1.4 ਸਹ ਆਪ ਰਚਿਓ ਪਰਪੰਚੁ ਆਕਾਰੁ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਲੀਲ੍ਹਾ ਨੂੰ ਬਿਆਨ ਕਰਦੇ ਹਨ। ਆਪ ਅਨੁਸਾਰ ਪਰਮਾਤਮਾ ਨੇ ਆਪ ਇਸ ਸ੍ਰਿਸ਼ਟੀ ਦਾ ਪ੍ਰਪੰਚ ਰਚਿਆ ਹੈ ਅਤੇ ਇਸ ਵਿਚ ਤਿੰਨ ਗੁਣ (ਰਜੋ, ਸਤੋ ਅਤੇ ਤਮੋ) ਭਰਕੇ ਇਸ ਦਾ ਵਿਸਤਾਰ ਕੀਤਾ ਹੈ। ਉਸ ਨੇ ਇਸ ਦੁਨੀਆਂ ਵਿਚ ਪਾਪ ਅਤੇ ਪੁੰਨ ਪੈਦਾ ਕੀਤੇ ਹਨ ਅਤੇ ਕਿਸੇ ਵਿਅਕਤੀ ਨੂੰ ਸੁਰਗ ਅਤੇ ਕਿਸੇ ਨੂੰ ਨਰਕ ਵਿਚ ਵੀ ਉਹੀ ਪਰਮਾਤਮਾ ਭੇਜਦਾ ਹੈ। ਉਸੇ ਪਰਮਾਤਮਾ ਨੇ ਸਾਡੇ ਆਸ-ਪਾਸ ਮਾਇਆ ਜਾਲ ਵਿਛਾ ਛੱਡਿਆ ਹੈ। ਇਸ ਮਾਇਆ ਜਾਲ ਦੀ ਹਉਮੈ ਅਤੇ ਭਰਮ-ਭੁਲੇਖਿਆਂ ਵਿਚ ਫਸ ਕੇ ਜੀਵ ਖੁਆਰ ਹੁੰਦਾ ਰਹਿੰਦਾ ਹੈ। ਉਹ ਦੁੱਖ, ਪਾਪ, ਮਾਨ ਅਤੇ ਅਪਮਾਨ ਦੀ ਇਸ ਦੁਨਿਆਵੀ ਖੇਡ ਵਿਚ ਫਸਿਆ ਰਹਿੰਦਾ ਹੈ। ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਦਾ ਤਮਾਸ਼ਾ ਆਪ ਰਚਿਆ ਹੈ ਅਤੇ ਉਹ ਦੁਨੀਆਂ ਵਿਚ ਰਹਿਣ ਵਾਲੇ ਲੋਕਾਂ ਦਾ ਤਮਾਸ਼ਾ ਵੇਖਦਾ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਦੋਂ ਉਸ ਦੀ ਇੱਛਾ ਹੋਵੇਗੀ ਤਾਂ ਉਹ ਆਪਣੇ ਖੇਲ-ਤਮਾਸ਼ੇ ਨੂੰ ਸੰਕੇਤ ਦੇਵੇਗਾ ਅਤੇ ਫਿਰ ਤੋਂ ਕੇਵਲ ਇੱਕ ਰਹਿ ਜਾਵੇਗਾ।

### 1.8.1.5 ਸਾਧ ਸੰਗਿ ਮਿਲਿ ਕਰਹੁ ਅਨੰਦ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਵਿਅਕਤੀ ਨੂੰ ਸਾਧ ਸੰਗਤ ਵਿਚ ਮਿਲ ਬੈਠਣ ਦੀ ਪ੍ਰੇਰਨਾ ਕਰਦੇ ਹਨ। ਆਪ ਅਨੁਸਾਰ ਸਾਧ ਸੰਗਤ ਵਿਚ ਜਾਣ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਉਥੇ ਪਰਮਾਤਮਾ ਦੇ ਗੁਣਾਂ ਅਤੇ ਵਡਿਆਈ ਦਾ ਗਾਇਨ ਕੀਤਾ ਜਾਂਦਾ ਹੈ। ਸਾਧ ਸੰਗਤ ਵਿਚ ਰਾਮ ਨਾਮ ਦੀ ਮਹਿਮਾ ਬਾਰੇ ਵਿਚਾਰ ਹੁੰਦਾ ਹੈ ਜਿਸ ਨਾਲ ਮਨੁੱਖ ਨੂੰ ਮਿਲੀ ਦੁਰਲੱਭ ਦੇਹੀ ਦਾ ਕਲਿਆਣ ਹੋ ਜਾਂਦਾ ਹੈ। ਉਥੇ ਅੰਮ੍ਰਿਤ ਬਚਨ ਨਾਲ ਪਰਮਾਤਮਾ ਦੇ ਗੁਣ ਗਾਏ ਜਾਂਦੇ ਹਨ। ਇਸ ਪੁੰਨ ਕਾਰਜ ਨਾਲ ਵਿਅਕਤੀ ਦਾ ਸੰਸਾਰ-ਸਮੁੰਦਰ ਨੂੰ ਪਾਰ ਲੰਘ ਜਾਣ ਦਾ ਸਾਮਾਨ ਤਿਆਰ ਹੋ ਜਾਂਦਾ ਹੈ। ਜਿਹੜਾਂ ਵਿਅਕਤੀ ਦਿਨ ਦੇ ਅੱਠੇ ਪਹਿਰ ਹਨ੍ਹੇਰੇ ਵਿਚ ਭਟਕਦਾ ਰਹਿੰਦਾ ਹੋਵੇ, ਉਸ ਨੂੰ ਚਾਹੀਦਾ ਹੈ ਕਿ ਉਹ ਸਾਧ-ਸੰਗਤ ਵਿਚ ਜਾਵੇ। ਇਸ ਨਾਲ ਉਸ ਦੇ ਮਨ ਦਾ ਹਨ੍ਹੇਰਾ ਮਿਟ ਜਾਵੇਗਾ ਅਤੇ ਗਿਆਨ ਦਾ ਪ੍ਰਕਾਸ਼ ਹੋ ਜਾਵੇਗਾ। ਜੋ ਵਿਅਕਤੀ ਸਾਧ ਸੰਗਤ ਵਿਚ ਸੁਣੇ ਉਪਦੇਸ਼ਾਂ ਨੂੰ ਆਪਣੇ ਮਨ ਵਿਚ ਵਸਾ ਲੈਂਦਾ

ਹੈ, ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਉਸ ਨੂੰ ਮਨਚਾਹੇ ਫਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

### 1.8.1.6 ਬੇਦ ਪੁਰਾਨ ਸਿੰਮ੍ਰਿਤ ਮਹਿ ਦੇਖ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਸਰੂਪ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਆਪ ਫੁਰਮਾਉਂਦੇ ਹਨ ਕਿ ਚਾਹੇ ਵੇਦ, ਪੁਰਾਣ ਜਾਂ ਸਿਮ੍ਰਤੀ ਖੋਲ੍ਹ ਕੇ ਵੇਖ ਲਓ, ਉਹ ਪਰਮਾਤਮਾ ਸਾਰੇ ਸੂਰਜਾਂ, ਚੰਦਰਮਾਵਾਂ ਅਤੇ ਨਛੱਤਰਾਂ ਵਿਚ ਇੱਕ ਹੀ ਹੈ। ਸਾਰੇ ਜੀਵ ਜੰਤੂ ਅਤੇ ਚੰਦ-ਤਾਰੇ ਉਸੇ ਦੀ ਬਾਣੀ ਦਾ ਗਾਇਨ ਕਰ ਰਹੇ ਹਨ। ਉਹ ਪਰਮਾਤਮਾ ਸਦਾ ਅਡੋਲ ਰਹਿੰਦਾ ਹੈ ਅਤੇ ਕਦੇ ਵੀ ਥਿੜਕਦਾ ਜਾਂ ਡੋਲਦਾ ਨਹੀਂ ਹੈ। ਉਹ ਆਪਣੀ ਸਿਰਜਣ ਕਲਾ ਦੇ ਮਾਧਿਅਮ ਦੁਆਰਾ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ ਅਤੇ ਫਿਰ ਇਸ ਨੂੰ ਖੇਡ-ਤਮਾਸ਼ੇ ਦਾ ਰੂਪ ਦੇ ਦਿੰਦਾ ਹੈ। ਉਸ ਦੇ ਗੁਣ ਅਤੇ ਦਾਤਾਂ ਬੜੀਆਂ ਅਨਮੋਲ ਹਨ। ਇਨ੍ਹਾਂ ਨੂੰ ਕਿਸੇ ਨਾਲ ਮੇਚਿਆ ਨਹੀਂ ਜਾ ਸਕਦਾ। ਸਾਰੇ ਜੀਵਾਂ ਦੀਆਂ ਜੋਤਾਂ ਵਿਚ ਉਸੇ ਇਕ ਪਰਮਾਤਮਾ ਦੀ ਜੋਤ ਜਗ ਰਹੀ ਹੈ ਅਤੇ ਸਾਰੇ ਜੀਵਾਂ ਦੀ ਹੋਂਦ ਵਿਚ ਉਹੀ ਪਰਮਾਤਮਾ ਰਮਿਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਰਮਾਤਮਾ ਨੇ ਹੀ ਇਹ ਸਾਰੀ ਲੀਲ੍ਹਾ ਰਚੀ ਹੋਈ ਹੈ ਅਤੇ ਉਸ ਤੋਂ ਬਿਨ੍ਹਾਂ ਕੋਈ ਦੂਸਰਾ ਇਸ ਸ੍ਰਿਸ਼ਟੀ ਦਾ ਸਿਰਜਕ ਨਹੀਂ ਹੈ।

**1. ਤਿੰਨ ਗੁਣ ਰਜੋ, ਸਤੋ ਅਤੇ ਤਮੋ ਹਨ।**
**2. ਵੇਦਾਂ ਦੀ ਗਿਣਤੀ ਚਾਰ ਹੈ-ਰਿਗ, ਸਾਮ, ਯਜੁਰ, ਅਥਰਵ।**
**3. ਪੁਰਾਣ ਅਤੇ ਸਿਮ੍ਰਤੀਆਂ ਧਾਰਮਿਕ ਗ੍ਰੰਥ ਹਨ।**

### 1.8.1.7 ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ

ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ 'ਸੁਖਮਨੀ' ਦੇ ਸੰਕਲਪ ਨਾਲ ਸੰਬੰਧਿਤ ਆਪਣੇ ਵਿਚਾਰਾਂ ਦਾ ਸਾਰ-ਤੱਤ ਪੇਸ਼ ਕਰਦੇ ਹਨ। ਆਪ ਅਨੁਸਾਰ ਜਿਸ ਵਿਅਕਤੀ ਦੇ ਮਨ ਵਿਚ ਉਹ ਪਰਮਾਤਮਾ ਵੱਸ ਜਾਂਦਾ ਹੈ ਅਤੇ ਜਿਸ ਨਾਲ ਉਸ ਦੀ ਪ੍ਰੀਤ ਪੱਕੀ ਹੋ ਜਾਂਦੀ ਹੈ, ਉਸ ਨੂੰ ਪਰਮਾਤਮਾ ਦਾ ਨਾਮ ਸਦਾ ਯਾਦ ਰਹਿੰਦਾ ਹੈ ਅਤੇ ਉਹ ਸਦਾ ਉਸ ਦਾ ਨਾਮ ਜਪਦਾ ਰਹਿੰਦਾ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਅਜਿਹੇ ਵਿਅਕਤੀ ਦੀ ਆਵਾਗਵਣ ਦੀ ਖੇਡ ਸਮਾਪਤ ਹੋ ਜਾਂਦੀ ਹੈ ਅਤੇ ਉਸ ਦਾ ਉੱਦਾਰ ਹੋ ਜਾਂਦਾ ਹੈ। ਉਸ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਪਰਮਾਤਮਾ ਦੀ ਸ਼ੋਭਾ ਬੜੀ ਨਿਰਮਲ ਹੈ ਅਤੇ ਉਸ ਦੀ ਬਾਣੀ ਅੰਮ੍ਰਿਤ ਰੂਪ ਹੈ। ਉਸ ਦੇ ਇਕੋ ਨਾਮ ਨੂੰ ਆਪਣੇ ਮਨ ਵਿਚ ਵਸਾ ਲੈਣਾ ਚਾਹੀਦਾ ਹੈ। ਇਸ ਨੂੰ ਮਨ ਵਿਚ ਵਸਾ ਲੈਣ ਤੇ ਤੁਹਾਡੇ ਸਭ ਭਰਮ-ਭੁਲੇਖੇ, ਦੁੱਖ ਅਤੇ ਰੋਗ ਦੂਰ ਹੋ ਜਾਣਗੇ। ਤੁਸੀਂ ਸੰਤਾਂ ਵਰਗੇ ਸ੍ਰੇਸ਼ਠ ਬਣ ਜਾਵੋਗੇ ਅਤੇ ਤੁਹਾਡੇ ਸਾਰੇ ਕਰਮ ਨਿਰਮਲ ਹੋ ਜਾਣਗੇ। ਪਰਮਾਤਮਾ ਦਾ ਨਾਮ ਵਿਅਕਤੀ ਨੂੰ ਸਭ ਤੋਂ ਉੱਚਾ ਅਤੇ ਸੋਭਾਵੰਤ ਬਣਾ ਦਿੰਦਾ ਹੈ। ਸੁਖਮਨੀ ਸਾਹਿਬ ਵਿਚ

ਪਰਮਾਤਮਾ ਦੇ ਇਸੇ ਗੁਣ ਬਾਰੇ ਵਿਚਾਰ ਕੀਤਾ ਗਿਆ ਹੈ।

### 1.8.1.8 ਊਠਤ ਸੁਖੀਆ ਬੈਠਤ ਸੁਖੀਆ

ਭੈਰਉ ਰਾਗ ਵਿਚ ਰਚੇ ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜਾ ਵਿਅਕਤੀ ਇਕ ਪਰਮਾਤਮਾ ਉੱਤੇ ਟੇਕ ਰੱਖ ਲੈਂਦਾ ਹੈ, ਉਹ ਉੱਠਦਾ ਬੈਠਦਾ ਤੁਰਦਾ-ਫਿਰਦਾ ਹਰ ਸਮੇਂ ਸੁਖੀ ਰਹਿੰਦਾ ਹੈ। ਉਸੇ ਨੂੰ ਕਦੇ ਕਿਸੇ ਦਾ ਭੈਅ ਨਹੀਂ ਸਤਾਉਂਦਾ। ਸਾਡਾ ਇੱਕੋ-ਇੱਕ ਰਖਵਾਲਾ ਉਹੀ ਪਰਮਾਤਮਾ ਹੈ ਅਤੇ ਉਹ ਹਰ ਇਕ ਦੇ ਦਿਲ ਦੀਆਂ ਬੁੱਝਣ ਵਾਲਾ ਹੈ। ਜਿਸ ਘਰ ਵਿਚ ਪਰਮਾਤਮਾ ਦੇ ਨਾਮ ਦਾ ਜਾਪ ਹੁੰਦਾ ਰਹਿੰਦਾ ਹੈ ਅਤੇ ਉਸ ਘਰ ਵਿਚ ਰਹਿਣ ਵਾਲੇ ਲੋਕਾਂ ਨੂੰ ਕੋਈ ਫ਼ਿਕਰ ਨਹੀਂ ਰਹਿੰਦਾ। ਉਹ ਉੱਠਦੇ ਹੀ ਬੇਫ਼ਿਕਰ ਹਨ ਅਤੇ ਸੌਂਦੇ ਵੀ ਬੇਫ਼ਿਕਰ ਹੋ ਕੇ ਹੀ ਹਨ। ਅਜਿਹੇ ਲੋਕਾਂ ਦੇ ਘਰਾਂ ਵਿਚ ਸੁਖ ਰਹਿੰਦਾ ਹੈ ਅਤੇ ਬਾਹਰ ਫਿਰਦੇ ਹੋਏ ਵੀ ਉਹ ਸੁਖੀ ਰਹਿੰਦੇ ਹਨ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਗੁਰੂ ਨੇ ਮੈਨੂੰ ਇਹ ਮੰਤਰ ਦ੍ਰਿੜ ਕਰਵਾ ਦਿੱਤਾ ਹੈ ਕਿ ਪਰਮਾਤਮਾ ਦੇ ਨਾਮ-ਸਿਮਰਨ ਦੁਆਰਾ ਕਦੇ ਕਦੇ ਦੁੱਖ ਜਾਂ ਤਕਲੀਫ਼ ਤੁਹਾਡੇ ਨੇੜੇ ਨਹੀਂ ਆ ਸਕਦੇ।

### 1.8.1.9 ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮ

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ ਦੀ ਵਡਿਆਈ ਕਰਦੇ ਹਨ। ਆਪ ਦੇ ਕਥਨ ਅਨੁਸਾਰ ਪਰਮਾਤਮਾ ਦਾ ਨਾਮ ਬਹੁਤ ਮਹਾਨ ਅਤੇ ਸੁਖਦਾਈ ਹੈ। ਇਸ ਦੁਨੀਆਂ ਵਿਚ ਕੇਵਲ ਉਸ ਦਾ ਨਾਮ ਹੀ ਸੱਚਾ ਅਤੇ ਅਬਿਨਾਸੀ ਹੈ। ਬਾਕੀ ਸਭ ਝੂਠ ਅਤੇ ਨਾਸ਼ਮਾਨ ਹੈ। ਆਪ ਫੁਰਮਾਉਂਦੇ ਹਨ ਕਿ ਪਰਮਾਤਮਾ ਦਾ ਖ਼ੂਬਸੂਰਤ ਨਾਮ ਜਪਣ ਵਾਲੇ ਲੋਕ ਵੀ ਖ਼ੂਬਸੂਰਤ ਬਣ ਜਾਂਦੇ ਹਨ ਪਰੰਤੂ ਜਿਹੜੇ ਲੋਕ ਉਸ ਦਾ ਨਾਮ ਨਹੀਂ ਜਪਦੇ, ਉਹ ਸਭ ਸੁਆਹ ਦੀ ਢੇਰੀ ਵਾਂਗ ਨਿਰਜੀਵ ਅਤੇ ਕੁਹਜੇ ਬਣ ਜਾਂਦੇ ਹਨ। ਗੁਰੂ ਜੀ ਲਿਖਦੇ ਹਨ ਕਿ ਪਰਮਾਤਮਾ ਦੀ ਕੁਦਰਤ ਬੜੀ ਹੈਰਾਨੀਜਨਕ ਹੈ। ਉਸ ਦੀ ਸਿਫ਼ਤ-ਸਲਾਹ ਵੀ ਅਨਮੋਲ ਹੈ। ਉਹ ਪਰਮਾਤਮਾ ਨਿਰਆਸਰਿਆਂ ਦਾ ਆਸਰਾ ਹੈ। ਹਰ ਇਕ ਆਦਮੀ ਉਸੇ ਦੀ ਸ਼ਰਨ ਵਿਚ ਰਹਿੰਦਾ ਹੈ। ਅਜਿਹੇ ਪਰਮਾਤਮਾ ਦਾ ਦਿਨ ਰਾਤ ਜਾਪ ਕਰਨਾ ਚਾਹੀਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਪਰਮਾਤਮਾ ਉਨ੍ਹਾਂ ਉਪਰ ਆਪ ਮਿਹਰਬਾਨ ਹੈ। ਮੇਰੀ ਅਰਦਾਸ ਹੈ ਕਿ ਮੈਂ ਦਿਲ, ਜੀਅ ਅਤੇ ਪ੍ਰਾਣਾਂ ਤੋਂ ਉਸ ਦੀ ਭਗਤੀ ਕਰਾਂ ਅਤੇ ਉਹ ਮੈਨੂੰ ਕਦੇ ਵੀ ਨਾ ਵਿੱਸਰੇ।

### 1.8.1.10 ਸਤਿਗੁਰੁ ਸੇਵਿ ਸਰਬ ਫਲ ਪਾਏ

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਸਤਿਗੁਰੂ ਦੀ ਸੇਵਾ ਕਰਨ ਦਾ ਉਪਦੇਸ਼ ਦਿੰਦੇ ਹਨ। ਆਪ ਫੁਰਮਾਉਂਦੇ ਹਨ ਕਿ ਜਿਹੜਾ ਵਿਅਕਤੀ ਆਪਣੇ ਗੁਰੂ ਦੀ ਸੇਵਾ ਕਰਦਾ ਹੈ ਉਸ ਨੂੰ ਹਰ ਤਰ੍ਹਾਂ ਦੇ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ। ਉਸ ਦੇ ਹਿਰਦੇ ਅਤੇ ਆਤਮਾ ਉਪਰ ਲੱਗੀ ਹੋਈ ਜਨਮਾਂ-ਜਨਮਾਂਤਰਾਂ ਦੀ ਮੈਲ ਉੱਤਰ ਜਾਂਦੀ ਹੈ ਅਤੇ ਉਹ ਨਿਰਮਲ ਹੋ ਜਾਂਦਾ ਹੈ। ਇਸੇ ਕਰਕੇ ਉਸ ਪਰਮਾਤਮਾ ਦਾ ਨਾਮ ਪਤਿਤ-ਪਾਵਨ ਹੈ। ਪਿਛਲੇ ਜਨਮ ਵਿਚ ਕੀਤੇ

ਕਰਮਾਂ ਕਰਕੇ ਹੀ ਵਿਅਕਤੀ ਉਸ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਾ ਹੈ। ਸਾਧੂਆਂ ਦੀ ਸੰਗਤ ਕਰਨ ਨਾਲ ਵਿਅਕਤੀ ਦਾ ਉੱਦਾਰ ਹੋ ਜਾਂਦਾ ਹੈ ਅਤੇ ਪਰਮਾਤਮਾ ਦੇ ਦਰਵਾਜ਼ੇ ਤੇ ਉਸ ਦੀ ਸ਼ੋਭਾ ਹੋਣ ਲਗਦੀ ਹੈ ਜਿਹੜਾ ਵਿਅਕਤੀ ਪ੍ਰਭੂ-ਚਰਨਾਂ ਦੀ ਸੇਵਾ ਕਰਦਾ ਹੈ ਉਸ ਦਾ ਪੂਰਨ ਤੌਰ ਤੇ ਕਲਿਆਣ ਹੋ ਜਾਂਦਾ ਹੈ। ਸਾਰੇ ਦੇਵਤੇ ਅਤੇ ਉੱਤਮ ਪੁਰਸ਼ ਇਸ ਸੇਵਾ ਦੀ ਉਡੀਕ ਵਿਚ ਰਹਿੰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਨ੍ਹਾਂ ਨੇ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਕਰ ਲਿਆ ਹੈ। ਹਰੀ ਦੇ ਨਾਮ ਦਾ ਸਿਮਰਨ ਕਰਨ ਨਾਲ ਸਾਰੀ ਦੁਨੀਆਂ ਦਾ ਉੱਧਾਰ ਹੋ ਗਿਆ ਹੈ।

## 1.8.1.11 ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ

ਰਾਗ ਮਾਝ ਵਿਚ ਲਿਖੇ ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਪ੍ਰਤੀ ਆਪਣੇ ਸਮਰਪਣ-ਭਾਵ ਦਾ ਪ੍ਰਗਟਾਵਾ ਕਰਦੇ ਹਨ। ਆਪ ਅਨੁਸਾਰ ਉਹੀ ਪਰਮਾਤਮਾ ਸਾਡਾ ਪਿਤਾ ਹੈ ਅਤੇ ਉਹੀ ਸਾਡੀ ਮਾਤਾ ਹੈ। ਬਾਕੀ ਸਾਰੇ ਪਰਿਵਾਰਕ ਰਿਸ਼ਤੇ ਝੂਠੇ ਅਤੇ ਅਸਥਾਈ ਹਨ। ਉਹੀ ਸਾਡਾ ਮਿੱਤਰ ਹੈ ਅਤੇ ਉਹੀ ਪਰਮਾਤਮਾ ਸਾਡਾ ਭਰਾ ਹੈ। ਉਹ ਪਰਮਾਤਮਾ ਹਰ ਜਗ੍ਹਾ ਸਾਡੀ ਰਾਖੀ ਕਰਨ ਵਾਸਤੇ ਮੌਜੂਦ ਹੈ। ਇਸ ਲਈ ਦੁਨੀਆਂ ਵਿਚ ਵਿਚਰਦਿਆਂ ਹੋਇਆਂ ਸਾਨੂੰ ਕਿਸੇ ਪ੍ਰਕਾਰ ਦਾ ਭੈਅ ਨਹੀਂ ਰੱਖਣਾ ਚਾਹੀਦਾ। ਗੁਰੂ ਜੀ ਕਹਿੰਦੇ ਹਨ ਕਿ ਮੈਂ ਤੇਰੀ ਕ੍ਰਿਪਾ ਕਾਰਣ ਹੀ ਤੈਨੂੰ ਪਹਿਚਾਣਨ ਵਿਚ ਸਫਲ ਹੋਇਆ ਹਾਂ। ਤੂੰ ਹੀ ਮੇਰਾ ਆਸਰਾ ਏਂ ਤੂੰ ਹੀ ਮੇਰਾ ਮਾਨ ਰੱਖਣ ਵਾਲਾ ਏ। ਇਸ ਸਮੁੱਚੀ ਦੁਨੀਆਂ ਵਿਚ ਤੇਰੇ ਵਰਗਾ ਕੋਈ ਹੋਰ ਦੂਜਾ ਨਹੀਂ ਹੈ ਅਤੇ ਇਹ ਦੁਨੀਆਂ ਤੇਰਾ ਹੀ ਰਚਿਆ ਹੋਇਆ ਖੇਲ-ਤਮਾਸ਼ਾ ਹੈ। ਸਾਰੇ ਜੀਵ ਜੰਤੂ ਤੇਰੇ ਹੀ ਪੈਦਾ ਕੀਤਾ ਹੋਏ ਹਨ। ਜਿਵੇਂ-ਜਿਵੇਂ ਤੇਰੀ ਮਰਜ਼ੀ ਸੀ, ਤੂੰ ਉਨ੍ਹਾਂ ਨੂੰ ਉਸੇ ਤਰ੍ਹਾਂ ਦੇ ਕੰਮ ਸੌਂਪੇ ਹੋਏ ਹਨ। ਇਸ ਦੁਨੀਆਂ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹ ਤੇਰੀ ਇੱਛਾ ਅਨੁਸਾਰ ਹੀ ਹੋ ਰਿਹਾ ਹੈ। ਅਸੀਂ ਦੁਨਿਆਵੀ ਲੋਕ ਕੀ ਕਰਨ ਜੋਗੇ ਹਾਂ। ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਫਲਾਣਾ ਕੰਮ ਉਨ੍ਹਾਂ ਦਾ ਕੀਤਾ ਹੋਇਆ ਹੈ, ਉਹ ਅਗਿਆਨੀ ਹਨ ਅਤੇ ਝੂਠ ਬੋਲਦੇ ਹਨ। ਪਰਮਾਤਮਾ ਦੇ ਨਾਮ ਸਿਮਰਨ ਨਾਲ ਮਹਾਂ-ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਸ ਦੇ ਗੁਣਾਂ ਦਾ ਗਾਇਨ ਕਰਕੇ ਮਨ ਵਿਚ ਸ਼ਾਂਤੀ ਉਤਪੰਨ ਹੋ ਜਾਂਦੀ ਹੈ। ਮੈਂ ਪਰਮਾਤਮਾ ਦਾ ਨਾਮ ਸਿਮਰ ਕੇ ਆਪਣੀ ਜ਼ਿੰਦਗੀ ਦਾ ਔਖਾ ਪੈਂਡਾ ਤੈਅ ਕਰ ਲਿਆ ਹੈ। ਇਸ ਲਈ ਮੈਨੂੰ ਮੇਰੇ ਗੁਰੂ ਨੇ ਵਧਾਈ ਦਿੱਤੀ ਹੈ।

## 1.8.2 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :

### ਪ੍ਰਸ਼ਨ :- ਪ੍ਰਭੂ ਦੇ ਸਿਮਰਨ ਦਾ ਕੀ ਮਹੱਤਵ ਹੈ?

**ਉੱਤਰ :-** ਪ੍ਰਭੂ ਦੇ ਸਿਮਰਨ ਨਾਲ ਮਨੁੱਖ ਦੀ ਮੁਕਤੀ ਹੋ ਜਾਂਦੀ ਹੈ। ਉਹ ਆਵਾਗਵਣ ਦੇ ਬੰਧਨਾਂ ਵਿਚ ਨਹੀਂ ਫਸਦਾ। ਜੀਵਨ ਵਿਚ ਦੁੱਖਾਂ ਅਤੇ ਮੁਸੀਬਤਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਮੌਤ ਵੀ ਉਸ ਨੂੰ ਭੈਭੀਤ ਨਹੀਂ ਕਰਦੀ। ਉਸ ਦਾ ਪੂਰੀ ਤਰ੍ਹਾਂ ਕਲਿਆਣ ਹੋ ਜਾਂਦਾ ਹੈ।

### ਪ੍ਰਸ਼ਨ :- 'ਚਾਰ ਪਦਾਰਥ' ਕਿਹੜੇ ਹਨ?

**ਉੱਤਰ :-** ਗੁਰਬਾਣੀ ਵਿਚ ਚਾਰ ਪਦਾਰਥਾਂ ਦਾ ਜ਼ਿਕਰ ਆਇਆ ਹੈ। ਦੱਸਿਆ ਗਿਆ ਹੈ ਕਿ ਜਿਹੜਾ ਸੰਤਾਂ ਦੀ ਸੇਵਾ ਕਰਦਾ ਹੈ, ਉਸ ਨੂੰ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਹੋ ਜਾਂਦੀ ਹੈ

ਇਹ ਚਾਰ ਪਦਾਰਥ ਹਨ-ਧਰਮ, ਅਰਥ (ਧਨ ਦੌਲਤ), ਕਾਮ (ਪਿਆਰ ਤੇ ਪਰਿਵਾਰ) ਅਤੇ ਮੋਖ (ਮੁਕਤੀ)।

**ਪ੍ਰਸ਼ਨ :- ਪਰਮਾਤਮਾ ਦੇ ਨਾਮ ਨੂੰ ਸੁਣਨ ਦਾ ਕੀ ਮਹੱਤਵ ਹੈ?**

**ਉੱਤਰ :-** ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦਾ ਨਾਮ ਸੁਣਨ ਨਾਲ ਅੰਨ੍ਹੇ ਵਿਅਕਤੀ ਨੂੰ ਆਪਣਾ ਮਾਰਗ ਲੱਭ ਪੈਂਦਾ ਹੈ। ਬੋਲਾ ਆਦਮੀ ਤੁਹਾਡੀ ਗੱਲ ਸਮਝਣ ਲੱਗ ਪੈਂਦਾ ਹੈ ਅਤੇ ਗੁੰਗੇ ਗੀਤ ਗਾਉਣ ਲੱਗਦੇ ਹਨ ਇਸ ਤਰ੍ਹਾਂ ਵਿਅਕਤੀ ਦਾ ਹਰ ਪ੍ਰਕਾਰ ਦਾ ਅਧੂਰਾਪਣ ਖ਼ਤਮ ਹੋ ਜਾਂਦਾ ਹੈ ਅਤੇ ਉਹ ਸੰਪੂਰਨ ਹੋ ਜਾਂਦਾ ਹੈ।

**ਪ੍ਰਸ਼ਨ :- 'ਦਸ ਬਸਤੂ ਲੇ ਪਾਛੈ ਪਾਵੈ' ਵਿਚ ਗੁਰੂ ਅਰਜਨ ਦੇਵ ਜੀ ਕੀ ਦਰਸਾਉਣਾ ਚਾਹੁੰਦੇ ਹਨ?**

**ਉੱਤਰ :-** ਇਸ ਰਚਨਾ ਵਿਚ ਆਪ ਵਿਅਕਤੀ ਦੀ ਅਕ੍ਰਿਤਘਣਤਾ ਅਤੇ ਨਾਸ਼ੁਕਰੇਪਣ ਵੱਲ ਸੰਕੇਤ ਕਰਦੇ ਹਨ। ਆਪ ਦੇ ਵਿਚਾਰ ਅਨੁਸਾਰ ਵਿਅਕਤੀ ਬੜਾ ਸਵਾਰਥੀ ਅਤੇ ਨਾਸ਼ੁਕਰਾ ਹੈ। ਉਹ ਪਰਮਾਤਮਾ ਦੀਆਂ ਦਿੱਤੀਆਂ ਹੋਈਆਂ ਦਸ ਨਿਆਮਤਾਂ (ਦੌਲਤਾਂ) ਨੂੰ ਭੁੱਲ ਜਾਂਦਾ ਹੈ ਪਰੰਤੂ ਜੇ ਇੱਕ ਨਾ ਮਿਲੇ ਤਾਂ ਬੁੜ-ਬੁੜ ਕਰਨ ਲੱਗ ਪੈਂਦਾ ਹੈ। ਆਪ ਕਹਿੰਦੇ ਹਨ ਕਿ ਜੇ ਉਹ ਪਰਮਾਤਮਾ ਇਕ ਵੀ ਨਾ ਦੇਵੇ ਅਤੇ ਪਿਛਲੀਆਂ ਦਸ ਵੀ ਖੋਹ ਲਵੇ ਤਾਂ ਅਸੀਂ ਉਸ ਦਾ ਕੀ ਕਰ ਲਵਾਂਗੇ।

**ਪ੍ਰਸ਼ਨ :- ਗੁਰੂ ਅਰਜਨ ਦੇਵ ਜੀ ਇਕ 'ਪੰਡਿਤ' ਦੀ ਕੀ ਪਰਿਭਾਸ਼ਾ ਦਿੰਦੇ ਹਨ?**

**ਉੱਤਰ :-** ਗੁਰੂ ਸਾਹਿਬ ਅਨੁਸਾਰ ਅਸਲ ਪੰਡਿਤ ਉਹੀ ਹੈ ਜਿਸ ਨੇ ਆਪਣੇ ਮਨ ਨੂੰ ਗਿਆਨ ਦੀ ਰੌਸ਼ਨੀ ਨਾਲ ਬੁੱਧੀਮਾਨ ਬਣਾ ਲਿਆ ਹੈ। ਉਹ ਸਦਾ ਰਾਮ ਨਾਮ ਦੀ ਮਸਤੀ ਵਿਚ ਮਖ਼ਸੂਰ ਰਹਿੰਦਾ ਹੈ। ਸਾਰੀ ਦੁਨੀਆਂ ਅਜਿਹੇ ਗਿਆਨੀ ਪੰਡਿਤ ਦੇ ਉਪਦੇਸ਼ ਸੁਣਨ ਲਈ ਤਤਪਰ ਰਹਿੰਦੀ ਹੈ। ਇਸ ਨੇ ਆਵਾਗਵਣ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰ ਲਈ ਹੁੰਦੀ ਹੈ। ਉਹ ਚਾਰ ਵਰਣਾਂ ਦੇ ਲੋਕਾਂ ਨੂੰ ਇਕ ਸਮਾਨ ਸਮਝਦਾ ਹੋਇਆ ਉਨ੍ਹਾਂ ਨੂੰ ਉਪਦੇਸ਼ ਦਿੰਦਾ ਹੈ।

**ਪ੍ਰਸ਼ਨ :- 'ਸੰਤ ਦੇ ਨਿੰਦਕ' ਬਾਰੇ ਗੁਰੂ ਅਰਜਨ ਦੇਵ ਜੀ ਕੀ ਫੁਰਮਾਉਂਦੇ ਹਨ?**

**ਉੱਤਰ :-** ਆਪ ਅਨੁਸਾਰ ਸੰਤਾਂ ਦਾ ਨਿੰਦਕ ਬਹੁਤ ਸਰਾਪਿਆ ਹੋਇਆ ਅਤੇ ਅਸ਼ਾਂਤ ਵਿਅਕਤੀ ਹੁੰਦਾ ਹੈ। ਪਰਮਾਤਮਾ ਨੇ ਉਸ ਨੂੰ ਸਰਾਪ ਦਿੱਤਾ ਹੁੰਦਾ ਹੈ। ਉਸ ਨੂੰ ਦੁਨੀਆਂ ਵਿਚ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਉਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਚੰਬੜਦੀਆਂ ਰਹਿੰਦੀਆਂ ਹਨ। ਉਸ ਦਾ ਪਾਰ-ਉਤਾਰਾ ਨਹੀਂ ਹੋ ਸਕਦਾ ਪਰੰਤੂ ਜੇ ਕਿਧਰੇ ਇਹੋ ਜਿਹੇ ਘਟੀਆ ਆਦਮੀ ਨੂੰ ਵੀ ਸੰਤਾਂ ਦੀ ਸ਼ਰਨ ਪ੍ਰਾਪਤ ਹੋ ਜਾਵੇ ਤਾਂ ਉਸ ਦੀ ਮੁਕਤੀ ਹੋ ਸਕਦੀ ਹੈ।

**ਪ੍ਰਸ਼ਨ :- ਗੁਰੂ ਅਰਜਨ ਦੇਵ ਜੀ ਸਾਧੂਆਂ ਦੀ ਸੰਗਤ ਬਾਰੇ ਕੀ ਕਹਿੰਦੇ**

**ਹਨ?**

**ਉੱਤਰ :-** ਆਪ ਅਨੁਸਾਰ ਸਾਧੂਆਂ ਦੀ ਸੰਗਤ ਦੁਆਰਾ ਪਰਮ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਵਿਅਕਤੀ ਦੇ ਮਨ ਵਿਚੋਂ ਅਗਿਆਨ ਦਾ ਹਨ੍ਹੇਰਾ ਸਮਾਪਤ ਹੋ ਜਾਂਦਾ ਹੈ। ਉਸ ਨੂੰ ਮਨ-ਇੱਛਤ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਸ ਨੂੰ ਇਹ ਬੋਧ ਹੋ ਜਾਂਦਾ ਹੈ ਕਿ ਇਸ ਸ੍ਰਿਸ਼ਟੀ ਵਿਚ ਸਾਰੇ ਪਾਸੇ ਪ੍ਰਭੂ ਦਾ ਹੀ ਪਸਾਰਾ ਹੈ।

**ਪ੍ਰਸ਼ਨ :- ਗੁਰੂ ਅਰਜਨ ਦੇਵ ਜੀ ਅਨੁਸਾਰ 'ਸੁਖਮਨੀ' ਦੇ ਕੀ ਗੁਣ ਹਨ?**

**ਉੱਤਰ :-** ਗੁਰੂ ਸਾਹਿਬ ਅਨੁਸਾਰ ਜਿਹੜਾ ਵਿਅਕਤੀ ਸੁਖਮਨੀ ਸਾਹਿਬ ਨੂੰ ਮਨ ਚਿਤ ਲਾ ਕੇ ਸੁਣੇਗਾ, ਉਸ ਨੂੰ ਪਰਮਾਤਮਾ ਹਮੇਸ਼ਾ ਯਾਦ ਰਹੇਗਾ। ਉਸ ਦਾ ਜਨਮ ਮਰਨ ਦਾ ਦੁੱਖ ਕੱਟਿਆ ਜਾਵੇਗਾ। ਉਸ ਦੀ ਸੋਭਾ ਬਹੁਤ ਵੱਧ ਜਾਵੇਗੀ ਅਤੇ ਉਸ ਦੀ ਬਾਣੀ ਅੰਮ੍ਰਿਤ ਵਰਗੀ ਪਵਿੱਤਰ ਹੋ ਜਾਵੇਗੀ।

### 1.8.3 ਪ੍ਰਸੰਗ ਸਹਿਤ ਵਿਆਖਿਆ

**ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ ॥**
**ਤੂੰ ਮੇਰਾ ਬੰਧਪੁ ਤੂੰ ਹੈਂ ਮੇਰਾ ਭ੍ਰਾਤਾ ॥**
**ਤੂੰ ਮੇਰਾ ਰਾਖਾ ਸਭਨੀ ਥਾਈਂ ॥**
**ਤਾ ਭਉ ਕੇਹਾ ਕਾੜਾ ਜੀਉ ॥**

ਉਕਤ ਕਾਵਿ-ਬੰਦ ਗੁਰੂ ਅਰਜਨ ਦੇਵ ਜੀ ਦੇ ਰਾਗ ਮਾਝ ਵਿਚ ਲਿਖੇ ਹੋਏ ਪਵਿੱਤਰ ਸ਼ਬਦ 'ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ' ਵਿਚੋਂ ਲਿਆ ਗਿਆ ਹੈ। **ਡਾ. ਮਾਨ ਸਿੰਘ ਢੀਂਡਸਾ** ਅਤੇ **ਡਾ. ਗੁਰਸ਼ਰਨ ਕੌਰ ਜੱਗੀ** ਨੇ ਇਹ ਸ਼ਬਦ ਬੀ.ਏ. ਭਾਗ ਤੀਜਾ ਪੰਜਾਬੀ ਸਾਹਿਤ ਲਈ ਨਿਸ਼ਚਿਤ ਪਾਠ-ਪੁਸਤਕ **'ਪੁਰਾਤਨ ਪੰਜਾਬੀ ਕਾਵਿ'** ਵਿਚ ਸੰਕਲਿਤ ਕੀਤਾ ਹੈ।

ਇਸ ਕਾਵਿ-ਬੰਦ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਦੁਨੀਆਂ ਦੇ ਸਾਰੇ ਪਰਿਵਾਰਕ ਰਿਸ਼ਤੇ ਅਸਥਾਈ ਅਤੇ ਝੂਠੇ ਹਨ। ਕੇਵਲ ਪਰਮਾਤਮਾ ਅਤੇ ਵਿਅਕਤੀ ਦਾ ਰਿਸ਼ਤਾ ਹੀ ਸਥਾਈ ਅਤੇ ਸੱਚਾ ਹੈ। ਉਹੀ ਸਾਡਾ ਸੱਚਾ ਪਿਤਾ ਹੈ ਅਤੇ ਉਹੀ ਮਾਤਾ ਹੈ। ਉਹੀ ਮਿੱਤਰ ਹੈ ਅਤੇ ਭਰਾ ਹੈ। ਸਾਰੀਆਂ ਥਾਵਾਂ ਤੇ ਉਹੀ ਪਰਮਾਤਮਾ ਸਾਡਾ ਮਦਦਗਾਰ ਹੈ ਅਤੇ ਉਸ ਦੇ ਕ੍ਰਿਪਾ-ਪਾਤਰ ਵਿਅਕਤੀ ਨੂੰ ਕਿਸੇ ਪ੍ਰਕਾਰ ਦਾ ਕੋਈ ਭੈਅ ਜਾਂ ਡਰ ਨਹੀਂ ਸਤਾਉਂਦਾ।

ਇਨ੍ਹਾਂ ਕਾਵਿ ਪੰਕਤੀਆਂ ਵਿਚ ਗੁਰੂ ਜੀ ਨੇ ਬੜੀ ਸਰਲ ਅਤੇ ਵਿਆਖਿਆਤਮਕ ਸ਼ੈਲੀ ਵਿਚ ਪਰਮਾਤਮਾ ਦੀ ਮਹਿਮਾ ਅਤੇ ਵਡਿਆਈ ਨੂੰ ਸਪੱਸ਼ਟ ਕੀਤਾ ਹੈ। ਸੰਬੋਧਨਮਈ ਸ਼ੈਲੀ ਵਿਚ ਰਚਿਆ ਗਿਆ ਇਹ ਸ਼ਬਦ ਵਿਅਕਤੀ ਅਤੇ ਪਰਮਾਤਮਾ ਦੇ ਸਿੱਧੇ ਅਤੇ ਪਿਆਰੇ ਰਿਸ਼ਤੇ ਦੀ ਤਰਜਮਾਨੀ ਕਰਦਾ ਹੈ। ਸਾਦਗੀ ਅਤੇ ਸਪਸ਼ਟਤਾ ਇਸ ਕਾਵਿ-ਬੰਦ ਦੀ ਮੂਲ ਪਹਿਚਾਣ ਹੈ।

### 1.8.4 ਪ੍ਰਸ਼ਨ :- ਉਪਰੋਕਤ ਪਾਠ-ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ

**ਉੱਤਰ ਦਿਉ।**

(1) **'ਪਾਰਜਾਤੁ'** ਅਤੇ **'ਕਾਮਧੇਨ'** ਦਾ ਅਰਥ ਕੀ ਹੈ?

(2) **'ਸਿਮਰਨ'** ਬਾਰੇ ਗੁਰੂ ਅਰਜਨ ਦੇਵ ਜੀ ਕੀ ਉਪਦੇਸ਼ ਦਿੰਦੇ ਹਨ?

(3) **'ਬ੍ਰਹਮ ਗਿਆਨੀ'** ਬਾਰੇ ਗੁਰੂ ਅਰਜਨ ਦੇਵ ਜੀ ਦਾ ਕੀ ਸੰਕਲਪ ਹੈ?

(4) **'ਗੁਰੂ ਦੇ ਸ਼ਬਦ'** ਬਾਰੇ ਗੁਰੂ ਅਰਜਨ ਦੇਵ ਜੀ ਦੇ ਕੀ ਵਿਚਾਰ ਹਨ?

(5) ਹਰੀ-ਨਾਮ ਦੇ ਸਿਮਰਨ ਨਾਲ ਕੀ ਪ੍ਰਾਪਤੀ ਹੁੰਦੀ ਹੈ?

(6) ਸਾਧ-ਸੰਗਤ ਬਾਰੇ ਗੁਰੂ ਅਰਜਨ ਦੇਵ ਜੀ ਕੀ ਉਪਦੇਸ਼ ਦਿੰਦੇ ਹਨ?

(7) ਹੇਠ ਲਿਖੀਆਂ ਰਚਨਾਵਾਂ ਦੇ ਵਿਸ਼ੇ-ਵਸਤੂ ਉੱਤੇ ਨੋਟ ਲਿਖੋ :

(ੳ) ਸੋ ਪੰਡਿਤ ਜੋ ਮਨੁ ਪਰਬੋਧੈ

(ਅ) ਜਿਉ ਮੰਦਰ ਕਉ ਥਾਮੈ ਥੰਮਨ

(ੲ) ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ

(8) 'ਗੁਰੂ ਅਰਜਨ ਦੇਵ ਜੀ' ਦੇ ਜੀਵਨ ਤੇ ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ ਉੱਤੇ ਨੋਟ ਲਿਖੋ।

(ਦਸੰਬਰ *2017*)

## 1.8.5 ਸਹਾਇਕ ਪੁਸਤਕਾਵਲੀ


1. ਭਾਈ ਕਾਨ੍ਹ ਸਿੰਘ ਨਾਭਾ : *ਗੁਰਸ਼ਬਦ ਰਤਨਾਕਰ : ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960
2. ਭਾਈ ਕਾਨ੍ਹ ਸਿੰਘ ਨਾਭਾ : *ਗੁਰਮਤਿ ਸੁਧਾਕਰ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970
3. ਪਿਆਰਾ ਸਿੰਘ ਪਦਮ : *ਆਦਿ ਗੁਰੂ ਗ੍ਰੰਥ ਦੀ ਵਡਿਆਈ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਕਿਰਪਾਲ ਸਿੰਘ ਕਸੇਲ : *ਪੰਜਾਬੀ ਸਾਹਿੱਤ ਦਾ ਇਤਿਹਾਸ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971
5. ਗਿਆਨੀ ਗਿਆਨ ਸਿੰਘ : *ਤਵਾਰੀਖ ਗੁਰੂ ਖਾਲਸਾ* (ਹਿੱਸਾ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970


**ਆਪਣੀ ਪਾਠ-ਪੁਸਤਕ ਵਿਚੋਂ ਗੁਰੂ ਅਰਜਨ ਦੇਵ ਜੀ ਦੀਆਂ ਦਸ ਪੰਕਤੀਆਂ ਚੁਣੋ ਅਤੇ ਉਹਨਾਂ ਨੂੰ ਜ਼ੁਬਾਨੀ ਯਾਦ ਕਰੋ।**

# (ੳ) ਭਾਈ ਗੁਰਦਾਸ ਜੀ ਦੀਆਂ ਰਚਨਾਵਾਂ

## 1.9.1 ਭੂਮਿਕਾ ਅਤੇ ਰੂਪ ਰੇਖਾ

ਬੀ. ਏ. ਭਾਗ ਤੀਜਾ ਵਿਚ ਮੱਧਕਾਲੀਨ ਪੰਜਾਬੀ ਸਾਹਿਤ ਦੇ ਮਹੱਤਵਪੂਰਨ ਕਵੀਆਂ ਦੀਆਂ ਚੋਣਵੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ ਤਾਂ ਜੋ ਵਿਦਿਆਰਥੀਆਂ ਨੂੰ ਇਸ ਕਾਲ ਵਿਚ ਰਚੇ ਗਏ ਸ਼੍ਰੋਮਣੀ ਸਾਹਿੱਤ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਇਸ ਕਾਲ ਵਿਚ ਗੁਰਮਤਿ, ਸੂਫ਼ੀ ਅਤੇ ਕਿੱਸਾ ਸਾਹਿੱਤ ਦੇ ਨਾਲ-ਨਾਲ ਵਾਰ ਸਾਹਿੱਤ ਵਿਚ ਵੀ ਕਾਫ਼ੀ ਵਾਧਾ ਹੋਇਆ। ਸੂਰਬੀਰਾਂ ਦੀ ਧਰਤੀ ਹੋਣ ਕਰਕੇ ਪੰਜਾਬ ਦੇ ਲੋਕ ਵਾਰ-ਸਾਹਿੱਤ ਵਿਚ ਵੀ ਕਾਫ਼ੀ ਦਿਲਚਸਪੀ ਲੈਂਦੇ ਰਹੇ ਹਨ। ਇਨ੍ਹਾਂ ਵਾਰਾਂ ਵਿਚ ਕਿਸੇ ਕਬੀਲੇ, ਦੇਸ਼ ਜਾਂ ਧਰਮ ਵਾਸਤੇ ਮਰ ਮਿਟਣ ਦਾ ਜਜ਼ਬਾ ਰੱਖਣ ਵਾਲੇ ਸੂਰਮਿਆਂ ਦੀ ਉਸਤਤਿ ਕੀਤੀ ਜਾਂਦੀ ਹੈ ਗੁਰੂ ਸਾਹਿਬਾਨ ਨੇ ਲੋਕ ਵਾਰਾਂ ਦੀ ਤਰਜ਼ ਤੇ ਅਧਿਆਤਮਿਕ ਵਾਰਾਂ ਲਿਖਣ ਦੀ ਪਰੰਪਰਾ ਸ਼ੁਰੂ ਕੀਤੀ ਅਤੇ ਇਸ ਲੜੀ ਵਿਚ **ਗੁਰੂ ਨਾਨਕ ਦੇਵ ਜੀ, ਗੁਰੂ ਰਾਮ ਦਾਸ ਜੀ** ਅਤੇ **ਗੁਰੂ ਅਰਜਨ ਦੇਵ ਜੀ** ਨੇ ਬਾਈ ਵਾਰਾਂ ਦੀ ਰਚਨਾ ਕੀਤੀ। ਇਨ੍ਹਾਂ ਵਾਰਾਂ ਵਿਚ ਗੁਰਮੁਖ ਵਿਅਕਤੀ ਦੀ ਸਿਫ਼ਤ-ਸ਼ਲਾਘਾ ਹੋਈ ਹੈ। ਇਸ ਪਰੰਪਰਾ ਵਿਚ **ਭਾਈ ਗੁਰਦਾਸ** ਨੇ 40 ਵਾਰਾਂ ਦੀ ਰਚਨਾ ਕੀਤੀ ਹੈ ਇਨ੍ਹਾਂ ਵਾਰਾਂ ਦੇ ਚੋਣਵੇਂ ਨਮੂਨੇ **'ਪੰਜਾਬੀ ਕਾਵਿ ਸੰਗ੍ਰਹਿ** ਵਿਚ ਸ਼ਾਮਲ ਕੀਤੇ ਗਏ ਹਨ।

## 1.9.2 ਭਾਈ ਗੁਰਦਾਸ ਜੀ ਦਾ ਸਾਹਿੱਤਕ ਯੋਗਦਾਨ

1.9.2.1 ਭਾਈ ਗੁਰਦਾਸ ਗੁਰਮਤਿ ਕਾਵਿ ਪਰੰਪਰਾ ਦੇ ਇਕ ਸ਼ਿਰੋਮਣੀ ਕਵੀ ਹੋਏ ਹਨ। ਆਪ ਦਾ ਜਨਮ 1551 ਈ. ਵਿਚ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਦੇ ਪਿਤਾ ਜੀ ਦਾ ਨਾਮ ਭਾਈ ਈਸ਼ਰ ਦਾਸ ਅਤੇ ਮਾਤਾ ਜੀ ਦਾ ਨਾਮ ਬੀਬੀ ਜੀਵਣੀ ਸੀ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ। ਆਪ ਸਾਰੀ ਉਮਰ ਗੁਰੂ-ਘਰ ਨਾਲ ਜੁੜੇ ਰਹੇ ਅਤੇ ਤੀਜੇ ਗੁਰੂ ਅਮਰਦਾਸ ਜੀ ਤੋਂ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤਕ ਆਪ ਨੇ ਗੁਰਮਤਿ ਦੇ ਪ੍ਰਚਾਰ ਹਿੱਤ ਬਹੁਤ ਸੇਵਾ ਕੀਤੀ। ਗੁਰਸਿਖੀ ਦੇ ਪ੍ਰਚਾਰ ਲਈ ਆਪ ਪੰਜਾਬ ਤੋਂ ਬਾਹਰ ਆਗਰਾ, ਦਿੱਲੀ, ਕਸ਼ਮੀਰ ਅਤੇ ਕਾਬਲ ਵਰਗੇ ਦੂਰ-ਦੁਰੇਡੇ ਸਥਾਨਾਂ ਤੇ ਗਏ। ਆਪ ਦੇ ਯਤਨਾਂ ਸਦਕਾ ਗੁਰਸਿੱਖੀ ਦਾ ਬਹੁਤ ਵਿਕਾਸ ਹੋਇਆ। ਗੁਰਸਿੱਖੀ ਅਤੇ ਗੁਰਮਤਿ ਦੇ ਸਿਧਾਂਤਾਂ ਦੇ ਪ੍ਰਚਾਰ ਵਾਸਤੇ ਆਪ ਨੇ 675 ਕਬਿੱਤ ਸਵੱਈਆਂ ਅਤੇ 39 ਵਾਰਾਂ ਦੀ ਰਚਨਾ ਕੀਤੀ। ਆਪ ਦੀਆਂ ਰਚਨਾਵਾਂ ਨੂੰ **'ਗੁਰਬਾਣੀ ਦੀ ਕੁੰਜੀ'** ਕਹਿ ਕੇ ਵਡਿਆਇਆ ਗਿਆ ਹੈ। ਗੁਰ-ਸਥਾਨਾਂ ਤੇ ਗੁਰਦੁਆਰਿਆਂ ਵਿਚ ਜਿਨ੍ਹਾਂ ਬਾਣੀਆਂ ਦਾ ਕੀਰਤਨ ਹੋ ਸਕਦਾ ਹੈ ਉਨ੍ਹਾਂ ਵਿਚ ਆਪ ਦੀ ਬਾਣੀ ਵੀ ਸ਼ਾਮਿਲ ਹੈ।

1.9.2.2 ਆਪ ਦੇ ਕਬਿਤ-ਸਵੱਈਆਂ ਦੀ ਭਾਸ਼ਾ ਬ੍ਰਜੀ ਹੈ ਪਰੰਤੂ ਵਾਰਾਂ ਵਿਚ ਆਪ ਨੇ ਬੜੀ ਠੇਠ ਅਤੇ ਮੁਹਾਵਰੇ ਦਾਰ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਵਾਰਾਂ ਵਿਚੋਂ ਪਹਿਲੀ ਵਾਰ ਵਿਚ ਆਪ ਨੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਮਗਰੋਂ ਆਉਣ ਵਾਲੇ ਪੰਜ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਅਤੇ ਮਹਿਮਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਦਸਵੀਂ ਵਾਰ ਵਿਚ ਪੰਜਾਬ ਦੇ ਪ੍ਰਸਿੱਧ ਭਗਤਾਂ ਦੀ ਸ਼ਖ਼ਸੀਅਤ ਨੂੰ ਪੇਸ਼ ਕੀਤਾ ਗਿਆ ਹੈ। ਗਿਆਰ੍ਹਵੀਂ ਵਾਰ ਗੁਰੂ-ਘਰ ਨਾਲ ਜੁੜੇ ਰਹੇ ਸ਼ਿਰੋਮਣੀ ਗੁਰਸਿੱਖਾਂ ਦੇ ਸਮਾਚਾਰ ਬਿਆਨ ਕਰਦੀ ਹੈ। ਇਸ ਨੂੰ **'ਸਿੱਖਾਂ ਦੀ ਭਗਤ ਮਾਲਾ'** ਵੀ ਕਿਹਾ ਜਾਂਦਾ ਹੈ। ਆਪ ਦੀਆਂ ਬਾਕੀ ਵਾਰਾਂ ਵਿਚ ਗੁਰਮੁੱਖਾਂ, ਗੁਰਸਿੱਖਾਂ, ਭਗਤਾਂ ਅਤੇ ਸੰਤਾਂ ਦੇ ਜੀਵਨ-ਬ੍ਰਿਤਾਂਤ ਪੇਸ਼ ਹੋਏ ਹਨ।

1.9.2.3 ਭਾਈ ਗੁਰਦਾਸ ਨੂੰ ਗੁਰਸਿੱਖੀ ਵਿਚ ਉੱਨਾਂ ਹੀ ਮਹੱਤਵ ਪ੍ਰਾਪਤ ਹੈ ਜਿੰਨਾਂ ਹਿੰਦੂ ਧਰਮ ਵਿਚ **ਵੇਦ ਵਿਆਸ** ਅਤੇ ਈਸਾਈ ਧਰਮ ਵਿਚ **ਸੈਂਟ ਪਾਲ** ਨੂੰ ਪ੍ਰਾਪਤ ਹੈ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ ਭਾਈ ਗੁਰਦਾਸ ਦੀ ਬਾਣੀ ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। **ਭਾਈ ਵੀਰ ਸਿੰਘ** ਦੇ ਕਥਨ ਅਨੁਸਾਰ ਆਪ ਦੀ ਗੁਰਸਿੱਖੀ ਗੁਰੂ-ਘਰ ਵੱਲੋਂ ਪ੍ਰਵਾਨ ਗੁਰਸਿੱਖੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦੀ ਹੈ। ਗੁਰਬਾਣੀ ਨੂੰ ਸਮਝਣ ਵਿਚ ਆਪ ਦੀਆਂ ਵਾਰਾਂ ਬਹੁਤ ਸਹਾਈ ਹੁੰਦੀਆਂ ਹਨ। ਇਸੇ ਪ੍ਰਸੰਗ ਵਿਚ **ਡਾ. ਦੀਵਾਨ ਸਿੰਘ** ਲਿਖਦੇ ਹਨ ਕਿ ਗੁਰਦਾਸ ਜੀ ਦੀ ਗੁਰਮਤਿ ਵਿਆਖਿਆ ਏਨੀ ਸੰਪੂਰਨ ਹੈ ਕਿ ਗੁਰਸਿੱਖੀ ਦਾ ਪੂਰਾ ਅਨੁਭਵ, ਪੂਰਾ ਆਦਰ- ਅਤੇ ਪੂਰਾ ਦਰਸ਼ਨ ਇਸ ਵਿਚ ਪੇਸ਼ ਹੈ। ਹਰ ਇਕ ਵਾਰ ਵਿੱਚ, ਹਰ ਪਉੜੀ ਵਿਚ, ਗੁਰਮਤਿ ਦੀ ਵਿਆਖਿਆ ਦੇ ਖ਼ਜ਼ਾਨੇ ਭਰਪੂਰ ਹਨ।

1.9.2.4 ਭਾਈ ਸਾਹਿਬ ਨੇ ਗੁਰਮਤਿ ਨਾਲ ਸੰਬੰਧਿਤ ਵਿਸ਼ੇ ਲੈ ਕੇ ਉਨ੍ਹਾਂ ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ। ਪਰਮਾਤਮਾ ਦਾ ਸਰੂਪ, ਸਰਬ-ਵਿਆਪਕਤਾ, ਆਤਮਾ, ਸ੍ਰਿਸ਼ਟੀ ਅਤੇ ਉਸ ਦੀ ਉਤਪੱਤੀ, ਮਨੁੱਖੀ ਜੀਵਨ ਦੀ ਉਤਮਤਾ, ਸਤਿਗੁਰ, ਗੁਰਮੁਖ, ਗੁਰਸਿੱਖ ਦੀ ਪ੍ਰੀਤ, ਸਿੱਖ ਮਾਰਗ ਦੀ ਵਿਖਮਤਾ, ਸਾਧ-ਸੰਗਤ, ਸੇਵਾ, ਸਿਮਰਨ, ਨਿਮਰਤਾ, ਗ਼ਰੀਬੀ, ਹਉਮੈ ਦਾ ਖੰਡਨ, ਪਰਉਪਕਾਰ, ਸ਼ਬਦ ਦੀ ਮਹਿਮਾ, ਕਿਰਤ-ਕਮਾਈ, ਵੰਡ ਛਕਣਾ, ਨਾਮ-ਦਾਨ-ਇਸ਼ਨਾਨ ਅਤੇ ਮੁਕਤੀ ਆਦਿ ਵਿਸ਼ੇ ਇਨ੍ਹਾਂ ਵਾਰਾਂ ਵਿਚ ਪੇਸ਼ ਹੋਏ ਹਨ। ਸਾਰਾਂਸ਼ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਗੁਰ ਇਤਿਹਾਸ, ਗੁਰਮਤਿ ਦਰਸ਼ਨ ਅਤੇ ਗੁਰ ਮਰਯਾਦਾ ਦਾ ਇਕ ਮਹਾਨ ਕੋਸ਼ ਹਨ।

1. **ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਸ਼ਾਮਿਲ ਹਨ।**
2. **ਭਾਈ ਗੁਰਦਾਸ ਨੇ 39 ਵਾਰਾਂ ਦੀ ਰਚਨਾ ਕੀਤੀ ਹੈ।**
3. **ਭਾਈ ਗੁਰਦਾਸ ਨੇ ਸਭ ਤੋਂ ਵਧ ਵਾਰਾਂ ਦੀ ਰਚਨਾ ਕੀਤੀ ਹੈ।**
4. **ਭਾਈ ਗੁਰਦਾਸ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਮੰਨਿਆ ਜਾਂਦਾ ਹੈ। ਭਾਵ ਇਹ ਕਿ ਗੁਰਬਾਣੀ ਨੂੰ ਸਮਝਣ ਲਈ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਸਮਝਣਾ ਜ਼ਰੂਰੀ ਹੈ।**

ਭਾਈ ਗੁਰਦਾਸ ਰਚਿਤ ਵਾਰਾਂ ਵਿਚੋਂ ਪਹਿਲੀ ਵਾਰ ਦਾ ਵਿਸ਼ੇਸ਼ ਮਹੱਤਵ ਹੈ। ਕਈ ਵਾਰੀ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਵਾਰ ਵੀ ਆਖਿਆ ਜਾਂਦਾ ਹੈ। ਕਿਉਂਕਿ ਇਸ ਵਾਰ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਨੂੰ ਨਾਇਕ ਵਜੋਂ ਚਿਤਰਿਆ ਹੈ। ਪਾਠ-ਪੁਸਤਕ ਦੇ ਵਿਦਵਾਨ ਸੰਪਾਦਕਾਂ ਨੇ ਇਸੇ ਵਾਰ ਵਿਚੋਂ ਕੁੱਝ ਪਉੜੀਆਂ ਚੁਣ ਕੇ ਪੁਸਤਕ ਵਿਚ ਸ਼ਾਮਿਲ ਕੀਤੀਆਂ ਹਨ। ਇਸ ਵਾਰ ਦੀਆਂ ਮੂਲ ਰੂਪ ਵਿਚ 49 ਪਉੜੀਆਂ ਹਨ।

## 1.9.3 ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ (ਪਹਿਲੀ ਵਾਰ ਵਿਚੋਂ)

(1)

1.9.3.1 ਇਸ ਪਉੜੀ ਵਿਚ ਭਾਈ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਹਾਲਤ ਨੂੰ ਬਿਆਨ ਕਰਨ ਤੋਂ ਪਹਿਲਾਂ ਆਪਣੇ ਗੁਰੂਦੇਵ ਨੂੰ ਨਮਸਕਾਰ ਕਰਦੇ ਹਨ। ਇਸ ਵਿਧੀ ਨੂੰ **ਮੰਗਲਾਚਰਨ** ਕਿਹਾ ਜਾਂਦਾ ਹੈ ਅਤੇ ਇਥੇ ਕਵੀ ਆਪਣੇ ਇਸ਼ਟ ਦੇਵ ਦਾ ਸਿਮਰਨ ਕਰਕੇ ਆਪਣੀ ਰਚਨਾ ਦਾ ਆਰੰਭ ਕਰਦਾ ਹੈ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਕਰਦੇ ਹਨ, ਜਿਨ੍ਹਾਂ ਨੇ ਸਤਿਨਾਮ ਦੇ ਮੰਤਰ ਦੁਆਰਾ ਲੋਕਾਂ ਨੂੰ ਮੁਕਤੀ ਪ੍ਰਦਾਨ ਕੀਤੀ। ਆਪ ਨੇ ਜਨਮ-ਮਰਨ ਦਾ ਡਰ ਖ਼ਤਮ ਕਰ ਦਿੱਤਾ। ਭਾਈ ਸਾਹਿਬ ਲਿਖਦੇ ਹਨ ਕਿ ਮਨੁੱਖੀ ਹੋਂਦ ਵਿਚ ਵੱਡਾ ਡਰ ਜਮਾਂ ਦੇ ਦੰਡ ਦਾ ਹੀ ਹੈ ਅਤੇ ਜਦੋਂ ਇਹ ਡਰ ਖ਼ਤਮ ਹੋ ਜਾਵੇ ਤਾਂ ਮਨੁੱਖੀ ਹੋਂਦ ਬੜੀਆਂ ਖ਼ੁਸ਼ੀਆਂ ਭਰਪੂਰ ਬਣ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨ ਪਕੜ ਲੈਣ ਨਾਲ ਮਨੁੱਖ ਵਿਚੋਂ ਇਹ ਡਰ ਖ਼ਤਮ ਹੋ ਜਾਂਦਾ ਹੈ। ਜਿਹੜੇ ਇਨਸਾਨ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦੇ ਹੋਏ ਨਾਮ-ਦਾਨ ਅਤੇ ਇਸ਼ਨਾਨ ਦੇ ਸਿਧਾਂਤਾਂ ਉਪਰ ਪੂਰੇ ਉਤਰਦੇ ਹਨ ਉਹ ਮੁਕਤ ਹੋ ਜਾਂਦੇ ਹਨ ਪਰੰਤੂ ਬੇਮੁਖ ਲੋਕ ਆਵਾਗਵਨ ਦੇ ਚੱਕਰ ਵਿਚ ਭਟਕਦੇ ਰਹਿੰਦੇ ਹਨ। ਭਾਈ ਸਾਹਿਬ ਸਮਝਾਉਂਦੇ ਹਨ ਕਿ ਇਹ ਜੀਵਨ ਇਕ ਕਰਮ ਭੂਮੀ ਹੈ ਅਤੇ ਇਥੇ ਰਹਿਣ ਵਾਲੇ ਹਰ ਵਿਅਕਤੀ ਨੂੰ ਆਪਣੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ।

(2)

1.9.3.2 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਸ੍ਰਿਸ਼ਟੀ ਰਚਨਾ ਦੇ ਰਹੱਸ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਮੁੱਢ ਵਿਚ ਇਥੇ ਕਿਸੇ ਪ੍ਰਕਾਰ ਦਾ ਕੋਈ ਜੀਵਨ ਨਹੀਂ ਸੀ ਅਤੇ ਚਾਰੇ ਪਾਸੇ ਅੰਧਾ-ਧੁੰਧ ਛਾਈ ਹੋਈ ਸੀ। ਬਾਅਦ ਵਿਚ ਪਰਮਾਤਮਾ ਨੇ ਰਕਤ (ਲਹੂ) ਅਤੇ ਬਿੰਦ (ਵੀਰਜ) ਦੇ ਮਿਲਾਪ ਨਾਲ ਮਨੁੱਖੀ ਦੇਹ ਰਚੀ ਜਿਸ ਵਿਚ ਪੰਜ ਤੱਤ ਸ਼ਾਮਿਲ ਸਨ। ਇਨ੍ਹਾਂ ਪੰਜਾਂ ਤੱਤਾਂ ਦੇ ਨਾਮ ਹਨ : ਹਵਾ, ਪਾਣੀ, ਅਗਨੀ, ਧਰਤੀ ਅਤੇ ਆਕਾਸ਼। ਮਨੁੱਖੀ ਦੇਹੀ ਵਿਚ ਇਨ੍ਹਾਂ ਪੰਜਾਂ ਤੱਤਾਂ ਦੀ ਪ੍ਰਕ੍ਰਿਤੀ ਸ਼ਾਮਲ ਕੀਤੀ ਗਈ ਹੈ। ਇਨ੍ਹਾਂ ਪੰਜ ਤੱਤਾਂ ਨੂੰ ਮਿਲਾਉਣ ਵਾਲਾ ਪਰਮਾਤਮਾ ਆਪ ਵੀ ਮਨੁੱਖੀ ਦੇਹੀ ਵਿਚ ਸਮਾਇਆ ਰਹਿੰਦਾ ਹੈ। ਖਾਣੀਆਂ ਅਤੇ ਬਾਣੀਆਂ ਦੇ ਸੁਮੇਲ ਨਾਲ ਪਰਮਾਤਮਾ ਨੇ ਇਸ ਜਗਤ ਦੀ

ਰਚਨਾ ਕੀਤੀ ਹੈ। ਉਸ ਪਰਮਾਤਮਾ ਨੇ ਚੁਰਾਸੀ ਲੱਖ ਜੂਨਾਂ ਨੂੰ ਜਨਮ ਦੇ ਕੇ ਸ੍ਰਿਸ਼ਟੀ ਦਾ ਵਿਧੀ-ਵਿਧਾਨ ਬਣਾਇਆ ਹੈ, ਇਸ ਲਈ ਵਿਅਕਤੀ ਨੂੰ ਸਦਾ ਉਸ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ।

1.9.3.3 ਇਸ ਪਉੜੀ ਵਿਚ ਭਾਈ ਸਾਹਿਬ ਨੇ ਸ੍ਰਿਸ਼ਟੀ ਦੇ ਹੋਰ ਸਾਰੇ ਜੀਵ-ਜੰਤੂਆਂ ਨਾਲੋਂ ਮਨੁੱਖੀ ਦੇਹੀ ਦੀ ਉੱਤਮਤਾ ਨੂੰ ਬਿਆਨ ਕੀਤਾ ਹੈ। ਆਪ ਅਨੁਸਾਰ ਪਰਮਾਤਮਾ ਨੇ ਮਨੁੱਖ ਦੀ ਸਿਰਜਣਾ ਕਰਕੇ ਉਸ ਨੂੰ ਅੱਖਾਂ ਨਾਲ ਵੇਖਣ, ਕੰਨਾਂ ਨਾਲ ਸੁਣਨ, ਮੁਖ ਦੁਆਰ ਨਾਲ ਬੋਲਣ ਦੀ ਜਾਂਚ ਸਿਖਾ ਕੇ ਉਸ ਉੱਤੇ ਵੱਡਾ ਉਪਕਾਰ ਕੀਤਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੀ ਸ੍ਰੇਸ਼ਠਤਾ ਨੂੰ ਪ੍ਰਮਾਣਿਤ ਕਰਨ ਵਾਸਤੇ ਹੱਥਾਂ ਨਾਲ ਦਸਾਂ ਨਹੁੰਆਂ ਦੀ ਕਿਰਤ ਕਰੇ ਅਤੇ ਪੈਰਾਂ ਨਾਲ ਚੱਲ ਕੇ ਸਤਿਸੰਗਤ ਵਿਚ ਜਾਵੇ ਅਤੇ ਉਥੇ ਬੈਠ ਕੇ ਆਪਣੇ ਮਾਲਕ ਪਰਮਾਤਮਾ ਦੀ ਕ੍ਰਿਪਾ ਦਾ ਗੁਣ-ਗਾਇਨ ਕਰੇ। ਮਨੁੱਖ ਨੂੰ ਧਰਮ ਦੀ ਕਿਰਤ ਕਰਕੇ ਆਪਣੀ ਉਪਜੀਵਕਾ ਕਮਾਉਣੀ ਚਾਹੀਦੀ ਹੈ ਅਤੇ ਧਰਮ ਦੁਆਰਾ ਦੱਸੇ ਹੋਏ ਮਾਰਗ ਤੋਂ ਥਿੜਕਣਾ ਨਹੀਂ ਚਾਹੀਦਾ। ਇਕ ਗੁਰਮੁਖ ਦਾ ਜਨਮ ਸਫਲ ਹੁੰਦਾ ਹੈ ਕਿਉਂਕਿ ਉਹ ਗੁਰਬਾਣੀ ਪੜ੍ਹ ਕੇ ਉਸ ਦੁਆਰਾ ਦਰਸਾਏ ਗਏ ਮਾਰਗ ਉੱਤੇ ਚਲਣ ਦੀ ਹਿੰਮਤ ਕਰਦਾ ਹੈ। ਗੁਰੂ ਦਾ ਚਰਨਾਮ੍ਰਿਤ ਲੈ ਕੇ ਉਹ ਪ੍ਰਸੰਨ ਹੁੰਦਾ ਹੈ, ਅਤੇ ਆਪਣੇ ਗੁਰੂ ਦੀ ਸ਼ਰਨ ਵਿਚ ਜਾ ਕੇ ਬੇਨਤੀ ਕਰਦਾ ਰਹਿੰਦਾ ਹੈ। ਇਹੋ ਜਿਹਾ ਆਦਰਸ਼ਕ ਸਿੱਖ ਨਾ ਕੇਵਲ ਆਪੇ ਹੀ ਸੰਸਾਰ-ਸਮੁੰਦਰ ਨੂੰ ਤਰ ਜਾਂਦਾ ਹੈ ਬਲਕਿ ਆਪਦੇ ਨਾਲ ਹੋਰ ਵੀ ਅਨੇਕਾਂ ਸਿੱਖਾਂ ਦਾ ਪਾਰਉਤਾਰਾ ਕਰ ਦਿੰਦਾ ਹੈ।

(4)

1.9.3.4 ਇਸ ਪਉੜੀ ਵਿਚ ਭਾਈ ਸਾਹਿਬ ਨੇ ਜਗਤ ਦੀ ਉਤਪੱਤੀ ਦੇ ਕਾਰਣਾਂ ਬਾਰੇ ਵਿਚਾਰ ਕੀਤਾ ਹੈ। ਸਭ ਤੋਂ ਪਹਿਲਾ ਪਰਮਾਤਮਾ ਨੇ ਇਕ ਵਚਨ (ਹੋ ਜਾ) ਉਚਾਰ ਕੇ ਸਮੂਹ ਸ੍ਰਿਸ਼ਟੀ ਦੀ ਰਚਨਾ ਕਰ ਦਿੱਤੀ ਹੈ ਫਿਰ ਪੰਜ ਤੱਤਾਂ ਤੋਂ ਬ੍ਰਹਿਮੰਡ ਦੀ ਰਚਨਾ ਕਰਕੇ ਤਿੰਨ ਲੋਕ ਬਣਾ ਦਿੱਤੇ। ਉਸ ਪਰਮਾਤਮਾ ਨੂੰ ਕਦੇ ਕਿਸੇ ਨੇ ਨਹੀਂ ਦੇਖਿਆ। ਪਹਿਲਾਂ ਉਸ ਨੇ ਕੁਦਰਤ ਸਾਜੀ ਅਤੇ ਫੇਰ ਅਨੇਕਾਂ ਅਵਤਾਰਾਂ ਨੂੰ ਪੈਦਾ ਕਰ ਦਿੱਤਾ। ਉਸ ਨੇ ਇਕ ਮਾਇਆ ਤੋਂ ਲੱਖਾਂ ਬ੍ਰਹਿਮੰਡ ਸਿਰਜ ਦਿੱਤੇ ਹਨ ਅਤੇ ਇਨ੍ਹਾਂ ਵਿਚ ਰਹਿਣ ਵਾਲੇ ਜੀਵ-ਜੰਤੂਆਂ ਦੀ ਗਿਣਤੀ ਅਨੰਤ ਹੈ। ਉਸ ਦੇ ਇਕ ਰੋਮ ਵਿਚ ਕਰੋੜਾਂ ਬ੍ਰਹਿਮੰਡ ਸਮਾਏ ਹੋਏ ਹਨ ਅਤੇ ਹਰ ਬ੍ਰਹਿਮੰਡ ਵਿਚ ਦਸ-ਦਸ ਅਵਤਾਰ ਮੌਜੂਦ ਹਨ। ਭਾਵ ਪਰਮਾਤਮਾ ਦੁਆਰਾ ਸਾਜੇ ਗਏ ਬ੍ਰਹਿਮੰਡ ਵੀ ਅਣਗਿਣਤ ਹਨ ਅਤੇ ਅਵਤਾਰ ਵੀ ਬੇਸ਼ੁਮਾਰ ਹਨ। ਉਸ ਨੇ ਅਨੇਕਾਂ ਵੇਦ ਵਿਆਸ, ਮੁਹੰਮਦ (ਹਜ਼ਰਤ) ਅਤੇ ਉਸ ਦੇ ਖ਼ਲੀਫ਼ਿਆਂ ਨੂੰ ਸਾਜਿਆ ਹੈ। ਪਰਮਾਤਮਾ ਦੀ ਕੁਦਰਤ ਤਾਂ ਇਕੋ ਹੈ ਪਰੰਤੂ ਇਸ ਦਾ ਪਸਾਰਾ ਏਡਾ ਵੱਡਾ ਹੈ ਕਿ ਮਨੁੱਖ ਅਚੰਭਿਤ ਹੋ ਜਾਂਦਾ ਹੈ।

(5)

1.9.3.5 ਇਸ ਪਉੜੀ ਵਿਚ ਭਾਈ ਸਾਹਿਬ ਨੇ ਵੱਖਰੇ-ਵੱਖਰੇ ਚਾਰ ਜੁਗਾਂ ਦੇ ਨਾਵਾਂ ਅਤੇ

ਪ੍ਰਕ੍ਰਿਤੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਹ ਚਾਰ ਯੁਗ ਹਨ-**ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ**। ਜਿਸ ਤਰ੍ਹਾਂ ਚਾਰ ਜੁਗ ਹਨ : ਇਸੇ ਤਰ੍ਹਾਂ ਚਾਰ ਵਰਣ ਨਿਸ਼ਚਿਤ ਕੀਤੇ ਗਏ। ਇਹ ਚਾਰ ਵਰਣ ਹਨ- **ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ**। ਸਤਿਜੁਗ ਵਿਚ ਹੰਸ ਦਾ ਅਵਤਾਰ ਬਣ ਕੇ ਬ੍ਰਹਮਾ ਪ੍ਰਗਟ ਹੋਇਆ ਅਤੇ ਲੋਕਾਂ ਨੇ ਉਸ ਦੀ ਉਪਾਸਨਾ ਕੀਤੀ। ਉਸ ਯੁਗ ਵਿਚ ਲੋਕਾਂ ਨੇ ਇਕੋ ਬ੍ਰਹਮ ਦੀ ਪੂਜਾ ਕੀਤੀ। ਉਸ ਸਮੇਂ ਲੋਕ ਮਾਇਆ ਅਤੇ ਮੋਹ ਤੋਂ ਨਿਰਲੇਪ ਰਹਿੰਦੇ ਹਨ। ਬਨਾਂ ਵਿਚ ਤਪੱਸਿਆ ਕਰਦੇ ਸਨ ਅਤੇ ਕੰਦ-ਮੂਲ ਖਾ ਕੇ ਉਦਰ ਪੂਰਤੀ ਕਰਦੇ ਸਨ। ਉਸ ਸਮੇਂ ਲੋਕਾਂ ਦੀ ਉਮਰ ਇਕ ਲੱਖ ਵਰ੍ਹਾ ਹੋਇਆ ਕਰਦੀ ਸੀ ਤਾਂ ਵੀ ਲੋਕ ਕੋਠੇ ਅਤੇ ਮੰਦਰ (ਮਕਾਨ) ਨਹੀਂ ਬਣਾਉਂਦੇ ਸਨ। ਕੁਝ ਮਨੁੱਖ ਨਾਸ਼ ਹੁੰਦੇ ਜਾਂਦੇ ਹਨ ਅਤੇ ਕੁਝ ਹੋਰ (ਅੱਜਕੱਲ ਦੇ ਲੋਕ) ਆਪਣੇ ਆਪ ਨੂੰ ਅਬਿਨਾਸੀ ਸਮਝ ਕੇ ਹਉਮੇ ਵਿਚ ਗਲਤਾਨ ਰਹਿੰਦੇ ਹਨ।

(6)

1.9.3.6 ਇਸ ਪਉੜੀ ਵਿਚ ਭਾਈ ਸਾਹਿਬ ਨੇ ਪਹਿਲੇ ਤਿੰਨ ਯੁਗਾਂ ਦੀ ਪ੍ਰਕ੍ਰਿਤੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਆਪ ਅਨੁਸਾਰ ਤ੍ਰੇਤਾ ਯੁਗ ਵਿਚ ਸ੍ਰੀ ਰਾਮ ਚੰਦਰ ਖੱਤਰੀਆਂ ਦਾ ਵੱਡਾ ਸੂਰਜਵੰਸ਼ੀ ਰਾਜਾ ਹੋਇਆ ਹੈ। ਉਸ ਸਮੇਂ ਸਤਿਜੁਗ ਨਾਲੋਂ ਲੋਕਾਂ ਦੀ ਉਮਰ ਨੌਂ ਹਿੱਸੇ ਘੱਟ ਗਈ। ਅਰਥਾਤ ਜਿਥੇ ਸਤਿਜੁਗ ਵਿਚ ਆਦਮੀ ਦੀ ਉਮਰ ਇਕ ਲੱਖ ਵਰ੍ਹਾ ਹੁੰਦੀ ਸੀ ਉਥੇ ਤ੍ਰੇਤੇ ਵਿਚ 90 ਹਜ਼ਾਰ ਵਰ੍ਹੇ ਘਟ ਕੇ ਕੇਵਲ ਦਸ ਹਜ਼ਾਰ ਵਰ੍ਹੇ ਰਹਿ ਗਈ। ਮਾਇਆ, ਮੋਹ ਅਤੇ ਹੰਕਾਰ ਦਾ ਪਸਾਰਾ ਵੱਧਣ ਲੱਗਿਆ। ਦੁਆਪਰ ਵਿਚ ਯਾਦਵ ਵੰਸ਼ ਵਿਚ ਸ੍ਰੀ ਕ੍ਰਿਸ਼ਨ ਪੈਦਾ ਹੋਏ। ਹੁਣ ਲੋਕਾਂ ਦੀ ਉਮਰ ਨੌਂ ਹਿੱਸੇ ਘੱਟ ਗਈ ਅਤੇ ਦਸ ਹਜ਼ਾਰ ਵਰ੍ਹੇ ਦੀ ਥਾਂ ਕੇਵਲ ਇਕ ਹਜ਼ਾਰ ਵਰ੍ਹੇ ਰਹਿ ਗਈ। ਤ੍ਰੇਤੇ ਵਿਚ ਰਿਗ ਵੇਦ ਪੜ੍ਹ ਕੇ ਬ੍ਰਾਹਮਣ ਕਰਮ ਕਰਾਉਂਦੇ ਸਨ ਅਤੇ ਲੋਕ ਹਰ ਸ਼ੁਭ ਕਰਮ ਪੂਰਬ ਵੱਲ ਮੂੰਹ ਕਰਕੇ ਕਰਦੇ ਸਨ। ਦੁਆਪਰ ਵਿਚ ਖੱਤਰੀਆਂ ਨੇ ਯਜੁਰ ਵੇਦ ਦੀ ਉਪਾਸਨਾ ਕਰਨੀ ਸ਼ੁਰੂ ਕਰ ਦਿੱਤੀ। ਹੁਣ ਸਾਰੇ ਸ਼ੁਭ ਕੰਮ ਦੱਖਣ ਦੀ ਦਿਸ਼ਾ ਵੱਲ ਮੂੰਹ ਕਰਕੇ ਕੀਤੇ ਜਾਣ ਲੱਗੇ। ਲੋਕਾਂ ਵਿਚ ਵਿਸ਼ਵਾਸ ਹੋ ਗਿਆ ਕਿ ਪਰਮਾਤਮਾ ਦਾ ਘਰ ਦੱਖਣ ਵਿਚ ਹੈ। ਇਸ ਤੋਂ ਪਿੱਛੋਂ ਸਮਾਜ ਵਿਚ ਵੈਸ਼ ਵਰਣ ਦੀ ਪ੍ਰਧਾਨਤਾ ਹੋ ਗਈ। ਉਨ੍ਹਾਂ ਨੇ ਸ਼ਾਮ ਵੇਦ ਦੀ ਪੂਜਾ ਪ੍ਰਤਿਸ਼ਠਾ ਸ਼ੁਰੂ ਕਰ ਦਿੱਤੀ। ਇਹ ਲੋਕ ਪੱਛਮ ਵੱਲ ਮੂੰਹ ਕਰਕੇ ਪਰਮਾਤਮਾ ਦੀ ਭਗਤੀ ਕਰਨ ਲੱਗੇ। ਰਿਗਵੇਦ ਵਿਚ ਨੀਲੇ ਵਸਤਰਾਂ, ਯਜੁਰ ਵੇਦ ਵਿਚ ਪੀਲੇ ਅਤੇ ਸਾਮ ਵੇਦ ਵਿਚ ਚਿੱਟੇ ਵਸਤਰਾਂ ਨੂੰ ਸ਼ੁਭ ਮੰਨਿਆ ਗਿਆ। ਤਿੰਨਾਂ ਯੁਗਾਂ ਵਿਚ ਲੋਕਾਂ ਦੇ ਧਰਮ-ਕਰਮ ਦੇ ਮਾਰਗ ਵੱਖਰੇ-ਵੱਖਰੇ ਸਨ।

(7)

1.9.3.7 ਇਸ ਪਉੜੀ ਵਿਚ ਭਾਈ ਗੁਰਦਾਸ ਨੇ ਜੁਗਗਰਦੀ ਅਰਥਾਤ ਯੁੱਗ ਦੀ ਤਬਦੀਲੀ ਦਾ ਨਕਸ਼ਾ ਖਿਚਿਆ ਹੈ। ਦੁਆਪਰ ਯੁਗ ਦੇ ਬੀਤਣ ਤੋਂ ਬਾਅਦ ਕਲਿਯੁਗ ਦੀ ਸਥਾਪਨਾ ਹੋਈ ਤਾਂ ਧਰਮ-ਕਰਮ ਦੀਆਂ ਵਿਧੀਆਂ ਅਤੇ ਲੋਕਾਂ ਦੀਆਂ ਜੀਵਨ-ਸ਼ੈਲੀਆਂ ਵੀ ਬਦਲ ਗਈਆਂ। ਭਾਈ ਸਾਹਿਬ ਲਿਖਦੇ ਹਨ ਕਿ ਜਦ ਯੁੱਗ ਤਬਦੀਲ ਹੁੰਦੇ ਹਨ ਤਾਂ ਲੋਕਾਂ ਦਾ ਵਰਤਾਰਾ ਵੀ ਬਦਲ ਜਾਂਦਾ ਹੈ। ਕਲਿਯੁਗ ਵਿਚ ਜਗਤ ਵਿਚ ਪਿਆਰ-ਮੁਹੱਬਤ ਦੀ ਥਾਂ

ਤੇ ਵੈਰ-ਵਿਰੋਧ ਦੇ ਭਾਵ ਪ੍ਰਧਾਨ ਹੋ ਗਏ। ਸਾਰੇ ਪਾਸੇ ਪਾਪ ਦਾ ਸਾਮਰਾਜ ਕਾਇਮ ਹੋ ਗਿਆ ਅਤੇ ਲੋਕਾਂ ਵਿਚ ਭ੍ਰਿਸ਼ਟਾਚਾਰ ਫੈਲ ਗਿਆ। ਇਕ ਵਰਣ ਦੇ ਲੋਕ ਦੂਜੇ ਵਰਣ ਦੇ ਲੋਕਾਂ ਨਾਲ ਨਫ਼ਰਤ ਕਰਨ ਲੱਗੇ ਅਤੇ ਆਪਸ ਵਿਚ ਲੜਾਈ ਝਗੜੇ ਦਾ ਵਾਤਾਵਰਣ ਬਣ ਗਿਆ। ਵੇਦਾਂ ਵਿਚ ਪੇਸ਼ ਹੋਏ ਗਿਆਨ ਦੀ ਨਿੰਦਾ ਹੋਣ ਲੱਗੀ। ਅਗਿਆਨ ਦੇ ਅਨ੍ਹੇਰੇ ਵਿਚ ਭਟਕਦੇ ਹੋਏ ਲੋਕ ਗਿਆਨ ਤੋਂ ਮੁਨਕਿਰ ਹੋ ਗਏ। ਵੇਦ ਅਤੇ ਗ੍ਰੰਥ ਗੁਰੂ ਦੇ ਅਜਿਹੇ ਫੁਰਮਾਨ ਹਨ ਜਿਨ੍ਹਾਂ ਦੇ ਲੜ ਲੱਗ ਕੇ ਵਿਅਕਤੀ ਸੰਸਾਰ-ਸਮੁੰਦਰ ਨੂੰ ਪਾਰ ਕਰ ਸਕਦਾ ਹੈ। ਸਤਿਗੁਰੂ ਤੋਂ ਬਿਨਾਂ ਵਿਅਕਤੀ ਨੂੰ ਆਪਣੇ ਆਦਰਸ਼ ਅਤੇ ਮੰਤਵ ਦੀ ਸੋਝੀ ਪ੍ਰਾਪਤ ਨਹੀਂ ਹੁੰਦੀ। ਪ੍ਰਭੂ ਆਪ ਅਵਤਾਰ ਧਾਰ ਕੇ ਸਤਿਗੁਰੂ ਦੇ ਰੂਪ ਵਿਚ ਇਸ ਦੁਨੀਆਂ ਉਪਰ ਆਉਂਦਾ ਹੈ। ਸੋ ਗੁਰੂ ਅਤੇ ਪਰਮੇਸ਼ਵਰ ਇੱਕ ਹੀ ਹੁੰਦੇ ਹਨ ਅਤੇ ਗੁਰੂ ਸੱਚਾ ਸ਼ਾਹ ਤੇ ਜਗਤ ਉਸ ਦਾ ਵਣਜਾਰਾ ਹੁੰਦਾ ਹੈ। ਭਾਈ ਸਾਹਿਬ ਫੁਰਮਾਉਂਦੇ ਹਨ ਕਿ ਜਿਵੇਂ ਸੂਰਜ ਦੇ ਪ੍ਰਗਟ ਹੋਣ ਨਾਲ ਰਾਤ ਦਾ ਹਨ੍ਹੇਰਾ ਖ਼ਤਮ ਹੋ ਜਾਂਦਾ ਹੈ ਇਸੇ ਤਰ੍ਹਾਂ ਸਤਿਗੁਰੂ ਦੇ ਆਗਮਨ ਨਾਲ ਅਗਿਆਨਤਾ ਦਾ ਹਨ੍ਹੇਰਾ ਮਿਟ ਜਾਂਦਾ ਹੈ।

(8)

1.9.3.8 ਇਸ ਪਉੜੀ ਵਿਚ ਭਾਈ ਸਾਹਿਬ ਕਲਿਯੁਗ ਦੀ ਪ੍ਰਕ੍ਰਿਤੀ ਬਾਰੇ ਵਿਚਾਰ ਕਰਦੇ ਹਨ। ਆਪ ਅਨੁਸਾਰ ਕਲਯੁਗ ਦੇ ਆਰੰਭ ਵਿਚ ਮਹਾਤਮਾ ਬੁੱਧ ਵਰਗੇ ਅਵਤਾਰ ਦਾ ਜਨਮ ਹੋਇਆ। ਪਰੰਤੂ ਲੋਕਾਂ ਨੂੰ ਗਿਆਨ (ਬੋਧ) ਨਾ ਹੋ ਸਕਿਆ। ਕੋਈ ਕਿਸੇ ਨੂੰ ਟੋਕਦਾ ਜਾਂ ਵਰਜਦਾ ਨਹੀਂ ਅਤੇ ਜਿਵੇਂ ਕਿਸੇ ਦੀ ਮਰਜ਼ੀ ਹੁੰਦੀ ਹੈ, ਲੋਕ ਬੁਰੇ ਅਤੇ ਅਪਵਿੱਤਰ ਕੰਮ ਕਰਦੇ ਰਹਿੰਦੇ ਹਨ। ਕੋਈ ਪੱਥਰ ਦੀ ਸ਼ਿਲਾ ਨੂੰ ਪਰਮਾਤਮਾ ਸਮਝ ਕੇ ਪੂਜ ਰਿਹਾ ਹੈ ਅਤੇ ਕੋਈ ਮੜ੍ਹੀਆਂ ਦੀ ਪੂਜਾ ਦੇ ਚੱਕਰ ਵਿਚ ਪਿਆ ਹੋਇਆ ਹੈ। ਇਸ ਯੁੱਗ ਵਿਚ ਤਰ੍ਹਾਂ-ਤਰ੍ਹਾਂ ਦੇ ਮੰਤਰ-ਤੰਤਰ ਅਤੇ ਪਾਖੰਡ ਪ੍ਰਧਾਨ ਹਨ। ਇਕ ਫ਼ਿਰਕੇ ਦੇ ਲੋਕ ਦੂਜੇ ਫਿਰਕੇ ਦੇ ਲੋਕਾਂ ਨੂੰ ਬਰਦਾਸ਼ਤ ਨਹੀਂ ਕਰਦੇ ਅਤੇ ਪਰਸਪਰ ਨਫ਼ਰਤ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਲੋਕਾਂ ਵਿਚ ਆਪੋ ਧਾਪੀ ਪਈ ਹੋਈ ਹੈ। ਕੋਈ ਕਿਸੇ ਦੇ ਉਪਦੇਸ਼ ਨੂੰ ਨਹੀਂ ਮੰਨਦਾ ਅਤੇ ਬਹੁਤ ਸਾਰੇ ਧਰਮ ਪ੍ਰਚਲਿਤ ਹੋ ਗਏ ਹਨ। ਕੋਈ ਚੰਦਰਮਾਂ ਜਾਂ ਸੂਰਜ ਦੀ ਪੂਜਾ ਕਰ ਰਿਹਾ ਹੈ ਅਤੇ ਕੋਈ ਹੋਰ ਧਰਤੀ ਜਾਂ ਆਸਮਾਨ ਦੀ ਉਪਾਸਨਾ ਵਿਚ ਲੀਨ ਹੈ ਇਸ ਤਰ੍ਹਾਂ ਕੋਈ ਹੋਰ ਹਵਾ, ਪਾਣੀ, ਅਗਨੀ ਜਾਂ ਧਰਮ ਰਾਜ ਦੀ ਪੂਜਾ ਵਿਚ ਰੁੱਝਾ ਹੋਇਆ ਹੈ। ਕਲਿਯੁਗ ਦੇ ਲੋਕ ਭਰਮਾਂ ਵਿਚ ਪੈ ਕੇ ਸੱਚੇ ਧਰਮ ਮਾਰਗ ਨੂੰ ਭੁੱਲ ਗਏ ਹਨ।

(9)

1.9.3.9 ਇਸ ਪਉੜੀ ਵਿਚ ਭਾਈ ਗੁਰਦਾਸ ਕਲਿਯੁਗ ਦੇ ਧਾਰਮਿਕ ਅਤੇ ਸਭਿਆਚਾਰਕ ਮਾਹੌਲ ਦਾ ਚਿੱਤਰ ਪੇਸ਼ ਕਰਦੇ ਹਨ। ਆਪ ਅਨੁਸਾਰ ਲੋਕ ਇਕ ਦੂਜੇ ਨੂੰ ਏਨੀ ਨਫ਼ਰਤ ਕਰਦੇ ਹਨ ਕਿ ਨੱਕ-ਬੁੱਲ੍ਹ ਵੱਟ ਕੇ ਇਕ ਦੂਸਰੇ ਦੇ ਕੋਲੋਂ ਗੁਜ਼ਰਦੇ ਹਨ। ਚਾਰ ਵਰਣ **(ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ)** ਅਤੇ ਚਾਰ ਆਸ਼ਰਮ **(ਬ੍ਰਹਮਚਰਯ, ਗ੍ਰਹਿਸਥ, ਵਾਨਪ੍ਰਸਥ ਅਤੇ ਸੰਨਿਆਸ)** ਪੈਦਾ ਹੋ ਚੁੱਕੇ ਹਨ। ਸੰਨਿਆਸੀਆਂ ਦੇ ਦਸ ਫਿਰਕੇ ਅਤੇ ਨਾਥ-ਜੋਗੀਆਂ ਨੇ ਆਪਣੇ ਬਾਰਾਂ ਪੰਥ ਚਲਾ ਰਖੇ ਹਨ। ਇਸੇ ਤਰ੍ਹਾਂ ਕਈ ਹੋਰ

ਫਿਰਕੇ ਜਿਵੇਂ ਜੰਗਮ, ਸਰੇਵੜੇ ਅਤੇ ਦਿਗਾਂਬਰ ਵੀ ਚੱਲ ਪਏ ਹਨ। ਪਰੰਤੂ ਇਹ ਸਭ ਆਪੋ ਵਿਚ ਇਕ ਦੂਸਰੇ ਨਾਲ ਬਹੁਤ ਨਫ਼ਰਤ ਕਰਦੇ ਹਨ ਅਤੇ ਵੈਰ-ਵਿਰੋਧ ਦਾ ਮਾਹੌਲ ਬਣਿਆ ਰਹਿੰਦਾ ਹੈ। ਬ੍ਰਾਹਮਣ ਲੋਕ ਸ਼ਾਸਤਰਾਂ ਅਤੇ ਪੁਰਾਣਾਂ ਦੇ ਨਾਮ ਤੇ ਇਕ ਦੂਸਰੇ ਨਾਲ ਝਗੜਦੇ ਰਹਿੰਦੇ ਹਨ। ਹਿੰਦੂ ਧਰਮ ਦੇ ਛੇ ਸ਼ਾਸਤਰਾਂ ਨੂੰ ਮੰਨਣ ਵਾਲੇ ਰਿਸ਼ੀਆਂ-ਮੁੰਨੀਆਂ ਦੀ ਵੀ ਆਪੋ ਵਿਚ ਨਹੀਂ ਬਣਦੀ। ਹਰ ਕੋਈ ਆਪਣੇ ਸ਼ਾਸਤਰ ਨੂੰ ਮਹਾਨ ਅਤੇ ਸ੍ਰੇਸ਼ਠ ਸਿੱਧ ਕਰ ਰਿਹਾ ਹੈ। ਲੋਕਤੰਤਰਾਂ-ਮੰਤਰਾਂ ਅਤੇ ਕਰਾਮਾਤਾਂ ਦੇ ਪਾਖੰਡ ਭਰਪੂਰ ਵਾਤਾਵਰਣ ਵਿਚ ਭਟਕ ਰਹੇ ਹਨ। ਕਿਸੇ ਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਹੋ ਰਹੀ। ਲੋਕ ਇਕ ਪਰਮਾਤਮਾ ਨੂੰ ਬਹੁਤੇ ਰੂਪਾਂ ਵਿਚ ਸਮਝਣ ਦੇ ਕਾਰਣ ਇਕ ਦੂਜੇ ਦੇ ਵਿਰੋਧੀ ਬਣ ਬੈਠੇ ਹਨ। ਗੱਲ ਕੀ ਕਲਿਯੁਗ ਵਿਚ ਭਰਮ-ਭੁਲੇਖਿਆਂ ਅਤੇ ਅਗਿਆਨ ਦਾ ਮਾਹੌਲ ਬਣਿਆ ਹੋਇਆ ਹੈ।

**(10)**

1.9.3.10 ਇਸ ਪਉੜੀ ਵਿਚ ਭਾਈ ਸਾਹਿਬ ਇਸਲਾਮ ਦੀ ਉਤਪਤੀ ਅਤੇ ਵਿਕਾਸ ਦੇ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਭਾਈ ਸਾਹਿਬ ਲਿਖਦੇ ਹਨ ਕਿ ਇਸਲਾਮ ਦੀ ਉਤਪਤੀ ਦੇ ਸਮੇਂ ਦੁਨੀਆਂ ਵਿਚ ਬਹੁਤ ਸਾਰੇ ਮੱਤ ਅਤੇ ਫਿਰਕੇ ਸਥਾਪਿਤ ਹੋ ਚੁੱਕੇ ਸਨ। ਮੁਹੰਮਦ ਸਾਹਿਬ ਅਤੇ ਉਨ੍ਹਾਂ ਦੇ ਚਾਰ ਯਾਰਾਂ (ਅਬੂਬਕਰ, ਉਮਰ ਫਾਰੂਕ, ਉਸਮਾਨ ਅਤੇ ਹਜ਼ਰਤ ਅਲੀ) ਸਮੇਂ ਬਹੱਤਰ ਸ਼ਾਖਾਵਾਂ ਸ਼ੁਰੂ ਹੋ ਗਈਆਂ ਸਨ। ਤੀਹ ਰੋਜ਼ੇ ਦੋ ਈਦਾਂ ਅਤੇ ਪੰਜ ਨਮਾਜ਼ਾਂ ਬਣਾ ਕੇ ਸੰਸਾਰ ਨੂੰ ਕਰਮ ਕਾਂਡਾਂ ਦੀ ਕੈਦ ਵਿਚ ਡੱਕ ਦਿੱਤਾ। ਇਸ ਤਰ੍ਹਾਂ ਦੁਨੀਆਂ ਵਿਚ ਹੋਰ ਵੀ ਬਹੁਤ ਸਾਰੇ ਪੀਰ, ਪੈਗੰਬਰ ਅਤੇ ਔਲੀਏ ਪੈਦਾ ਹੁੰਦੇ ਰਹੇ। ਸਾਰਿਆਂ ਨੇ ਤਰ੍ਹਾਂ-ਤਰ੍ਹਾਂ ਦੀਆਂ ਦੀਵਾਰਾਂ ਬਣਾ ਕੇ ਵੱਖ-ਵੱਖ ਫਿਰਕਿਆਂ ਦੀ ਆਪਸੀ ਦੁਸ਼ਮਣੀ ਨੂੰ ਹੋਰ ਵੀ ਵਧਾ ਦਿੱਤਾ। ਮੁਸਲਮਾਨਾਂ ਨੇ ਭਾਰਤ ਵਿਚ ਠਾਕਰ ਦੁਆਰੇ ਅਤੇ ਮੰਦਰ ਗਿਰਾ ਕੇ ਉਨ੍ਹਾਂ ਦੀ ਥਾਂ ਤੇ ਮਸਜਿਦਾਂ ਬਣਾਉਂਣੀਆਂ ਸ਼ੁਰੂ ਕਰ ਦਿੱਤੀਆਂ। ਗਊ ਅਤੇ ਗ਼ਰੀਬ ਦੀ ਹੱਤਿਆ ਹੋਣ ਲੱਗ ਪਈ ਅਤੇ ਧਰਤੀ ਉਪਰ ਪਾਪਾਂ ਦਾ ਪਸਾਰਾ ਵਧ ਗਿਆ। ਕਾਫ਼ਰ ਅਤੇ ਬੇਈਮਾਨ, ਰੂਮੀ ਅਤੇ ਆਰਮੀਨੀ ਵਿਚਲੇ ਭੇਦ ਭਾਵ ਨੇ ਮਾਨਵਤਾ ਵਿਚ ਵੰਡੀਆਂ ਪੈਦਾ ਕਰ ਦਿੱਤੀਆਂ। ਇਸਤਰੀਆਂ ਦੀ ਪ੍ਰਾਪਤੀ ਲਈ ਯੁੱਧ ਹੋਣ ਲੱਗ ਪਏ। ਇਸ ਤਰ੍ਹਾਂ ਦੁਨੀਆਂ ਵਿਚ ਪਾਪ ਦਾ ਵਰਤਾਰਾ ਬਹੁਤ ਵੱਧ ਗਿਆ।

**(11)**

1.9.3.11 ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਤੋਂ ਪਹਿਲਾਂ ਭਾਰਤ ਦੀ ਸਮਾਜਕ ਸਭਿਆਚਾਰਕ ਸਥਿਤੀ ਦਾ ਵਰਣਨ ਕਰਦੇ ਹੋਏ ਭਾਈ ਸਾਹਿਬ ਲਿਖਦੇ ਹਨ ਕਿ ਉਸ ਸਮੇਂ ਭਾਰਤ ਵਿਚ ਚਾਰ ਵਰਣ ਅਤੇ ਚਾਰ ਮਜ਼ਹਬ ਪੈਦਾ ਹੋ ਚੁੱਕੇ ਸਨ। ਪਰੰਤੂ ਇਨ੍ਹਾਂ ਦੇ ਦਰਮਿਆਨ ਬਹੁਤ ਸਾਰੀ ਖਹਿਬਾਜ਼ੀ ਚੱਲ ਰਹੀ ਸੀ ਅਤੇ ਤਕੜੇ ਲੋਕ ਮਾੜਿਆਂ ਉਪਰ ਅਤਿਆਚਾਰ ਕਰ ਰਹੇ ਸਨ। ਹਿੰਦੂ ਲੋਕ ਗੰਗਾ ਅਤੇ ਬਨਾਰਸ ਨੂੰ ਪੂਜਣਯੋਗ ਮੰਨਦੇ ਸਨ ਅਤੇ ਮੁਸਲਮਾਨ ਮੱਕੇ ਅਤੇ ਕਾਅਬੇ ਦੀ ਪੂਜਾ ਕਰਦੇ ਸਨ। ਮੁਸਲਮਾਨ ਸੁੰਨਤ ਨੂੰ ਪਵਿੱਤਰ ਰਸਮ ਮੰਨਦੇ ਸਨ ਅਤੇ ਹਿੰਦੂ ਤਿਲਕ ਅਤੇ ਜੰਞੂ ਦੀ ਪਵਿੱਤਰਤਾ ਨੂੰ ਮੰਨਦੇ ਸਨ। ਉਹ ਭੁੱਲ ਗਏ ਸਨ ਕਿ ਰਾਮ ਅਤੇ ਰਹੀਮ ਦੋ ਸ਼ਕਤੀਆਂ ਨਹੀਂ ਬਲਕਿ ਇੱਕ ਹੀ ਪਰਮ ਸੱਤਾ ਦੇ ਦੋ

ਨਾਮ ਹਨ। ਦੋਵੇਂ ਧਰਮਾਂ ਦੇ ਅਨੁਆਈ ਵੇਦਾਂ ਅਤੇ ਕਤੇਬਾਂ ਵਿਚ ਅੰਕਿਤ ਗਿਆਨ ਨੂੰ ਭੁਲਾ ਕੇ ਲਾਲਚ ਦੇ ਵੱਸ ਸ਼ੈਤਾਨ ਬਣ ਚੁੱਕੇ ਸਨ। ਸੱਚ ਤਾਂ ਪਾਸੇ ਹੀ ਰਹਿ ਗਿਆ ਸੀ ਅਤੇ ਹਿੰਦੂ-ਮੁਸਲਮਾਨ ਬਾਹਰੀ ਭੇਖਾਂ ਜਾਂ ਚਿੰਨ੍ਹਾਂ ਪਿੱਛੇ ਇੱਕ ਦੂਜੇ ਨਾਲ ਲੜ-ਝਗੜ ਕੇ ਮਰ ਰਹੇ ਸਨ। ਬ੍ਰਾਹਮਣਾਂ ਅਤੇ ਮੌਲਾਣਿਆਂ ਨੇ ਆਪਣਾ-ਆਪਣਾ ਵੱਖਰਾ ਰੱਬ ਬਣਾ ਰੱਖਿਆ ਸੀ। ਇਸੇ ਕਾਰਣ ਇਨ੍ਹਾਂ ਲੋਕਾਂ ਦਾ ਪਾਰਉਤਾਰਾ ਹੋਣ ਦੀ ਬਜਾਇ ਇਹ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਪਏ ਹੋਏ ਭਟਕ ਰਹੇ ਸਨ।

(12)

1.9.3.12 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਪਰਮਾਤਮਾ ਦੇ ਇਨਸਾਫ਼ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਫ਼ੁਰਮਾਉਂਦੇ ਹਨ ਕਿ ਵੱਖ-ਵੱਖ ਚਾਰ ਯੁੱਗਾਂ ਵਿਚ ਪਰਮਾਤਮਾ ਨੇ ਆਪ ਹੀ ਲੋਕਾਂ ਨਾਲ ਇਨਸਾਫ਼ ਕੀਤਾ। ਉਸ ਨੇ ਲੋਕਾਂ ਦੀ ਤਕਦੀਰ ਆਪਣੇ ਹੱਥਾਂ ਨਾਲ ਲਿਖੀ ਅਤੇ ਉਹ ਆਪ ਹੀ ਲੋਕਾਂ ਦੀ ਕਿਸਮਤ ਦਾ ਮਾਲਕ ਬਣਿਆ ਰਿਹਾ। ਕਲਿਯੁਗ ਵਿਚ ਲੋਕਾਂ ਦੇ ਦੁੱਖ-ਦਰਦ ਨੂੰ ਵੇਖ ਕੇ ਉਸ ਨੇ ਮਹਿਸੂਸ ਕੀਤਾ ਕਿ ਗੁਰੂ ਤੋਂ ਬਿਨਾਂ ਲੋਕ ਵਹਿਮ-ਭਰਮਾਂ ਅਤੇ ਅਤਿਆਚਾਰ ਦੇ ਅਨ੍ਹੇਰੇ ਵਿਚ ਭਟਕਦੇ ਰਹਿਣਗੇ। ਅਗਿਆਨ ਦੀ ਅਵਸਥਾ ਵਿਚ ਉਹ ਆਪਸ ਵਿਚ ਹੀ ਲੜ-ਝਗੜ ਕੇ ਖ਼ਤਮ ਹੁੰਦੇ ਰਹਿਣਗੇ। ਕਲਿਯੁਗ ਵਿਚ ਸਭ ਪਾਸੇ ਪਾਪ-ਬਿਰਤੀ ਪ੍ਰਧਾਨ ਹੋ ਚੁੱਕੀ ਸੀ ਅਤੇ ਧਰਮ ਰੂਪੀ ਧਵਲ (ਬਲਦ, ਜਿਸ ਨੇ ਸਾਰੀ ਪ੍ਰਿਥਵੀ ਨੂੰ ਆਪਣੇ ਸਿਰ ਉਪਰ ਚੁੱਕਿਆ ਹੋਇਆ ਹੈ) ਵੀ ਨਿਰਾਸ਼ ਹੋ ਕੇ ਪੁਕਾਰ ਰਿਹਾ ਹੈ। ਲੋਕ, ਦਇਆ ਅਤੇ ਧਰਮ ਦੇ ਮਾਰਗ ਤੋਂ ਬੇਮੁਖ ਹੋ ਚੁੱਕੇ ਹਨ ਅਤੇ ਸੱਚੇ ਮਾਰਗ ਤੋਂ ਨਿਘਰ ਕੇ ਰਸਾਤਲ ਦੇ ਟੋਇਆਂ ਵਿਚ ਫਸਦੇ ਜਾ ਰਹੇ ਹਨ। ਇਕ ਪੈਰ ਤੇ ਖੜਾ ਹੋਇਆ ਧਰਮ ਰੂਪੀ ਬਲਦ ਪਾਪਾਂ ਦੇ ਬੋਝ ਨਾਲ ਬਹੁਤ ਨਿਸੱਤਾ ਅਤੇ ਨਿਤਾਣਾ ਹੋ ਗਿਆ ਹੈ। ਇਸ ਸਥਿਤੀ ਵਿਚ ਕੋਈ ਸਾਧੂ ਪੁਰਖ ਹੀ ਧਰਮ ਦਾ ਬਚਾਉ ਕਰ ਸਕਦਾ ਹੈ। ਪਰਮਾਤਮਾ ਨੇ ਦੁਨੀਆਂ ਵਿਚ ਚਾਰੇ ਪਾਸੇ ਨਜ਼ਰ ਦੌੜਾਈ ਪਰੰਤੂ ਉਸ ਨੂੰ ਇਹੋ ਜਿਹਾ ਕੋਈ ਸੰਤ-ਪੁਰਖ ਨਜ਼ਰ ਨਾ ਆਇਆ ਜੋ ਧਰਮ ਦੀ ਰੱਖਿਆ ਕਰ ਸਕੇ। ਇਸੇ ਕਾਰਣ ਆਪ ਨੇ ਗੁਰੂ ਨਾਨਕ ਨੂੰ ਇਸ ਸੰਸਾਰ ਵਿਚ ਭੇਜਿਆ। ਇਸ ਤਰ੍ਹਾਂ ਗੁਰੂ ਜੀ ਇਕ ਵਿਸ਼ੇਸ਼ ਮਿਸ਼ਨ ਦੀ ਪੂਰਤੀ ਲਈ ਇਸ ਸੰਸਾਰ ਵਿਚ ਪ੍ਰਗਟ ਹੋਏ ਸਨ। ਇਸ ਪਉੜੀ ਤੱਕ ਭਾਈ ਸਾਹਿਬ ਨੇ ਉਨ੍ਹਾਂ ਪਰਿਸਥਿਤੀਆਂ ਬਾਰੇ ਚਰਚਾ ਕੀਤੀ ਹੈ, ਜਿਨ੍ਹਾਂ ਕਾਰਣ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਪ੍ਰਗਟ ਹੋਏ ਹਨ। ਉਪਰੰਤ ਗੁਰੂ ਸਾਹਿਬਾਨ ਦੀ ਧਾਰਮਿਕ ਅਤੇ ਸਭਿਆਚਾਰਕ ਦੇਣ ਨੂੰ ਪ੍ਰਗਟ ਕੀਤਾ ਗਿਆ ਹੈ।

(13)

1.9.3.13 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦੀ ਸਾਖੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ। ਭਾਈ ਸਾਹਿਬ ਨੇ ਇਸ ਤੋਂ ਪਹਿਲਾਂ ਗਿਆਰ੍ਹਾਂ ਪਉੜੀਆਂ ਵਿਚ ਗੁਰੂ ਜੀ ਦੇ ਜਨਮ ਲੈਣ ਸਮੇਂ ਦੀਆਂ ਸਮਾਜਕ-ਸਭਿਆਚਾਰਕ ਪਰਿਸਥਿਤੀਆਂ ਬਾਰੇ ਆਪਣੇ ਵਿਚਾਰ ਬੜੇ ਵਿਸਤਾਰ ਨਾਲ ਪੇਸ਼ ਕੀਤੇ ਸਨ। ਅਜਿਹੀ ਪਿੱਠ ਭੂਮੀ ਵਿਚ ਗੁਰੂ ਜੀ ਦੇ ਪ੍ਰਗਟ ਹੋਣ ਦੀ ਘਟਨਾ ਨੂੰ ਆਪ ਨੇ ਬੜੇ ਨਾਟਕੀ ਅੰਦਾਜ਼ ਵਿਚ ਪੇਸ਼

ਕੀਤਾ ਹੈ। ਆਪ ਦੇ ਕਥਨ ਅਨੁਸਾਰ ਦੁਖੀ ਲੋਕਾਂ ਦੀ ਪੁਕਾਰ ਸੁਣ ਕੇ, ਉਨ੍ਹਾਂ ਦੇ ਦੁੱਖਾਂ ਦਾ ਨਿਵਾਰਨ ਕਰਨ ਲਈ ਪਰਮਾਤਮਾ ਨੇ ਆਪ ਨੂੰ ਇਸ ਦੁਨੀਆਂ ਵਿਚ ਭੇਜਿਆ। ਗੁਰੂ ਜੀ ਨੇ ਇਸ ਸੰਸਾਰ ਵਿਚ ਜਨਮ ਲੈ ਕੇ ਲੋਕਾਂ ਨੂੰ ਪਰਮਾਤਮਾ ਦੇ ਸੱਚੇ ਨਾਮ ਨਾਲ ਜੋੜਿਆ। ਆਪ ਨੇ ਲੋਕਾਂ ਨੂੰ ਪੂਜਾ ਦੀਆਂ ਅਨੇਕ ਵਿਧੀਆਂ ਅਤੇ ਬਹੁਤ ਸਾਰੇ ਦੇਵੀ-ਦੇਵਤਿਆਂ ਦੀ ਭਗਤੀ ਛੱਡ ਕੇ ਇਕ ਪਰਮਾਤਮਾ ਨੂੰ ਪਹਿਚਾਣਨ ਅਤੇ ਉਸ ਦੀ ਭਗਤੀ ਕਰਨ ਲਈ ਪ੍ਰੇਰਿਆ। ਆਪ ਨੇ ਚਾਰੇ ਧਰਮਾਂ ਨੂੰ ਇੱਕ ਧਰਮ ਅਤੇ ਚਾਰੇ ਵਰਣਾਂ ਨੂੰ ਇੱਕ ਵਰਣ ਵਿਚ ਅਭੇਦ ਕਰਕੇ ਮਨੁੱਖੀ ਸਮਾਨਤਾ ਅਤੇ ਭਾਈਚਾਰੇ ਦਾ ਇੱਕ ਨਵਾਂ ਪੰਥ ਕਾਇਮ ਕੀਤਾ। ਆਪ ਨੇ ਦਰਸਾਇਆ ਕਿ ਪਰਮਾਤਮਾ ਦੀ ਨਜ਼ਰ ਵਿਚ ਰਾਜਾ ਅਤੇ ਗ਼ਰੀਬ ਇਕੋ ਜਿਹੇ ਹਨ ਕਿਉਂਕਿ ਉਹ ਅਮੀਰੀ, ਗ਼ਰੀਬੀ ਦੇ ਕਾਰਣ ਲੋਕਾਂ ਵਿਚ ਕੋਈ ਵਿਤਕਰਾ ਨਹੀਂ ਰੱਖਦਾ। ਗੁਰੂ ਜੀ ਨੇ ਸਾਰੀ ਦੁਨੀਆਂ ਵਿਚ ਨਿਮ੍ਰਤਾ ਦਾ ਸੰਦੇਸ਼ ਪਹੁੰਚਾਇਆ ਅਤੇ ਦਰਸਾਇਆ ਕਿ ਪਰਮਾਤਮਾ ਨਿਮ੍ਰਤਾ ਦੇ ਧਾਰਣ ਕੀਤਿਆਂ ਹੀ ਪ੍ਰਾਪਤ ਹੁੰਦਾ ਹੈ। ਗੁਰੂ ਜੀ ਨੇ ਆਪਣੇ ਉਪਦੇਸ਼ਾਂ ਦੁਆਰਾ ਕਲਿਯੁਗ ਵਿਚ ਰਹਿਣ ਵਾਲੇ ਲੋਕਾਂ ਦਾ ਕਲਿਆਣ ਕਰ ਦਿੱਤਾ। ਆਪ ਫੁਰਮਾਉਂਦੇ ਹਨ ਕਿ ਪਰਮਾਤਮਾ ਨੇ ਗੁਰੂ ਨਾਨਕ ਦੇਵ ਜੀ ਨੂੰ ਇਸੇ ਲਈ ਸੰਸਾਰ ਵਿਚ ਭੇਜਿਆ ਸੀ ਤਾਂ ਜੋ ਆਪ ਕਲਿਯੁਗ ਵਿਚ ਰਹਿਣ ਵਾਲੇ ਲੋਕਾਂ ਦਾ ਪਾਰਉਤਾਰਾ ਕਰ ਸਕਣ। ਗੁਰੂ ਨਾਨਕ ਦੇਵ ਜੀ ਇਸੇ ਮੰਤਵ ਦੀ ਪੂਰਤੀ ਲਈ ਪ੍ਰਗਟ ਹੋਏ ਸਨ।

(14)

1.9.3.14 ਇਸ ਪਉੜੀ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਪਹਿਲੇ ਪ੍ਰਸੰਗ ਨੂੰ ਹੋਰ ਅੱਗੇ ਬਿਆਨ ਕੀਤਾ ਹੈ। ਆਪ ਅਨੁਸਾਰ ਅਕਾਲ ਪੁਰਖ ਦੀ ਦਰਗਾਹ ਤੋਂ ਬਖ਼ਸ਼ਿਸ਼ ਪਾ ਕੇ ਗੁਰੂ ਨਾਨਕ ਦੇਵ ਜੀ ਨੇ ਸਾਧਨਾ ਕੀਤੀ। ਪਰਮਾਤਮਾ ਦੀ ਭਜਨ-ਬੰਦਗੀ ਕਰਨ ਲਈ ਆਪ ਨੇ ਦੁਨਿਆਵੀ ਸੁੱਖ-ਸੁਵਿਧਾਵਾਂ ਦਾ ਤਿਆਗ ਕਰ ਦਿੱਤਾ ਅਤੇ ਪਥਰੀਲੀ ਧਰਤੀ ਉਪਰ ਬੈਠ ਕੇ ਪਰਮਾਤਮਾ ਦੀ ਭਗਤੀ ਕੀਤੀ। ਭਗਤੀ ਕਰਨ ਸਮੇਂ ਆਪ ਨੇ ਖਾਣ-ਪੀਣ ਦਾ ਵੀ ਕੋਈ ਖਿਆਲ ਨਾ ਰੱਖਿਆ। ਜੰਗਲੀ ਘਾਹ ਬੂਟੀਆਂ ਖਾ ਕੇ ਹੀ ਆਪ ਗੁਜ਼ਾਰਾ ਕਰਦੇ ਰਹੇ। ਇਸ ਤਰ੍ਹਾਂ ਆਪ ਨੇ ਬਹੁਤ ਤਪੱਸਿਆ ਕੀਤੀ ਜਿਸ ਸਦਕਾ ਪਰਮਾਤਮਾ ਆਪ ਉਪਰ ਪ੍ਰਸੰਨ ਹੋ ਗਿਆ। ਗੁਰੂ ਜੀ ਨੂੰ ਸੱਚ ਖੰਡ ਵਿਚੋਂ ਦਾਤਾਂ ਪ੍ਰਾਪਤ ਹੋਈਆਂ। ਆਪ ਨੂੰ ਨਾਮ ਦਾ ਖ਼ਜ਼ਾਨਾ ਪ੍ਰਾਪਤ ਹੋ ਗਿਆ। ਹੁਣ ਗੁਰੂ ਜੀ ਨੇ ਆਪਣੇ ਸਮੇਂ ਦੇ ਸਮਾਜ ਵੱਲ ਧਿਆਨ ਕੀਤਾ। ਉਨ੍ਹਾਂ ਨੇ ਵੇਖਿਆ ਕਿ ਲੋਕ ਬੜੇ ਦੁੱਖੀ ਹਨ। ਸਾਰੀ ਦੁਨੀਆਂ ਅਸ਼ਾਂਤੀ ਦੀ ਅਗਨੀ ਵਿਚ ਜਲ ਰਹੀ ਹੈ। ਦੁਨੀਆਂ ਵਿਚ ਸੱਚੇ ਗੁਰੂ ਦੀ ਅਣਹੋਂਦ ਕਾਰਣ ਲੋਕ ਅਗਿਆਨਤਾ ਦੇ ਹਨ੍ਹੇਰੇ ਵਿਚ ਭਟਕ ਰਹੇ ਸਨ। ਉਨ੍ਹਾਂ ਦੇ ਰੋਣ ਕੁਰਲਾਉਣ ਦੀਆਂ ਅਵਾਜ਼ਾਂ ਦੂਰ-ਦੂਰ ਤੱਕ ਸੁਣੀਆਂ ਜਾ ਸਕਦੀਆਂ ਸਨ। ਦੁਨੀਆਂ ਦੇ ਦੁੱਖਾਂ ਦਾ ਨਿਵਾਰਨ ਕਰਨ ਵਾਸਤੇ ਗੁਰੂ ਜੀ ਨੇ ਇਕ ਉਦਾਸੀ ਦਾ ਪਹਿਰਾਵਾ ਧਾਰਣ ਕੀਤਾ ਅਤੇ ਘਰ ਛੱਡ ਕੇ ਨਿਕਲ ਤੁਰੇ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੁਆਰਾ ਇਸ ਦੁਨੀਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਸੱਚੇ ਮਾਰਗ ਤੇ ਪਾਉਣ ਅਤੇ ਪਰਮਾਤਮਾ ਦੇ ਨਾਮ ਨਾਲ ਜੋੜਨ ਦਾ ਸੰਕਲਪ ਕੀਤਾ।

## ਪ੍ਰਸੰਗ ਸਹਿਤ ਵਿਆਖਿਆ ਲਈ ਕੁਝ ਪੰਕਤੀਆਂ

1. ਚਉਰਾਸਹਿ ਲਖ ਜੋਨਿ ਵਿਚ ਉਤਮੁ ਜਨਮੁ ਸੁ ਮਾਣਸਿ ਦੇਹੀ
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭ ਬੋਲਣ ਬਚਨ ਸਨੇਹੀ
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ

2. ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤ ਉਸਾਰਾ
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ

3. ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿ ਆਈ
ਬਾਬਾ ਪੈਧਾ ਸਚ-ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ

### 1.9.4 ਸੰਖੇਪ ਪ੍ਰਸ਼ਨ-ਉੱਤਰ

**ਪ੍ਰਸ਼ਨ :- ਵਾਰ ਕਿਸ ਨੂੰ ਕਹਿੰਦੇ ਹਨ?**

**ਉੱਤਰ :-** ਵਾਰ ਇਕ ਕਾਵਿ ਰੂਪ ਹੈ ਜਿਸ ਰਾਹੀਂ ਦੋ ਧਿਰਾਂ ਜਾਂ ਸ਼ਕਤੀਆਂ ਦੀ ਆਪਸੀ ਟੱਕਰ ਨੂੰ ਬਿਆਨ ਕੀਤਾ ਜਾਂਦਾ ਹੈ। ਅਜਿਹੀ ਰਚਨਾ ਲੋਕਾਂ ਵਿਚ ਉਤਸ਼ਾਹ ਪੈਦਾ ਕਰਦੀ ਹੈ। ਬੀਰ ਰਸ ਵਿਚ ਲਿਖੀਆਂ ਗਈਆਂ ਇਹ ਵਾਰਾਂ ਪੰਜਾਬੀ ਲੋਕਾਂ ਵਿਚ ਬੜੀਆਂ ਹਰਮਨ ਪਿਆਰੀਆਂ ਸਨ। ਇਸੇ ਲਈ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਨੇ ਨੇਕੀ ਅਤੇ ਬਦੀ ਵਿਚਲੀ ਟੱਕਰ ਨੂੰ ਮੂਰਤੀਮਾਨ ਕਰਨ ਵਾਸਤੇ ਅਧਿਆਤਮਿਕ ਵਾਰਾਂ ਦੀ ਰਚਨਾ ਕੀਤੀ।

**ਪ੍ਰਸ਼ਨ :-ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਕੀ ਦੱਸਿਆ ਗਿਆ ਹੈ?**

**ਉੱਤਰ :-**ਭਾਈ ਗੁਰਦਾਸ ਦੀ ਪਹਿਲੀ ਵਾਰ ਨੂੰ **'ਗਿਆਨ ਰਤਨਾਵਲੀ'** ਵੀ ਕਿਹਾ ਜਾਂਦਾ ਹੈ। ਇਸ ਵਾਰ ਵਿਚ ਭਾਈ ਗੁਰਦਾਸ ਨੇ ਗੁਰੂ ਸਾਹਿਬਾਨ ਦੇ ਪ੍ਰਗਟ ਹੋਣ ਦੀਆਂ ਸਮਾਜਕ-ਸਭਿਆਚਾਰਕ ਪਰਿਸਥਿਤੀਆਂ ਅਤੇ ਪਹਿਲੇ ਛੇ ਗੁਰੂ ਸਾਹਿਬਾਨ ਦੀ ਸਮਾਜਕ-ਸਭਿਆਚਾਰਕ ਦੇਣ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

**ਪ੍ਰਸ਼ਨ :- ਵਾਰ ਕਾਵਿ ਦੇ ਰੂਪ ਪੱਖ ਬਾਰੇ ਤੁਸੀਂ ਕੀ ਜਾਣਦੇ ਹੋ?**

**ਉੱਤਰ :-** ਵਾਰ ਪਉੜੀਆਂ ਵਿਚ ਲਿਖੀ ਜਾਂਦੀ ਹੈ। ਇਸ ਵਿਚ ਨਿਸ਼ਾਨੀ ਜਾਂ ਸਿਰਖੰਡੀ ਛੰਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਈ ਸਾਹਿਬ ਨੇ ਮਾਤ੍ਰਾਵਾਂ ਦੀ ਦ੍ਰਿਸ਼ਟੀ ਤੋਂ ਨਿਸ਼ਾਨੀ ਛੰਦ ਦੇ ਕਈ ਭੇਦ ਵਰਤੇ ਹਨ। ਵਾਰ ਵਿਚ ਨਾਇਕ ਦੇ ਗੁਣਾਂ ਅਤੇ ਬਹਾਦਰੀ ਦੇ ਪ੍ਰਸੰਗਾਂ ਨੂੰ ਉਭਾਰਿਆ ਜਾਂਦਾ ਹੈ। ਪਹਿਲੀ ਵਾਰ ਵਿਚ ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਜੀ ਨੂੰ ਨਾਇਕ ਵਜੋਂ ਪੇਸ਼ ਕਰਕੇ **'ਧਰਮ'** ਦੀ ਜੈ ਅਤੇ ਪ੍ਰਤੀਨਾਇਕ (**ਅਧਰਮ**) ਦੀ ਪਰਾਜਯ (ਹਾਰ) ਨੂੰ ਪੇਸ਼ ਕੀਤਾ ਹੈ। ਬੋਲੀ ਦੀ ਸਰਲਤਾ, ਠੇਠਤਾ ਅਤੇ ਪ੍ਰਸੰਗ-ਅਨੁਕੂਲਤਾ ਭਾਈ ਗੁਰਦਾਸ ਵੀ ਵਾਰ ਕਲਾ ਦੇ ਕੁਝ ਹੋਰ ਪ੍ਰਤੀਨਿਧ ਲੱਛਣ ਹਨ।

**ਪ੍ਰਸ਼ਨ :- ਪਹਿਲੀ ਵਾਰ ਵਿਚ ਭਾਈ ਗੁਰਦਾਸ 'ਬਾਬਾ' ਸ਼ਬਦ ਦਾ ਪ੍ਰਯੋਗ ਕਿਸ ਸ਼ਖ਼ਸੀਅਤ ਵਾਸਤੇ ਕਰਦੇ ਹਨ?**

**ਉੱਤਰ :-** ਇਸ ਵਾਰ ਵਿਚ **'ਬਾਬਾ'** ਸ਼ਬਦ ਦਾ ਪ੍ਰਯੋਗ ਸਤਿਗੁਰੂ ਨਾਨਕ ਦੇਵ ਜੀ ਵਾਸਤੇ ਕੀਤਾ ਗਿਆ ਹੈ। 'ਬਾਬਾ' ਉਸ ਸਮੇਂ ਦੇ ਭਾਰਤ ਵਿਚ ਮਹਾਨ ਪੁਰਖਾਂ ਲਈ ਵਰਤਿਆ ਜਾਣ ਵਾਲਾ ਇਕ ਆਦਰ ਸੂਚਕ ਸ਼ਬਦ ਸੀ। ਜਨਮ ਸਾਖੀਆਂ ਵਿਚ ਵੀ ਗੁਰੂ ਨਾਨਕ ਦੇਵ ਜੀ ਦੇ ਪ੍ਰਸੰਗ ਵਿਚ ਇਸੇ ਸ਼ਬਦ ਦਾ ਪ੍ਰਯੋਗ ਹੋਇਆ ਹੈ।

**ਪ੍ਰਸ਼ਨ :- ਸ੍ਰਿਸ਼ਟੀ ਰਚਨਾ ਬਾਰੇ ਭਾਈ ਗੁਰਦਾਸ ਦੇ ਕੀ ਵਿਚਾਰ ਹਨ?**

**ਉੱਤਰ :-** ਭਾਈ ਸਾਹਿਬ ਨੇ ਹਰ ਦਾਰਸ਼ਨਿਕ ਸੰਕਲਪ ਦੀ ਵਿਆਖਿਆ ਗੁਰਮਤਿ ਅਨੁਸਾਰ ਹੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਨੇ ਸ੍ਰਿਸ਼ਟੀ-ਰਚਨਾ ਬਾਰੇ ਜੋ ਵਿਚਾਰ ਪੇਸ਼ ਕੀਤੇ ਸਨ, ਆਪ ਨੇ ਉਨ੍ਹਾਂ ਨੂੰ ਹੀ ਦੁਹਰਾਇਆ ਹੈ। ਆਪ ਅਨੁਸਾਰ ਇਸ ਬ੍ਰਹਿਮੰਡ ਵਿਚ ਪਹਿਲਾਂ ਅੰਧੀ-ਧੁੰਦ ਛਾਈ ਹੋਈ ਸੀ। ਜਦੋਂ ਪਰਮਾਤਮਾ ਨੂੰ ਇਹ ਸ੍ਰਿਸ਼ਟੀ ਸਾਜਣ ਦਾ ਫੁਰਨਾ ਫੁਰਿਆ ਤਾਂ ਉਸ ਨੇ ਰਕਤ ਅਤੇ ਬਿੰਦ ਦੇ ਸੁਮੇਲ ਦੁਆਰਾ ਪੰਜ ਤੱਤਾਂ (ਪੌਣ, ਪਾਣੀ, ਅਗਨੀ, ਅਕਾਸ਼ ਅਤੇ ਪ੍ਰਿਥਵੀ) ਦਾ ਪੁਤਲਾ ਬਣਾ ਕੇ ਦੁਨੀਆਂ ਦੀ ਸਿਰਜਣਾ ਕਰ ਦਿੱਤੀ। ਪੰਜਾਂ ਤੱਤਾਂ ਦੇ ਨਾਲ ਛੇਵੇਂ ਤੱਤ ਦੇ ਰੂਪ ਵਿਚ ਉਹ ਪਰਮਾਤਮਾ ਆਪ ਵੀ ਵਿਅਕਤੀ ਵਿਚ ਮੌਜੂਦ ਰਹਿੰਦਾ ਹੈ।

**ਪਾਠ ਨੰ. : 1.10**

## (ਅ) ਭਾਈ ਗੁਰਦਾਸ ਦੀਆਂ ਰਚਨਾਵਾਂ

## ਭਾਈ ਗੁਰਦਾਸ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ

(15)

1.10.1.1 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਹਾਲਾਤ ਬਾਰੇ ਵਿਚਾਰ ਪ੍ਰਗਟ ਕਰਦੇ ਹਨ। ਆਪ ਅਨੁਸਾਰ ਉਸ ਸਮੇਂ ਭਾਰਤ ਵਿਚ ਕਈ ਤਰ੍ਹਾਂ ਦੇ ਮਤ ਮਤਾਂਤਰ ਪ੍ਰਚਲਿਤ ਸਨ ਅਤੇ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਤੋਂ ਸ੍ਰੇਸ਼ਠ ਦੱਸ ਕੇ ਆਪਣੇ ਚੇਲਿਆਂ ਅਤੇ ਮੁਰੀਦਾਂ ਦੀ ਗਿਣਤੀ ਵਿਚ ਵਾਧਾ ਕਰ ਰਿਹਾ ਸੀ। ਉਸ ਸਮੇਂ ਬਹੁਤ ਸਾਰੇ ਜਤੀ, ਸਤੀ, ਸਿੱਧ ਅਤੇ ਨਾਥ ਇੱਧਰ-ਉੱਧਰ ਘੁੰਮ ਰਹੇ ਸਨ। ਦੇਵੀ-ਦੇਵਤਿਆਂ ਦੀ ਪੂਜਾ ਵਿਚ ਲੱਗੇ ਹੋਏ ਸਨ। ਇਸੇ ਤਰ੍ਹਾਂ ਬਹੁਤ ਸਾਰੇ ਰਾਕਸ਼ ਅਤੇ ਦੈਂਤ ਕਿਸਮ ਦੀਆਂ ਜਾਤੀਆਂ ਇਕ ਪਰਮਾਤਮਾ ਦੇ ਨਾਮ ਨੂੰ ਭੁੱਲ ਕੇ ਆਪਣੀ-ਆਪਣੀ ਮਹਿਮਾ ਅਤੇ ਅਭਿਮਾਨ ਦੇ ਭਾਵਾਂ ਵਿਚ ਫਸੇ ਹੋਏ ਸਨ। ਸਾਰੇ ਗੁਰੂਆਂ ਅਤੇ ਉਨ੍ਹਾਂ ਦੇ ਚੇਲੇ ਹਉਮੈ ਦੇ ਭਾਵਾਂ ਨਾਲ ਗ੍ਰਸਤ ਸਨ। ਭਾਈ ਸਾਹਿਬ ਲਿਖਦੇ ਹਨ ਕਿ ਚਾਹੇ ਤੁਸੀਂ ਕਿਸੇ ਵੀ ਤੀਰਥ ਜਾਂ ਪਵਿੱਤਰ ਸਥਾਨ ਤੇ ਚਲੇ ਜਾਉ, ਤੁਹਾਨੂੰ ਉਥੇ ਕੋਈ ਗੁਰਮੁਖ ਵਿਅਕਤੀ ਨਹੀਂ ਮਿਲੇਗਾ। ਹਿੰਦੂ, ਮੁਸਲਮਾਨ ਅਤੇ ਉਨ੍ਹਾਂ ਦੇ ਪੀਰ-ਪੈਗੰਬਰ ਸਭ ਅੰਧਕਾਰ ਵਿਚ ਠੇਡੇ ਖਾ ਰਹੇ ਹਨ। ਕਿਸੇ ਪਾਸ ਗਿਆਨ ਦੀ ਰੋਸ਼ਨੀ ਨਹੀਂ ਸੀ। ਇਸ ਲਈ ਸਾਰੀ ਦੁਨੀਆਂ ਅਕਲ ਦੇ ਅੰਨ੍ਹਿਆਂ ਵਾਂਗ ਵਿਵਹਾਰ ਕਰ ਰਹੀ ਸੀ।

(16)

10.1.2 ਇਸ ਪਉੜੀ ਵਿਚ ਭਾਈ ਗੁਰਦਾਸ ਗੁਰੂ ਨਾਨਕ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦੀ ਘਟਨਾ ਨੂੰ ਸੂਰਜ ਦੇ ਉਦੈ ਹੋਣ ਨਾਲ ਉਪਮਾ ਦਿੱਤੀ ਹੈ। ਜਿਵੇਂ ਸੂਰਜ ਦੇ ਨਿਕਲਣ ਨਾਲ ਧੁੰਦ ਮਿਟ ਜਾਂਦੀ ਹੈ ਅਤੇ ਚਾਰੇ ਪਾਸੇ ਪ੍ਰਕਾਸ਼ ਫੈਲ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਨਾਲ ਦੁਨੀਆਂ ਵਿਚ ਅਗਿਆਨ ਦਾ ਹਨ੍ਹੇਰਾ ਦੂਰ ਹੋ ਗਿਆ ਅਤੇ ਚਾਰੇ ਪਾਸੇ ਗਿਆਨ ਦਾ ਪ੍ਰਕਾਸ਼ ਫੈਲ ਗਿਆ। ਜਿਸ ਤਰ੍ਹਾਂ ਜੰਗਲ ਵਿਚ ਸ਼ੇਰ ਦੀ ਗਰਜ ਸੁਣ ਕੇ ਹਿਰਨਾਂ ਦੀ ਡਾਰ ਘਬਰਾ ਕੇ ਇੱਧਰ-ਉੱਧਰ ਦੌੜਨਾ ਸ਼ੁਰੂ ਕਰ ਦਿੰਦੀ ਹੈ, ਇਸੇ ਤਰ੍ਹਾਂ ਗੁਰੂ ਜੀ ਦੇ ਆਗਮਨ ਦੀ ਖ਼ਬਰ ਸੁਣ ਕੇ ਝੂਠ, ਜ਼ੁਲਮ ਅਤੇ ਪਾਪ ਨਾਲ ਜੁੜੀਆਂ ਹੋਈਆਂ ਧਿਰਾਂ ਭੈ ਭੀਤ ਹੋ ਗਈਆਂ। ਗੁਰੂ ਨਾਨਕ ਦੇਵ ਜੀ ਸੱਚ ਅਤੇ ਧਰਮ ਦੇ ਪ੍ਰਚਾਰ ਲਈ ਹਿੰਦੁਸਤਾਨ ਵਿਚ ਜਿੱਥੇ-ਜਿੱਥੇ ਵੀ ਗਏ, ਉਹੀ ਸਥਾਨ ਪੂਜਣਯੋਗ ਬਣ ਗਿਆ। ਹਿੰਦੁਸਤਾਨ ਵਿਚ ਹੋਰ ਧਰਮੀਆਂ ਦੇ ਜਿੰਨੇ ਵੀ ਪ੍ਰਸਿੱਧ ਟਿਕਾਣੇ

ਸਨ ਗੁਰੂ ਜੀ ਉਥੇ ਉਥੇ ਗਏ ਅਤੇ ਉਨ੍ਹਾਂ ਦੇ ਚਰਨ ਪਾਉਣ ਕਰਕੇ ਉਹ ਸਾਰੇ ਸਥਾਨ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜੁੜ ਗਏ। ਹਰ ਘਰ ਧਰਮਸ਼ਾਲਾ ਬਣ ਗਿਆ। ਧਰਮ ਦੀ ਵਿਜੇ ਹੋਈ ਅਤੇ ਪਰਮਾਤਮਾ ਦੇ ਕੀਰਤਨ ਦੀਆਂ ਧੁਨੀਆਂ ਹਰ ਦਿਸ਼ਾ ਤੋਂ ਸੁਣਾਈ ਦੇਣ ਲੱਗੀਆਂ। ਗੁਰੂ ਨਾਨਕ ਦੇਵ ਜੀ ਨੇ ਆਪਣੀ ਮਹਾਨ ਸਿੱਖਿਆ ਦੁਆਰਾ ਸਾਰੀ ਦੁਨੀਆਂ ਦਾ ਪਾਰਉਤਾਰਾ ਕਰ ਦਿੱਤਾ। ਗੁਰੂ ਜੀ ਦੇ ਅਵਤਾਰ ਧਾਰਨ ਲਈ ਕਲਿਯੁਗ ਵਿਚ ਸੱਚਾ ਗੁਰੂ ਪ੍ਰਗਟ ਹੋ ਗਿਆ ਅਤੇ ਇਸ ਯੁਗ ਦੇ ਕਲਿਆਣ ਦਾ ਮਾਰਗ ਖੁੱਲ੍ਹ ਗਿਆ।

(17)

1.10.1.3 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸੁਮੇਰ ਪਰਬਤ ਉੱਤੇ ਜਾ ਕੇ ਸਿੱਧਾਂ ਨਾਲ ਬਚਨ-ਬਿਲਾਸ ਕਰਨ ਦੀ ਘਟਨਾ ਨੂੰ ਬਿਆਨ ਕੀਤਾ ਹੈ। ਗੁਰੂ ਜੀ ਪ੍ਰਿਥਵੀ (ਹਿੰਦੁਸਤਾਨ) ਦੇ ਸਾਰੇ ਭਾਗਾਂ ਦੀ ਯਾਤਰਾ ਕਰਨ ਤੋਂ ਪਿੱਛੋਂ ਸੁਮੇਰ ਪਰਬਤ ਉੱਤੇ ਜਾ ਚੜ੍ਹੇ। ਉਥੇ ਆਪ ਦਾ ਸਿੱਧ-ਜੋਗੀਆਂ ਨਾਲ ਮੇਲ ਹੋਇਆ। ਗੁਰੂ ਜੀ ਦੇ ਉਥੇ ਪਹੁੰਚਣ ਸਮੇਂ 84 ਸਿੱਧ ਮੌਜੂਦ ਸਨ। ਇਨ੍ਹਾਂ ਵਿਚ ਸਿੱਧਾਂ ਦਾ ਗੁਰੂ ਗੋਰਖ ਨਾਥ ਵੀ ਮੌਜੂਦ ਸੀ। ਗੁਰੂ ਨਾਨਕ ਦੇਵ ਜੀ ਨੂੰ ਏਨੇ ਉੱਚੇ ਪਹਾੜ ਉੱਤੇ ਚੜ੍ਹਿਆ ਵੇਖ ਕੇ ਉਹ ਹੈਰਾਨ ਹੋ ਗਏ। ਉਨ੍ਹਾਂ ਗੁਰੂ ਜੀ ਤੋਂ ਪੁੱਛਿਆ ਕਿ ਉਹ ਕਿਹੜੀ ਸ਼ਕਤੀ ਨਾਲ ਇਥੋਂ ਤੱਕ ਪਹੁੰਚੇ ਹਨ। ਗੁਰੂ ਸਾਹਿਬ ਕਹਿਣ ਲੱਗੇ ਕਿ ਮੈਂ ਤਾਂ ਪਰਮਾਤਮਾ ਦਾ ਭਗਤ ਹਾਂ ਅਤੇ ਉਸੇ ਦੀ ਭਗਤੀ ਮੈਨੂੰ ਇਥੋਂ ਤੱਕ ਲੈ ਆਈ ਹੈ। ਸਿੱਧਾਂ ਨੇ ਗੁਰੂ ਜੀ ਤੋਂ ਉਨ੍ਹਾਂ ਦਾ ਨਾਮ ਪਤਾ ਪੁੱਛਿਆ ਤਾਂ ਗੁਰੂ ਸਾਹਿਬ ਨੇ ਦੱਸਿਆ ਕਿ ਮੈਨੂੰ ਨਾਨਕ ਕਹਿੰਦੇ ਹਨ ਅਤੇ ਮੈਂ ਪਰਮਾਤਮਾ ਦਾ ਨਾਮ ਜਪਕੇ ਨਿਰਵਾਣ ਦੀ ਅਵਸਥਾ ਪ੍ਰਾਪਤ ਕੀਤੀ ਹੈ। ਜਿਹੜਾ ਵਿਅਕਤੀ ਨਿਮਰ ਰਹਿੰਦਾ ਹੈ, ਉਸੇ ਨੂੰ ਮਹਾਨਤਾ ਅਤੇ ਸ਼੍ਰੋਮਣੀ ਪਦਵੀ ਪ੍ਰਾਪਤ ਹੁੰਦੀ ਹੈ।

(18)

1.10.1.4 ਇਸ ਪਉੜੀ ਵਿਚ ਸੁਮੇਰ ਪਰਬਤ ਉੱਤੇ ਨਿਵਾਸ ਕਰਨ ਵਾਲੇ ਸਿੱਧ-ਜੋਗੀਆਂ ਨਾਲ ਗੋਸ਼ਟੀ ਦਾ ਵਰਣਨ ਹੈ। ਜਿਸ ਸਮੇਂ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਉੱਤੇ ਜਾ ਪਹੁੰਚੇ ਤਾਂ ਪਹਿਲਾਂ ਤਾਂ ਸਿੱਧ ਉਨ੍ਹਾਂ ਨੂੰ ਉਥੇ ਵੇਖ ਕੇ ਹੈਰਾਨ ਹੋਏ ਅਤੇ ਫਿਰ ਪੁੱਛਿਆ ਕਿ ਮਾਤ ਲੋਕ (ਭਾਰਤੀ ਸਮਾਜੇਧਰਤੀ) ਦਾ ਕੀ ਹਾਲ ਹੈ? ਹੁਣ ਤੱਕ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਵੇਖ ਕੇ ਸਿੱਧਾਂ ਨੇ ਆਪ ਦੀ ਅਜ਼ਮਤ ਨੂੰ ਪਹਿਚਾਣ ਲਿਆ ਸੀ। ਇਸੇ ਕਰਕੇ ਉਹ ਆਪ ਨਾਲ ਪਰਮਾਰਥ ਅਤੇ ਧਰਮ ਦੀਆਂ ਗੱਲਾਂ ਕਰਨ ਲੱਗੇ ਸਨ। ਗੁਰੂ ਜੀ ਨੇ ਦੱਸਿਆ ਕਿ ਸੱਚ ਦਾ ਚੰਦਰਮਾਂ ਕਿਧਰੇ ਛਿਪ ਗਿਆ ਹੈ ਅਤੇ ਚਾਰੇ ਪਾਸੇ ਕੂੜ ਦੇ ਹਨ੍ਹੇਰੇ ਦਾ ਪਸਾਰਾ ਹੈ। ਕੂੜ ਦੀ ਮੱਸਿਆ ਛਾਈ ਵੇਖ ਕੇ ਮੈਂ ਸੱਚ ਦੇ ਚੰਦਰਮਾਂ ਦੀ ਤਲਾਸ਼ ਵਿਚ ਨਿਕਲਿਆ ਹੋਇਆ ਹਾਂ। ਸਾਰੀ ਧਰਤੀ ਪਾਪਾਂ ਨੇ ਗ੍ਰੱਸ (ਹੜੱਪ) ਲਈ ਹੈ ਅਤੇ ਧਰਤੀ ਨੂੰ ਆਪਣੇ ਸਿੰਗਾਂ ਉਪਰ ਉਠਾਈ ਖੜਾ ਧਰਮ ਰੂਪੀ ਬੈਲ ਵੀ ਫਰਿਆਦ ਕਰ ਰਿਹਾ ਹੈ ਤੁਹਾਡੇ ਵਰਗੇ ਸਿੱਧ ਪੁਰਖ, ਜੋ ਦੁਨੀਆਂ ਨੂੰ ਗਿਆਨ ਦੀ ਰੌਸ਼ਨੀ ਦੇ ਸਕਦੇ ਸਨ, ਉਹ ਵੀ ਪਾਪਾਂ ਤੋਂ ਡਰਦੇ ਮਾਰੇ ਸੁਮੇਰ ਪਰਬਤ ਦੀਆਂ ਗੁਫਾਵਾਂ ਵਿਚ ਆ ਛਿਪੇ ਹਨ। ਇਨ੍ਹਾਂ ਪਰਿਸਥਿਤੀਆਂ ਵਿਚ ਦੁਨੀਆਂ ਨੂੰ ਪਾਪਾਂ ਦੇ ਹਨ੍ਹੇਰੇ ਤੋਂ ਬਚਾਉਣ ਵਾਸਤੇ ਕੋਈ ਵੀ ਮੌਜੂਦ ਨਹੀਂ ਹੈ। ਫਿਰ ਇਸ ਦੁਨੀਆਂ ਦਾ ਪਾਰਉਤਾਰਾ ਕਿਵੇਂ ਹੋਵੇਗਾ? ਤੁਹਾਡੇ ਵਰਗੇ ਜੋਗੀ ਲੋਕ ਵੀ ਗਿਆਨ ਤੋਂ

ਕੋਰੇ ਹੋ ਚੁੱਕੇ ਹਨ ਅਤੇ ਜਿਸਮ ਉੱਤੇ ਸੁਆਹ ਮਲਣ ਨੂੰ ਹੀ ਉਹ ਧਰਮ-ਕਰਮ ਸਮਝੀ ਬੈਠੇ ਹਨ। ਸੱਚੇ ਗੁਰੂ ਤੋਂ ਬਿਨਾਂ ਸੰਸਾਰ ਡੁੱਬ ਰਿਹਾ ਹੈ ਅਤੇ ਕਿਸੇ ਦੇ ਵੀ ਪਾਰ ਲੰਘਣ ਦੀ ਆਸ਼ਾ ਦਿਖਾਈ ਨਹੀਂ ਦਿੰਦੀ।

(19)

1.10.1.5 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਹਿੰਦੁਸਤਾਨ ਦੀ ਦੁਰਦਸ਼ਾ ਨੂੰ ਬਿਆਨ ਕਰਦੇ ਹਨ। ਆਪ ਲਿਖਦੇ ਹਨ ਕਿ ਉਸ ਸਮੇਂ ਹਿੰਦੁਸਤਾਨੀਆਂ ਦੀ ਮਾਨਸਿਕਤਾ ਅਤੇ ਸੋਚ ਕੁੱਤਿਆਂ ਵਰਗੀ ਲਾਲਚੀ ਹੋ ਗਈ ਸੀ ਅਤੇ ਇਹ ਦੂਸਰੇ ਲੋਕਾਂ ਦੇ ਹੱਕ ਰੂਪੀ ਮੁਰਦਾਰ ਨੂੰ ਖਾ-ਖਾ ਕੇ ਆਪਣੀ ਤ੍ਰਿਸ਼ਨਾ ਨੂੰ ਮਿਟਾਉਣ ਦਾ ਯਤਨ ਕਰ ਰਹੇ ਸਨ। ਦੇਸ਼ ਉੱਤੇ ਰਾਜ ਕਰਨ ਵਾਲੇ ਰਾਜੇ ਵੀ ਪਾਪੀ ਬਣ ਚੁੱਕੇ ਸਨ। ਜਿਨ੍ਹਾਂ ਦਾ ਕੰਮ ਪਰਜਾ ਦੇ ਅਧਿਕਾਰਾਂ ਅਤੇ ਜਾਨ-ਮਾਲ ਦੀ ਰੱਖਿਆ ਕਰਨਾ ਸੀ, ਉਹੀ ਉਨ੍ਹਾਂ ਨੂੰ ਲੁੱਟ-ਲੁੱਟ ਕੇ ਖਾ ਰਹੇ ਸਨ। ਇਹ ਸਭ ਇਸ ਤਰ੍ਹਾਂ ਸੀ ਜਿਵੇਂ ਖੇਤੀ ਦੀ ਰਾਖੀ ਕਰਨ ਵਾਲੀ ਵਾੜ ਹੀ ਖੇਤੀ ਦਾ ਉਜਾੜਾ ਕਰ ਰਹੀ ਹੋਵੇ। ਗਿਆਨ ਦੀ ਅਣਹੋਂਦ ਵਿਚ ਪਰਜਾ ਅੰਨ੍ਹਿਆਂ ਵਾਂਗ ਵਿਵਹਾਰ ਕਰ ਰਹੀ ਸੀ ਅਤੇ ਉਹ ਸਾਰਾ ਦਿਨ ਕੂੜ ਅਤੇ ਕੁਸੱਤ ਨੂੰ ਬੋਲ ਕੇ ਆਪਣਾ ਜੀਵਨ-ਨਿਰਵਾਹ ਕਰ ਰਹੀ ਸੀ। ਗੁਰੂ ਅਤੇ ਚੇਲੇ ਰੰਗ ਤਮਾਸ਼ਿਆਂ ਵਿਚ ਲੀਨ ਸਨ। ਚੇਲੇ ਸਾਜ਼ ਵਜਾਉਂਦੇ ਸਨ ਅਤੇ ਗੁਰੂ ਜਨ ਨੱਚ-ਨੱਚ ਕੇ ਲੋਕਾਂ ਦਾ ਮਨੋਰੰਜਨ ਕਰ ਰਹੇ ਸਨ ਸੇਵਕ ਆਪਣੇ-ਆਪਣੇ ਘਰਾਂ ਵਿਚ ਬੈਠ ਕੇ ਵਣਜ-ਵਪਾਰ ਕਰ ਰਹੇ ਸਨ ਅਤੇ ਗੁਰੂ ਲੋਕ ਉਨ੍ਹਾਂ ਤੋਂ ਪੈਸੇ ਉਗਰਾਹੁਣ ਵਾਸਤੇ ਭਿਖਾਰੀਆਂ ਵਾਂਗ ਉਨ੍ਹਾਂ ਦੇ ਘਰਾਂ ਵਿਚ ਜਾ ਰਹੇ ਸਨ। ਇਨਸਾਫ਼ ਕਰਨ ਵਾਸਤੇ ਨਿਯੁਕਤ ਕੀਤੇ ਕਾਜ਼ੀ ਵੀ ਵੱਢੀਖੋਰ ਬਣ ਚੁੱਕੇ ਸਨ। ਇਸ ਸਥਿਤੀ ਵਿਚ ਆਮ ਆਦਮੀ ਨੂੰ ਇਨਸਾਫ਼ ਕਿਥੋਂ ਮਿਲਣਾ ਸੀ। ਪਤੀ ਅਤੇ ਪਤਨੀ ਦਾ ਪ੍ਰੇਮ ਵੀ ਪੈਸੇ ਦੀ ਤਕੜੀ ਉੱਤੇ ਤੁਲਣ ਲੱਗਾ ਸੀ। ਜੇ ਪਤੀ ਪਾਸ ਪੈਸੇ ਸਨ ਤਾਂ ਪਤਨੀ ਉਸ ਨੂੰ ਪ੍ਰੇਮ ਕਰਦੀ ਸੀ ਨਹੀਂ ਤਾਂ ਉਹ ਕਿਸੇ ਹੋਰ ਦੀ ਝਾਕ ਕਰਨ ਲੱਗਦੀ ਸੀ। ਇਸ ਤਰ੍ਹਾਂ ਸਾਰੀ ਦੁਨੀਆਂ ਵਿਚ ਪਾਪ ਅਤੇ ਪੈਸੇ ਦੀ ਸਰਦਾਰੀ ਕਾਇਮ ਹੋ ਚੁੱਕੀ ਸੀ। ਧਰਮ ਅਤੇ ਕਰਮ ਦੀ ਗੱਲ ਕਰਨ ਵਾਲਾ ਕੋਈ ਨਹੀਂ ਸੀ ਬਚਿਆ।

(20)

1.10.1.6 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੀ ਮੱਕੇ ਦੀ ਯਾਤਰਾ ਦਾ ਉਲੇਖ ਕਰਦੇ ਹਨ। ਮੱਕੇ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਕਾਬੇ ਵੱਲ ਪੈਰ ਕਰਕੇ ਸੌਂ ਗਏ। ਉਥੋਂ ਦੇ ਸੇਵਾਦਾਰ, ਜੀਵਨ, ਨੇ ਗੁਰੂ ਜੀ ਦੇ ਚਰਨ ਪਕੜ ਕੇ ਦੂਸਰੇ ਪਾਸੇ ਵੱਲ ਫੇਰ ਦਿੱਤੇ ਤਾਂ ਉਸ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਕਾਬਾ ਵੀ ਘੁੰਮ ਗਿਆ ਹੈ। ਗੁਰੂ ਜੀ ਦੀ ਅਜਿਹੀ ਕਲਾ ਨੂੰ ਵੇਖ ਕੇ ਉਥੇ ਬਹੁਤ ਸਾਰੇ ਕਾਜ਼ੀ ਅਤੇ ਮੁੱਲਾਂ ਇਕੱਠੇ ਹੋ ਗਏ ਅਤੇ ਗੁਰੂ ਜੀ ਨਾਲ ਗੋਸ਼ਟੀ ਕਰਨ ਲੱਗੇ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਪਰਮਾਤਮਾ ਦਾ ਪਸਾਰਾ ਬਹੁਤ ਵੱਡਾ ਹੈ ਅਤੇ ਕੋਈ ਵੀ ਉਸ ਦੀ ਕੁਦਰਤ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਦਾ। ਗੁਰੂ ਜੀ ਦੀਆਂ ਅਜਿਹੀਆਂ ਗੱਲਾਂ ਨੂੰ ਸੁਣ ਕੇ ਕਾਜ਼ੀਆਂ ਨੇ ਪੁੱਛਿਆ ਕਿ ਆਪਣੀ ਪੁਸਤਕ ਨੂੰ ਖੋਲ੍ਹ ਕੇ ਇਹ ਦੱਸੋ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਗੁਰੂ ਜੀ

ਨੇ ਜਵਾਬ ਦਿੱਤਾ ਕਿ ਕੋਈ ਵਿਅਕਤੀ ਕੇਵਲ ਹਿੰਦੂ ਜਾਂ ਮੁਸਲਮਾਨ ਹੋਣ ਕਰਕੇ ਹੀ ਵੱਡਾ ਜਾਂ ਛੋਟਾ ਨਹੀਂ ਹੋ ਜਾਂਦਾ। ਪਰਮਾਤਮਾ ਦੀ ਨਜ਼ਰ ਵਿਚ ਵੱਡੇ-ਛੋਟੇ ਦਾ ਸਵਾਲ ਸ਼ੁਭ ਕਰਮਾਂ ਨਾਲ ਜੁੜਿਆ ਹੋਇਆ ਹੈ। ਪਰਮਾਤਮਾ ਹਿੰਦੂ ਜਾਂ ਮੁਸਲਮਾਨ ਹੋਣ ਕਰਕੇ ਕਿਸੇ ਵਿਅਕਤੀ ਨੂੰ ਆਪਣੀ ਦਰਗਾਹ ਵਿਚ ਆਸਰਾ ਨਹੀਂ ਦਿੰਦਾ। ਇਸ ਦੁਨੀਆਂ ਦਾ ਰੰਗ ਕੁਸੰਭੇ ਦੇ ਰੰਗ ਵਾਂਗ ਅਸਥਾਈ ਹੈ। ਇਹ ਬਹੁਤੀ ਦੇਰ ਤੱਕ ਇਨਸਾਨ ਦਾ ਸਾਥ ਨਹੀਂ ਦਿੰਦਾ। ਲੋਕ ਆਪਸ ਵਿਚ ਧਰਮ ਦੇ ਨਾਮ ਉੱਤੇ ਉਲਝਦੇ ਰਹਿੰਦੇ ਹਨ। ਉਹ ਨਹੀਂ ਜਾਣਦੇ ਕਿ ਰਾਮ ਅਤੇ ਰਹੀਮ ਇਕ ਹੀ ਸ਼ਕਤੀ ਦੇ ਦੋ ਵੱਖਰੇ-ਵੱਖਰੇ ਨਾਮ ਹਨ। ਸਾਰੀ ਦੁਨੀਆਂ ਸ਼ੈਤਾਨਾਂ ਵਾਲੇ ਮਾਰਗ ਉੱਤੇ ਚਲੀ ਹੋਈ ਹੈ ਨੇਕੀ ਅਤੇ ਧਰਮ ਦੇ ਮਾਰਗ ਉੱਤੇ ਚੱਲਣ ਵਾਲਾ ਕੋਈ ਨਹੀਂ ਬਚਿਆ।

(21)

1.10.1.7 ਇਸ ਪਉੜੀ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੀ ਮੱਕੇ ਦੀ ਮੌਲਾਣਿਆਂ ਅਤੇ ਕਾਜੀਆਂ ਉਪਰ ਕੀਤੀ ਫਤਹਿ ਦਾ ਵਰਣਨ ਪੇਸ਼ ਕੀਤਾ ਹੈ। ਇਨ੍ਹਾਂ ਲੋਕਾਂ ਨੂੰ ਸ਼ੁਭ ਅਮਲਾਂ ਦਾ ਉਪਦੇਸ਼ ਦੇ ਕੇ ਗੁਰੂ ਜੀ ਨੇ ਇਨ੍ਹਾਂ ਨੂੰ ਆਪਣੇ ਮੁਰੀਦ ਬਣਾ ਲਿਆ। ਮੱਕੇ ਵਿਚ ਉਨ੍ਹਾਂ ਦੇ ਪੈਰ ਦੀ ਖੜਾਉਂ ਯਾਦਗਾਰ ਵਜੋਂ ਪਈ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦਾ ਪ੍ਰਚਾਰ ਸਾਰੀ ਦੁਨੀਆਂ ਵਿਚ ਫੈਲ ਗਿਆ ਅਤੇ ਕੋਈ ਵੀ ਅਜਿਹਾ ਸਥਾਨ ਨਾ ਰਿਹਾ ਜਿਥੇ ਗੁਰੂ ਜੀ ਦਾ ਨਾਮ ਨਾ ਪਹੁੰਚਿਆ ਹੋਵੇ। ਹਰ ਘਰ ਵਿਚ ਗੁਰੂ ਜੀ ਦੀ ਪੂਜਾ ਹੋਣ ਲੱਗੀ ਅਤੇ ਲੋਕ ਫਿਰਕਾਪ੍ਰਸਤੀ ਨੂੰ ਛੱਡਕੇ ਮਾਨਵਤਾਵਾਦ ਦੇ ਮਾਰਗ ਉਪਰ ਚੱਲਣ ਲੱਗ ਪਏ। ਜਿਸ ਤਰ੍ਹਾਂ ਜਦੋਂ ਸੂਰਜ ਉਦੈ ਹੋ ਜਾਂਦਾ ਹੈ ਤਾਂ ਉਸ ਦੀ ਰੌਸ਼ਨੀ ਨੂੰ ਛਿਪਾ ਕੇ ਨਹੀਂ ਰੱਖਿਆ ਜਾ ਸਕਦਾ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਕੀਰਤੀ ਦੂਰ-ਨੇੜੇ ਸਭ ਥਾਂ ਫੈਲ ਗਈ। ਜਿਵੇਂ ਸ਼ੇਰ ਦੀ ਗਰਜ ਸੁਣ ਕੇ ਮਿਰਗਾਂ ਦੀ ਡਾਰ ਭੈਭੀਤ ਹੋ ਕੇ ਇੱਧਰ ਉੱਧਰ ਨੱਠਣ ਲੱਗਦੀ ਹੈ ਅਤੇ ਜਿਵੇਂ ਆਸਮਾਨ ਵਿਚ ਉਦੈਮਾਨ ਹੋਏ ਚੰਦਰਮਾਂ ਨੂੰ ਕਿਸੇ ਤਰ੍ਹਾਂ ਲੁਕਾਇਆ ਨਹੀਂ ਜਾ ਸਕਦਾ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੇ ਉਨ੍ਹਾਂ ਦੇ ਨਾਮ ਦਾ ਡੰਕਾ ਚਹੁੰ ਦਿਸ਼ਾਵਾਂ ਵਿਚ ਗੂੰਜਣ ਲੱਗਾ। ਸਾਰੀ ਪ੍ਰਿਥਵੀ ਦੇ ਲੋਕ ਗੁਰੂ ਜੀ ਦੇ ਸਾਹਵੇਂ ਅਦਬ ਨਾਲ ਝੁੱਕ ਗਏ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਪੂਰੀ ਦੁਨੀਆਂ ਵਿਚ ਆਪਣੀ ਸ਼ਕਤੀ ਉਜਾਗਰ ਕਰ ਦਿੱਤੀ।

(22)

1.10.1.8 ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਬਗਦਾਦ ਵਿਚ ਆਪਣੀ ਮਹਿਮਾ ਨੂੰ ਉਜਾਗਰ ਕਰਨ ਤੋਂ ਪਿੱਛੋਂ ਗੁਰੂ ਜੀ ਨੇ ਮੱਕੇ ਅਤੇ ਮਦੀਨੇ ਵਿਚ ਵੱਸਣ ਵਾਲੇ ਲੋਕਾਂ ਨੂੰ ਆਪਣੀ ਮਹਾਨ ਸਿਖਿਆ ਦੇ ਮਾਧਿਅਮ ਦੁਆਰਾ ਆਪਣੇ ਮੁਰੀਦ ਬਣਾ ਲਿਆ। ਆਪ ਸਿੱਧਾਂ ਦੇ ਟਿਕਾਣੇ ਸੁਮੇਰ ਪਰਬਤ ਉਪਰ ਵੀ ਗਏ ਜਿੱਥੇ ਵਸਣ ਵਾਲੇ 84 ਸਿੱਧਾਂ ਨੇ ਗੁਰੂ ਜੀ ਦੀ ਅਜ਼ਮਤ ਅੱਗੇ ਸਿਰ ਝੁਕਾ ਦਿੱਤਾ। ਗੁਰੂ ਜੀ ਨੇ ਸਾਰੀ ਧਰਤੀ ਨੂੰ ਆਪਣੇ ਉਪਦੇਸ਼ਾਂ ਦੁਆਰਾ ਜਿੱਤ ਲਿਆ। ਸਭ ਥਾਂ ਗੁਰੂ ਜੀ ਨੇ 'ਸਤਿਨਾਮੁ' ਦਾ ਹੋਕਾ ਦਿੱਤਾ ਅਤੇ ਪਰਮਾਤਮਾ ਦੀ ਸਰਵ ਸ਼ਕਤੀਮਾਨਤਾ ਨੂੰ ਉਜਾਗਰ ਕਰਕੇ ਵਿਖਾਇਆ। ਦੇਵਤੇ, ਦਾਨਵ,

ਰਾਕਸ਼ ਅਤੇ ਚਿਤਰ ਗੁਪਤ ਆਦਿ ਨੇ ਵੀ ਗੁਰੂ ਜੀ ਦੀ ਮਹਾਨਤਾ ਦਾ ਸਿੱਕਾ ਮੰਨ ਲਿਆ ਸੀ। ਇੰਦਰਪੁਰੀ ਵਿਚ ਰਹਿਣ ਵਾਲੇ ਦੇਵਤੇ ਅਤੇ ਗੀਤ-ਸੰਗੀਤ ਸੁਣਾਉਣ ਵਾਲੀਆਂ ਪਰੀਆਂ ਵੀ ਗੁਰੂ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਗਈਆਂ। ਸਾਰੀ ਦੁਨੀਆਂ ਵਿਚ ਆਨੰਦ ਮੰਗਲਾਚਾਰ ਛਾ ਗਿਆ ਕਿਉਂਕਿ ਦੁਨੀਆਂ ਨੂੰ ਦੁੱਖਾਂ ਅਤੇ ਮੁਸੀਬਤਾਂ ਤੋਂ ਛੁਟਕਾਰਾ ਦਿਵਾਉਣ ਵਾਲਾ ਗੁਰੂ ਨਾਨਕ ਪ੍ਰਗਟ ਹੋ ਗਿਆ ਸੀ। ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਹਿੰਦੂ ਅਤੇ ਮੁਸਲਮਾਨ ਗੁਰੂ ਜੀ ਦੇ ਮੁਰੀਦ ਬਣ ਗਏ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਦੀ ਮਹਿਮਾ ਨੂੰ ਸਵੀਕਾਰ ਕਰ ਲਿਆ।

(23)

1.10.1.9 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਅਚਲ ਵਟਾਲੇ ਵਿਚ ਲੱਗਣ ਵਾਲੇ ਸ਼ਿਵਰਾਤਰੀ ਦੇ ਮੇਲੇ ਦਾ ਹਾਲ ਬਿਆਨ ਕੀਤਾ ਹੈ। ਮੱਕੇ ਅਤੇ ਬਗਦਾਦ ਦੀ ਯਾਤਰਾ ਤੋਂ ਪਿੱਛੋਂ ਗੁਰੂ ਜੀ ਨੇ ਉਦਾਸੀਆਂ ਵਾਲਾ ਪਹਿਰਾਵਾ ਤਿਆਗ ਦਿੱਤਾ ਸੀ ਅਤੇ ਆਪ ਕਰਤਾਰਪੁਰ ਵਿਖੇ ਇੱਕ ਗ੍ਰਹਿਸਥੀ ਵਜੋਂ ਵਿਚਰਣ ਲੱਗੇ ਸਨ। ਇਥੇ ਰਹਿੰਦਿਆਂ ਹੋਇਆਂ ਗੁਰੂ ਜੀ ਨੇ ਅਚੱਲ ਵਟਾਲੇ ਵਿਖੇ ਲੱਗਣ ਵਾਲੇ ਸ਼ਿਵਰਾਤਰੀ ਦੇ ਮੇਲੇ ਬਾਰੇ ਸੁਣਿਆ ਤਾਂ ਆਪ ਇਸ ਮੇਲੇ ਉੱਤੇ ਜਾਣ ਲਈ ਤਿਆਰ ਹੋ ਗਏ। ਅਚੱਲ ਵਟਾਲੇ ਵਿਚ ਜਦ ਲੋਕਾਂ ਨੇ ਗੁਰੂ ਜੀ ਦੀ ਆਮਦ ਬਾਰੇ ਸੁਣਿਆ ਤਾਂ ਸਾਰੀ ਖ਼ਲਕਤ ਆਪ ਦੇ ਦਰਸ਼ਨ ਕਰਨ ਲਈ ਇਕੱਠੀ ਹੋ ਗਈ। ਗੁਰੂ ਜੀ ਦੀ ਦਰਸ਼ਨ ਭੇਂਟ ਵਾਸਤੇ ਲੋਕਾਂ ਨੇ ਆਪ ਉਪਰ ਮਾਇਆ ਦੀ ਬਰਸਾਤ ਸ਼ੁਰੂ ਕਰ ਦਿੱਤੀ। ਇਹ ਦੇਖ ਕੇ ਉਥੇ ਪਹੁੰਚੇ ਜੋਗੀਆਂ ਦੇ ਮਨਾਂ ਵਿਚ ਗੁਰੂ ਜੀ ਬਾਰੇ ਬੜੀ ਈਰਖਾ ਪੈਦਾ ਹੋ ਗਈ। ਰਾਸਧਾਰੀਆਂ ਨੇ ਰਾਸ ਪਾਈ ਤਾਂ ਉਨ੍ਹਾਂ ਦਾ ਲੋਟਾ ਇਨ੍ਹਾਂ ਜੋਗੀਆਂ ਨੇ ਬੜੀ ਹੁਸ਼ਿਆਰੀ ਨਾਲ ਕਿਤੇ ਛਿਪਾ ਦਿੱਤਾ। ਇਹ ਵੇਖ ਕੇ ਰਾਸਧਾਰੀ ਬੜੇ ਪਰੇਸ਼ਾਨ ਹੋ ਗਏ ਅਤੇ ਰਾਸ ਦਾ ਧਿਆਨ ਭੁਲਾ ਕੇ ਲੋਟੇ ਦੀ ਤਲਾਸ਼ ਕਰਨ ਲੱਗੇ। ਗੁਰੂ ਜੀ ਜਾਣੀ ਜਾਣ ਸਨ। ਰਾਸਧਾਰੀਆਂ ਦੀ ਪਰੇਸ਼ਾਨੀ ਵੇਖ ਕੇ ਉਨ੍ਹਾਂ ਨੇ ਲੋਟੇ ਦਾ ਥਹੁ ਪਤਾ ਦਿੱਤਾ। ਲੋਟਾ ਉਸੇ ਸਥਾਨ ਤੋਂ ਮਿਲ ਗਿਆ। ਇਹ ਵੇਖ ਕੇ ਜੋਗੀਆਂ ਦੇ ਮਨ ਵਿਚ ਈਰਖਾ ਹੋਰ ਵੀ ਭੜਕ ਉਠੀ।

(24)

1.10.1.10 ਇਸ ਪਉੜੀ ਵਿਚ ਪਿਛਲੀ ਪਉੜੀ ਦੇ ਬਿਰਤਾਂਤ ਨੂੰ ਹੀ ਹੋਰ ਅੱਗੇ ਵਧਾਇਆ ਗਿਆ ਹੈ। ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਕਾਰਣ ਈਰਖਾ ਵੱਸ ਹੋ ਕੇ ਉਨ੍ਹਾਂ ਨੂੰ ਗੋਸ਼ਟੀ ਕਰਨ ਵਾਸਤੇ ਵੰਗਾਰਿਆ। ਭੰਗਰ ਨਾਥ ਜੋਗੀ ਨੇ ਗੁਰੂ ਜੀ ਦੇ ਪਹਿਰਾਵੇ ਨੂੰ ਦੇਖ ਕੇ ਇਲਜ਼ਾਮ ਲਗਾਇਆ ਕਿ ਗੁਰੂ ਜੀ ਨੇ ਉਦਾਸੀਆਂ ਦਾ ਭੇਖ ਉਤਾਰ ਕੇ ਅਤੇ ਗ੍ਰਹਿਸਥੀਆਂ ਦਾ ਪਹਿਰਾਵਾ ਪਹਿਨ ਕੇ ਇਕ ਤਰ੍ਹਾਂ ਨਾਲ ਦੁੱਧ ਵਿਚ ਕਾਂਜੀ ਘੋਲ ਦਿੱਤੀ ਹੈ। ਜਿਸ ਕਾਰਣ ਫਕੀਰੀ ਦਾ ਦੁੱਧ ਫਿਟ ਗਿਆ ਹੈ ਅਤੇ ਹੁਣ ਫਲ ਰੂਪੀ ਮੱਖਣ ਹੱਥ ਕਿਵੇਂ ਆਵੇਗਾ? ਗੁਰੂ ਜੀ ਨੇ ਭੰਗਰ ਨਾਥ ਨੂੰ ਉੱਤਰ ਦਿੱਤਾ ਕਿ ਤੇਰੀ ਕੁਚੱਜੀ ਮਾਂ (ਇਥੇ ਭਾਵ ਉਸ ਦੇ ਗੁਰੂ ਤੋਂ ਹੈ) ਨੇ ਤੈਨੂੰ ਮੱਖਣ ਤਿਆਰ ਕਰਨ ਦੀ ਵਿਧੀ ਨਹੀਂ ਦੱਸੀ ਜਾਪਦੀ। ਉਸ ਨੇ ਤੇਰੇ ਹਿਰਦੇ ਦਾ ਭਾਂਡਾ ਨਹੀਂ ਧੋਤਾ। ਇਸੇ ਲਈ ਤੇਰੇ ਅੰਦਰਲਾ ਦੁੱਧ

ਅਤੇ ਬੁਧ ਦੋਵੇਂ ਖ਼ਰਾਬ ਹੋ ਗਏ ਹਨ। ਇਕ ਪਾਸੇ ਤਾਂ ਤੁਸੀਂ ਵੈਰਾਗੀ ਅਰਥਾਤ ਸੰਨਿਆਸੀ ਬਣੇ ਫਿਰਦੇ ਹੋ ਅਤੇ ਦੂਜੇ ਪਾਸੇ ਉਦਰਪੂਰਤੀ ਲਈ ਉਨ੍ਹਾਂ ਗ੍ਰਹਿਸਥੀਆਂ ਦੇ ਘਰਾਂ ਵਿਚ ਹੀ ਮੰਗਣ ਜਾਂਦੇ ਹੋ ਜਿਨ੍ਹਾਂ ਨੂੰ ਤੁਸੀਂ ਅਪ੍ਰਵਾਨ ਕਰਦੇ ਹੋ। ਕੁਝ ਦਿੱਤੇ ਬਿਨਾਂ ਆਪਣੇ ਹੱਥ ਵਿਚ ਵੀ ਕੁਝ ਨਹੀਂ ਆਉਂਦਾ। ਇਹੀ ਇਸ ਦੁਨੀਆਂ ਦਾ ਦਸਤੂਰ ਹੈ।

(25)

1.10.1.11 ਇਸ ਪਉੜੀ ਵਿਚ ਭਾਈ ਸਾਹਿਬ ਨੇ ਅਚੱਲ ਵਟਾਲੇ ਵਿਖੇ ਗੁਰੂ ਜੀ ਦੀ ਜੋਗੀਆਂ ਨਾਲ ਹੋਈ ਗੋਸ਼ਟੀ ਦੇ ਬਿਰਤਾਂਤ ਨੂੰ ਹੋਰ ਅੱਗੇ ਵਧਾਇਆ ਹੈ। ਜਦੋਂ ਗੁਰੂ ਜੀ ਨੇ ਇਹ ਕਿਹਾ ਕਿ ਸੰਨਿਆਸੀ ਹੋਣ ਦੇ ਬਾਵਜੂਦ ਤੁਸੀਂ ਲੋਕ ਇਨ੍ਹਾਂ ਗ੍ਰਹਿਸਥੀਆਂ ਦੇ ਘਰਾਂ ਵਿਚ ਮੰਗਣ ਜਾਂਦੇ ਹੋ ਤਾਂ ਇਹ ਸੱਚੀ ਗੱਲ ਸੁਣ ਕੇ ਜੋਗੀ ਬਹੁਤ ਕ੍ਰੋਧ ਵਿਚ ਆ ਗਏ। ਉਨ੍ਹਾਂ ਨੇ ਉੱਚੀਆਂ-ਉੱਚੀਆਂ ਕਿਲਕਾਰੀਆਂ ਮਾਰ ਕੇ ਬਹੁਤ ਸਾਰੀਆਂ ਰੂਹਾਂ ਨੂੰ ਪ੍ਰਗਟ ਕਰ ਲਿਆ ਅਤੇ ਕਈ ਪ੍ਰਕਾਰ ਦੇ ਕੌਤਕ ਦਿਖਾਉਣੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨੇ ਕਲਿਯੁਗ ਵਿਚ ਪ੍ਰਗਟ ਹੋ ਕੇ ਛੇ ਦਰਸ਼ਨ-ਸ਼ਾਸਤਰਾਂ ਦੀ ਵੀ ਨਿਖੇਧੀ ਕਰ ਦਿੱਤੀ ਸੀ ਅਤੇ ਦਰਸਾਇਆ ਸੀ ਕਿ ਪਰਮਾਤਮਾ ਕੇਵਲ ਪ੍ਰੇਮਾ ਭਗਤੀ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਸਿੱਧਾਂ ਨੇ ਆਪਣੇ ਤੰਤਰ-ਮੰਤਰ ਚਲਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਸ਼ੇਰ ਬਘਿਆੜ ਆਦਿ ਬਣ ਕੇ ਤਰ੍ਹਾਂ-ਤਰ੍ਹਾਂ ਦੀਆਂ ਕਰਾਮਾਤਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਕਈ ਜੋਗੀ ਖੰਭ ਲਾ ਕੇ ਇਸ ਤਰ੍ਹਾਂ ਉੱਡਣ ਲੱਗੇ ਜਿਵੇਂ ਪੰਛੀ ਆਕਾਸ਼ ਵਿਚ ਉਡਾਰੀਆਂ ਲਾਉਂਦੇ ਹਨ। ਕਈ ਸੱਪਾਂ ਦਾ ਰੂਪ ਧਾਰ ਕੇ ਫੁੰਕਾਰੇ ਮਾਰਨ ਲੱਗੇ। ਕੁਝ ਇਕ ਨੇ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ ਅਤੇ ਕੁਝ ਹੋਰਨਾਂ ਨੇ ਅਗਨੀ ਦੇ ਚਮਤਕਾਰ ਵਿਖਾਏ। ਭੰਗਰ ਨਾਥ ਨੇ ਆਸਮਾਨ ਉਪਰ ਜਾ ਕੇ ਤਾਰੇ ਤੋੜ ਲਿਆਂਦੇ। ਕੁਝ ਜੋਗੀ ਮ੍ਰਿਗਸ਼ਾਲਾਵਾਂ ਉਪਰ ਬੈਠ ਕੇ ਪਾਣੀ ਉਪਰ ਤੈਰਨ ਲੱਗੇ। ਕੁਝ ਥਾਵਾਂ ਤੇ ਸਿੱਧਾਂ ਨੇ ਅਜਿਹੀ ਅਗਨੀ ਬਾਲ ਦਿੱਤੀ ਜਿਹੜੀ ਬੁਝਾਏ ਤੋਂ ਵੀ ਬੁਝਦੀ ਨਹੀਂ ਸੀ। ਇਸ ਤਰ੍ਹਾਂ ਸਿੱਧਾਂ ਨੇ ਕਰਾਮਾਤਾਂ ਦੇ ਜ਼ੋਰ ਨਾਲ ਗੁਰੂ ਜੀ ਉਪਰ ਆਪਣਾ ਪ੍ਰਭਾਵ ਪਾਉਣ ਦਾ ਯਤਨ ਕੀਤਾ।

(26)

1.10.1.12 ਇਸ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਅਚੱਲ ਵਟਾਲੇ ਵਿਖੇ ਗੁਰੂ ਦੀ ਸਿੱਧ ਜੋਗੀਆਂ ਨਾਲ ਹੋਈ ਗੋਸ਼ਟੀ ਦਾ ਵਰਣਨ ਕੀਤਾ ਹੈ। ਇਨ੍ਹਾਂ ਜੋਗੀਆਂ ਨੇ ਗੁਰੂ ਜੀ ਦੇ ਸਾਹਮਣੇ ਬਹੁਤ ਸਾਰੀਆਂ ਕਰਾਮਾਤਾਂ ਪੇਸ਼ ਕੀਤੀਆਂ। ਗੁਰੂ ਜੀ ਅਡੋਲ ਬੈਠੇ ਇਨ੍ਹਾਂ ਕਰਾਮਾਤਾਂ ਨੂੰ ਵੇਖਦੇ ਰਹੇ। ਜਦੋਂ ਜੋਗੀ ਲੋਕ ਕਰਾਮਾਤਾਂ ਦਾ ਸਿਲਸਿਲਾ ਮੁਕਾ ਬੈਠੇ ਤਾਂ ਉਨ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਵੀ ਕੋਈ ਕਰਾਮਾਤ ਵਿਖਾਉਣ ਵਾਸਤੇ ਕਿਹਾ। ਗੁਰੂ ਜੀ ਬੋਲੇ ਕਿ ਸਾਡੇ ਪਾਸ ਵਿਖਾਉਣ ਵਾਲੀ ਕੋਈ ਵੀ ਕਰਾਮਾਤ ਨਹੀਂ ਹੈ। ਅਸੀਂ ਤਾਂ ਗੁਰ-ਸੰਗਤ ਅਤੇ ਬਾਣੀ ਤੋਂ ਬਿਨਾਂ ਹੋਰ ਕਿਸੇ ਚੀਜ਼ ਉਪਰ ਟੇਕ ਹੀ ਨਹੀਂ ਰੱਖਦੇ। ਉਹ ਪਰਮਾਤਮਾ ਸ਼ਿਵ ਰੂਪ ਹੈ, ਉਹੀ ਇਸ ਸ੍ਰਿਸ਼ਟੀ ਦੀ ਸਿਰਜਣਾ ਕਰਨ ਵਾਲਾ ਹੈ। ਉਸ ਤੋਂ ਬਿਨਾਂ ਇਸ ਸੰਸਾਰ ਦੀ ਲੀਲ੍ਹਾ ਚੱਲ ਨਹੀਂ ਸਕਦੀ। ਸਿੱਧ ਗੁਰੂ ਜੀ ਉੱਤੇ ਤੰਤਰ-ਮੰਤਰ ਕਰਕੇ ਹਾਰ ਗਏ। ਪਰੰਤੂ ਗੁਰੂ ਜੀ ਉੱਤੇ ਉਨ੍ਹਾਂ ਦਾ ਕੋਈ ਵੀ ਮੰਤਰ ਨਾ ਚੱਲ ਸਕਿਆ।

ਪਰਮਾਤਮਾ ਦੇ ਸ਼ਬਦ ਨੇ ਉਨ੍ਹਾਂ ਦੀ ਕਰਾਮਾਤੀ ਸ਼ਕਤੀ ਨੂੰ ਖ਼ਤਮ ਕਰਕੇ ਰੱਖ ਦਿੱਤਾ। ਉਹ ਪਰਮਾਤਮਾ ਆਪ ਹੀ ਦਾਤਾ ਹੈ ਅਤੇ ਕੋਈ ਵੀ ਇਨਸਾਨ ਉਸ ਦੀ ਕੀਮਤ ਨਹੀਂ ਪਾ ਸਕਦਾ। ਆਖਰ ਇਹ ਨਾਥ ਜੋਗੀ ਗੁਰੂ ਜੀ ਦੇ ਸਨਮੁਖ ਆਪਣੀ ਈਨ ਮੰਨਕੇ ਉਨ੍ਹਾਂ ਦੀ ਸ਼ਰਨ ਪੈ ਗਏ।

(27)

1.10.1.13 ਇਸ ਪਉੜੀ ਵਿਚ ਭਾਈ ਸਾਹਿਬ ਨੇ ਜੋਗੀਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਦਰਮਿਆਨ ਹੋਈ ਗੋਸ਼ਟੀ ਦਾ ਬਿਰਤਾਂਤ ਪੇਸ਼ ਕੀਤਾ ਹੈ। ਨਾਥ ਜੋਗੀਆਂ ਨੇ ਗੁਰੂ ਜੀ ਦੇ ਸਾਹਮਣੇ ਬਹੁਤ ਸਾਰੀਆਂ ਕਰਾਮਾਤਾਂ ਵਿਖਾਈਆਂ। ਉਨ੍ਹਾਂ ਨੇ ਗੁਰੂ ਜੀ ਨੂੰ ਵੀ ਕੋਈ ਕਰਾਮਾਤ ਵਿਖਾਉਣ ਵਾਸਤੇ ਕਿਹਾ। ਪਰੰਤੂ ਗੁਰੂ ਜੀ ਨੇ ਕਿਹਾ ਕਿ ਪਰਮਾਤਮਾ ਦਾ ਨਾਮ ਅਤੇ ਗੁਰੂ ਸੰਗਤ ਹੀ ਸਭ ਤੋਂ ਵੱਡੀ ਦਾਤ ਹੈ। ਇਨ੍ਹਾਂ ਦੋ ਚੀਜ਼ਾਂ ਤੋਂ ਬਿਨਾਂ ਮੇਰੇ ਪਾਸ ਹੋਰ ਕੋਈ ਕਰਾਮਾਤ ਨਹੀਂ ਹੈ। ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਜੋਗੀਆਂ ਦੇ ਦਿਲ ਵਿਚ ਠੰਡ ਪੈ ਗਈ ਉਹ ਪੂਰੀ ਤਰ੍ਹਾਂ ਸ਼ਾਂਤ ਹੋ ਗਏ। ਸ਼ਿਵਰਾਤਰੀ ਦੇ ਇਸ ਮੇਲੇ ਤੇ ਗੁਰੂ ਜੀ ਨੂੰ ਸਿੱਧਾਂ ਉਪਰ ਜਿੱਤ ਪ੍ਰਾਪਤ ਹੋਈ। ਗੁਰੂ ਜੀ ਦੇ ਸ਼ੁੱਭ ਬਚਨ ਸੁਣ ਕੇ ਸਿੱਧਾਂ ਨੇ ਗੁਰੂ ਜੀ ਨੂੰ ਕਿਹਾ ਕਿ ਹੇ ਨਾਨਕ ! ਤੂੰ ਧੰਨ ਹੈਂ। ਤੇਰੀ ਘਾਲ ਕਮਾਈ ਅਤੇ ਸਾਧਨਾ ਵੀ ਧੰਨ ਹੈ। ਉਨ੍ਹਾਂ ਕਿਹਾ ਕਿ ਕਲਿਯੁਗ ਵਿਚ ਗੁਰੂ ਨਾਨਕ ਇਕ ਮਹਾਂਪੁਰਖ ਦੇ ਰੂਪ ਵਿਚ ਪ੍ਰਗਟ ਹੋਇਆ ਹੈ ਜਿਸ ਦੀ ਜੋਤ ਨੇ ਸਾਰੀਆਂ ਦਿਸ਼ਾਵਾਂ ਨੂੰ ਰੌਸ਼ਨ ਕਰ ਦਿੱਤਾ ਹੈ। ਇਸ ਮੇਲੇ ਤੋਂ ਚੱਲ ਕੇ ਗੁਰੂ ਜੀ ਮੁਲਤਾਨ ਦੀ ਯਾਤਰਾ ਨੂੰ ਨਿਕਲ ਤੁਰੇ। ਮੁਲਤਾਨ ਵਿਚ ਉਸ ਸਮੇਂ ਬਹੁਤ ਸਾਰੇ ਪੀਰ-ਫਕੀਰ ਰਹਿੰਦੇ ਸਨ। ਆਪਣੇ ਨਗਰ ਵਿਚ ਇਕ ਹੋਰ ਵੱਡੇ ਫਕੀਰ ਦਾ ਆਉਣਾ ਸੁਣ ਕੇ ਉਹ ਘਬਰਾ ਗਏ ਅਤੇ ਉਨ੍ਹਾਂ ਨੇ ਦੁੱਧ ਦਾ ਇੱਕ ਪਿਆਲਾ ਨੱਕੋ-ਨੱਕ ਭਰ ਕੇ ਗੁਰੂ ਜੀ ਦੀ ਸੇਵਾ ਵਿਚ ਭੇਜ ਦਿੱਤਾ। ਇਸ ਦਾ ਅਰਥ ਸੀ ਕਿ ਮੁਲਤਾਨ ਵਿਚ ਪਹਿਲਾਂ ਹੀ ਬਹੁਤ ਸਾਰੇ ਪੀਰ-ਫਕੀਰ ਮੌਜੂਦ ਹਨ। ਇਸ ਲਈ ਇਥੇ ਕਿਸੇ ਹੋਰ ਫਕੀਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਚੰਬੇਲੀ ਦਾ ਇਕ ਫੁੱਲ ਪਿਆਲੇ ਅੰਦਰ ਰੱਖ ਕੇ ਇਸ ਪਿਆਲੇ ਨੂੰ ਵਾਪਸ ਭੇਜ ਦਿੱਤਾ। ਗੁਰੂ ਜੀ ਦਾ ਭਾਵ ਸੀ ਕਿ ਮੈਂ ਇਥੇ ਕਿਸੇ ਦਾ ਸਥਾਨ ਲੈਣ ਵਾਸਤੇ ਨਹੀਂ ਆਇਆ। ਬਲਕਿ ਮੈਂ ਤਾਂ ਜਿੰਨੀ ਦੇਰ ਵੀ ਇਥੇ ਰਹਾਂਗਾ, ਦੁੱਧ ਵਿਚ ਟਿਕਾਈ ਖ਼ੁਸ਼ਬੋ ਵਾਂਗ ਰਹਾਂਗਾ। ਜਿਵੇਂ ਸਮੁੰਦਰ ਵਿੱਚ ਗੰਗਾ ਸਮਾ ਜਾਂਦੀ ਹੈ। ਮੈਂ ਬਿਲਕੁਲ ਇਸੇ ਤਰ੍ਹਾਂ ਤੁਹਾਡੇ ਵਿਚ ਸਮਾਇਆ ਰਹਾਂਗਾ।

## ਪ੍ਰਸੰਗ ਸਹਿਤ ਵਿਆਖਿਆ

**1.10.2.1 (ੳ) ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥**
**ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥ ਮਾਹਿ ਸਮਾਇਆ ॥**
**ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਇਆ ॥**
**ਸੰਸਾ ਇਹੁ ਸੰਸਾਰ ਹੈ ਜਨਮ ਮਰਨ ਵਿਚਿ ਦੁਖ ਸਬਾਇਆ ॥**

ਇਹ ਕਾਵਿ ਪੰਕਤੀਆਂ ਭਾਈ ਗੁਰਦਾਸ ਰਚਿਤ ਪਹਿਲੀ ਵਾਰ ਵਿਚੋਂ ਲਈਆਂ ਗਈਆਂ

ਹਨ। ਇਸ ਵਾਰ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਭਾਰਤ ਦੀ ਸਮਾਜਕ-ਸਭਿਆਚਾਰਕ ਸਥਿਤੀ ਦੇ ਨਾਲ-ਨਾਲ ਪਹਿਲੇ ਛੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਸ਼ਖ਼ਸੀਅਤ ਉਪਰ ਵੀ ਪ੍ਰਕਾਸ਼ ਪਾਇਆ ਹੈ। ਇਸ ਵਾਰ ਦੇ ਚੋਣਵੇਂ ਅੰਸ਼ਾਂ ਨੂੰ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ **'ਪੰਜਾਬੀ ਕਾਵਿ ਸੰਗ੍ਰਹਿ'** ਵਿਚ ਸ਼ਾਮਲ ਕੀਤਾ ਹੈ।

ਇਨ੍ਹਾਂ ਕਾਵਿ ਪੰਕਤੀਆਂ ਵਿਚ ਭਾਈ ਸਾਹਿਬ ਮੰਗਲਾਚਰਣ ਕਰ ਰਹੇ ਹਨ। ਵਾਰ ਦੇ ਇਸ ਭਾਗ ਵਿਚ ਕਵੀ ਆਪਣੇ ਪਰਮਾਤਮਾ ਜਾਂ ਗੁਰੂ ਨੂੰ ਨਮਸਕਾਰ ਕਰਕੇ ਆਪਣੀ ਰਚਨਾ ਦਾ ਸ਼ੁੱਭ ਆਰੰਭ ਕਰਦਾ ਹੈ। ਭਾਈ ਸਾਹਿਬ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਕਰਦੇ ਹਨ ਜਿਨ੍ਹਾਂ ਨੇ ਸਤਿਨਾਮ ਦਾ ਮੰਤਰ ਸੁਣਾ ਕੇ ਉਨ੍ਹਾਂ ਨੂੰ ਸੰਸਾਰ-ਸਮੁੰਦਰ ਵਿਚੋਂ ਪਾਰ ਕਰ ਦਿੱਤਾ ਹੈ। ਗੁਰੂ ਜੀ ਨੇ ਉਨ੍ਹਾਂ ਦਾ ਆਵਾਗਵਣ ਦਾ ਦੁੱਖ ਮਿਟਾ ਦਿੱਤਾ ਹੈ ਅਤੇ ਹੁਣ ਉਨ੍ਹਾਂ ਦੇ ਸਾਰੇ ਸ਼ੰਕੇ ਅਤੇ ਫਿਕਰ ਖ਼ਤਮ ਹੋ ਗਏ ਹਨ। ਇਸ ਸੰਸਾਰ ਵਿਚ ਆਉਣ ਅਤੇ ਜਾਣ ਨਾਲੋਂ ਵੱਡਾ ਦੁੱਖ ਹੋਰ ਕੋਈ ਨਹੀਂ ਹੈ। ਗੁਰੂ ਜੀ ਨੇ ਵੱਡਾ ਉਪਕਾਰ ਕੀਤਾ ਹੈ ਅਤੇ ਹੁਣ ਉਨ੍ਹਾਂ ਨੂੰ ਬਾਰ-ਬਾਰ ਆਉਣਾ ਜਾਣਾ ਨਹੀਂ ਪਵੇਗਾ ਕਿਉਂਕਿ ਹੁਣ ਉਨ੍ਹਾਂ ਦੀ ਮੁਕਤੀ ਹੋ ਗਈ ਹੈ।

ਭਾਈ ਸਾਹਿਬ ਦੁਆਰਾ ਰਚਿਆ ਗਿਆ ਇਹ ਕਾਵਿ ਬੰਦ ਉਨ੍ਹਾਂ ਦੀ ਵਾਰ ਕਾਵਿ ਕਲਾ ਦੀ ਪੂਰੀ ਪ੍ਰਤੀਨਿਧਤਾ ਕਰਦਾ ਹੈ। ਭਾਈ ਸਾਹਿਬ ਦੁਆਰਾ ਵਰਤੀ ਗਈ ਪੰਜਾਬੀ ਭਾਸ਼ਾ ਸਰਲ ਅਤੇ ਠੇਠ ਹੈ ਸ਼ਬਦ-ਜੋੜ ਆਧੁਨਿਕ ਹੁੰਦੇ ਜਾ ਰਹੇ ਹਨ। ਨਿਸ਼ਾਨੀ ਛੰਦ (13, 16 ਮਾਤ੍ਰਾਵਾਂ) ਦਾ ਪ੍ਰਯੋਗ ਹੋਇਆ ਹੈ। ਭਾਈ ਸਾਹਿਬ ਨੇ ਛੰਦ ਵਿਧਾਨ ਦਾ ਬੜਾ ਕੁਸ਼ਲ ਪ੍ਰਯੋਗ ਕੀਤਾ ਹੈ। ਇਸ ਕਾਵਿ ਬੰਦ ਵਿਚ ਭਾਈ ਸਾਹਿਬ ਦੀ ਕਾਵਿ-ਪ੍ਰਤਿਭਾ ਪੂਰੀ ਤਰ੍ਹਾਂ ਉਜਾਗਰ ਹੁੰਦੀ ਹੈ।

**1.10.2.2 (ਅ) ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ ॥**
**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥**
**ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ ॥**
**ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ ॥**

ਵਿਚਾਰਾਧੀਨ ਕਾਵਿ ਬੰਦ ਭਾਈ ਗੁਰਦਾਸ ਰਚਿਤ ਪਹਿਲੀ ਵਾਰ ਵਿਚੋਂ ਲਿਆ ਗਿਆ ਹੈ ਇਸ ਵਿਚ ਕਵੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦੇ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਇਸ ਵਾਰ ਦੇ ਚੋਣਵੇਂ ਅੰਸ਼ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ **'ਪੰਜਾਬੀ ਕਾਵਿ ਸੰਗ੍ਰਹਿ'** ਵਿਚ ਸ਼ਾਮਲ ਕੀਤੇ ਹਨ।

ਭਾਈ ਸਾਹਿਬ ਫੁਰਮਾਉਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਵਿਚ ਪ੍ਰਗਟ ਹੋਣ ਨਾਲ ਇਥੇ ਪਸਰੀ ਹੋਈ ਅਗਿਆਨ ਦੀ ਧੁੰਦ ਉੱਡ ਗਈ ਅਤੇ ਚਾਰੇ ਪਾਸੇ ਗਿਆਨ ਦੀ ਰੌਸ਼ਨੀ ਫੈਲ ਗਈ। ਜਿਵੇਂ ਸੂਰਜ ਦੇ ਉਦੈ ਹੋਣ ਨਾਲ ਰਾਤ ਸਮਾਪਤ ਹੋ ਜਾਂਦੀ ਹੈ। ਤਾਰੇ ਛਿਪ ਜਾਂਦੇ ਹਨ ਅਤੇ ਪ੍ਰਭਾਤ ਦੀ ਰੌਸ਼ਨੀ ਸਾਰੇ ਪਾਸੇ ਫੈਲ ਜਾਂਦੀ ਹੈ। ਗੁਰੂ ਸਾਹਿਬ ਤੋਂ ਪਹਿਲਾਂ ਭਾਰਤ ਵਿਚ ਫਿਰਕਾਪ੍ਰਸਤੀ ਅਤੇ ਧੱਕੇਸ਼ਾਹੀ ਦਾ ਬੋਲ-ਬਾਲਾ ਸੀ। ਗੁਰੂ ਜੀ ਨੇ

ਆਪਣੇ ਉਪਦੇਸ਼ਾਂ ਨਾਲ ਮਨੁੱਖੀ ਸਮਾਨਤਾ ਅਤੇ ਪਰਮੇਸ਼ਰ ਦੀ ਭਗਤੀ ਦਾ ਰਾਹ ਖੋਲ੍ਹ ਦਿੱਤਾ ਹੈ। ਗੁਰੂ ਜੀ ਨੇ ਆਪਣੇ ਸਿਧਾਂਤਾਂ ਉੱਤੇ ਡੱਟ ਕੇ ਪਹਿਰਾ ਦਿੱਤਾ। ਆਪ ਸ਼ੇਰ ਵਾਂਗ ਗਰਜੇ ਅਤੇ ਜਿਵੇਂ ਜੰਗਲ ਵਿਚ ਸ਼ੇਰ ਦੀ ਗਰਜ ਸੁਣ ਕੇ ਹਿਰਨ ਵਰਗੇ ਜਾਨਵਰ ਭੈ-ਭੀਤ ਹੋ ਕੇ ਨੱਸ ਤੁਰਦੇ ਹਨ। ਇਸੇ ਤਰ੍ਹਾਂ ਗੁਰੂ ਜੀ ਦੇ ਉਪਦੇਸ਼ਾਂ ਅੱਗੇ ਪਿਛਾਂਹ ਖਿਚੂ ਧਾਰਮਿਕ ਆਗੂ ਬ੍ਰਾਹਮਣ, ਕਾਜ਼ੀ ਅਤੇ ਜੋਗੀ ਆਦਿ ਟਿਕ ਨਾ ਸਕੇ। ਗੁਰੂ ਜੀ ਜਿੱਥੇ-ਜਿੱਥੇ ਵੀ ਗਏ ਉਹੀ ਸਥਾਨ ਪੂਜਣਯੋਗ ਹੋ ਗਿਆ ਇਹ ਕਾਵਿ ਬੰਦ ਪਾਠਕ ਦੇ ਹਿਰਦੇ ਵਿਚ ਉਤਸ਼ਾਹ ਦੇ ਭਾਵ ਪੈਦਾ ਕਰਦਾ ਹੈ। ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਭਾਈ ਸਾਹਿਬ ਨੇ ਦ੍ਰਿਸ਼ਟਾਂਤ ਅਲੰਕਾਰ ਦਾ ਬੜਾ ਸੁੰਦਰ ਪ੍ਰਯੋਗ ਕੀਤਾ ਹੈ। ਜਿਵੇਂ :

**(1) ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਿਪੇ ਅੰਧੇਰੁ ਪਲੋਆ ॥**

**(2) ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ ॥**

ਭਾਈ ਸਾਹਿਬ ਦੀ ਭਾਸ਼ਾ ਬੜੀ ਸਰਲ ਅਤੇ ਠੇਠ ਹੈ। ਆਪ ਨੇ 13, 16 ਮਾਤਰਾਵਾਂ ਵਾਲੇ ਨਿਸ਼ਾਨੀ ਛੰਦ ਦਾ ਪ੍ਰਯੋਗ ਕੀਤਾ ਹੈ। ਇਹ ਕਾਵਿ ਬੰਦ ਭਾਈ ਸਾਹਿਬ ਦੀ ਵਾਰ ਕਾਵਿ ਕਲਾ ਦੀ ਬੜੀ ਪ੍ਰਭਾਵਸ਼ਾਲੀ ਉਦਾਹਰਣ ਪੇਸ਼ ਕਰਦਾ ਹੈ।

**ਭਾਈ ਗੁਰਦਾਸ ਦੀਆਂ ਕਾਵਿ-ਪੰਕਤੀਆਂ ਵਿਚ ਅਖਾਣ ਬਣਨ ਦੀ ਸਮਰਥਾ ਹੈ, ਜਿਵੇਂ ਕਿ**

**1. ਜੇਹਾ ਬੀਉ ਤੇਹਾ ਫਲੁ ਪਾਇਆ**

**2. ਇਕ ਬਿਨਸੈ ਇਕ ਅਸਥਿਰ ਗਜੈ**

**3. ਚੜ੍ਹੈ ਸੂਰ ਮਿਟ ਜਾਇ ਅੰਧਾਰਾ**

ਆਪਣੀ ਪਾਠ-ਪੁਸਤਕ ਵਿਚੋਂ ਅਜਿਹੀਆਂ ਪੰਜ ਪੰਕਤੀਆਂ ਹੋਰ ਚੁਣੋ।

### 1.10.3 ਸੰਖੇਪ ਪ੍ਰਸ਼ਨ ਉੱਤਰ

**ਪ੍ਰਸ਼ਨ :- ਭਾਈ ਸਾਹਿਬ ਦੀ ਵਾਰ ਵਿਚ ਕਿਹੜੇ-ਕਿਹੜੇ ਚਾਰ ਯੁੱਗ ਦੱਸੇ ਗਏ ਹਨ?**

**ਉੱਤਰ :-** ਭਾਈ ਸਾਹਿਬ ਨੇ ਆਪਣੀ ਵਾਰ ਵਿਚ ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ ਦਾ ਉਲੇਖ ਕੀਤਾ ਹੈ।

**ਪ੍ਰਸ਼ਨ :- ਭਾਈ ਸਾਹਿਬ ਨੇ ਚਾਰ ਵੇਦਾਂ ਬਾਰੇ ਦੱਸਿਆ ਹੈ। ਇਨ੍ਹਾਂ ਦੇ ਨਾਮ ਲਿਖੋ।**

**ਉੱਤਰ :-** ਇਹ ਚਾਰ ਵੇਦ ਹਨ : ਰਿਗ ਵੇਦ, ਸਾਮ ਵੇਦ, ਯਜੁਰ ਵੇਦ ਅਤੇ ਅਥਰਵ ਵੇਦ।

**ਪ੍ਰਸ਼ਨ :- ਭਾਈ ਸਾਹਿਬ ਦਾ 'ਖਟ ਦਰਸ਼ਨ' ਤੋਂ ਕੀ ਭਾਵ ਹੈ?**

**ਉੱਤਰ :-** ਖਟ ਦਰਸ਼ਨ ਦਾ ਅਰਥ ਹੈ-ਛੇ ਦਰਸ਼ਨ ਅਰਥਾਤ ਅਧਿਆਤਮਿਕ ਗਿਆਨ ਦੀਆਂ ਛੇ ਪ੍ਰਣਾਲੀਆਂ। ਇਹ ਪ੍ਰਣਾਲੀਆਂ ਭਾਰਤ ਵਿਚ ਵਿਕਸਿਤ ਹੋਈਆਂ ਅਤੇ ਇਨ੍ਹਾਂ ਵਿਚ ਅਧਿਆਤਮਿਕ ਗਿਆਨ ਦੀ ਪੇਸ਼ਕਾਰੀ ਹੋਈ ਹੈ। ਇਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ- ਨਿਆਇ, ਮੀਮਾਂਸਾ, ਵੇਦਾਂਤ, ਸਾਂਖ, ਵੈਸ਼ੇਸ਼ਕ ਅਤੇ ਯੋਗ।

**ਪ੍ਰਸ਼ਨ :-ਭਾਈ ਗੁਰਦਾਸ ਜੀ ਅਨੁਸਾਰ ਚਾਰ ਵਰਣ ਕਿਹੜੇ-ਕਿਹੜੇ ਹਨ?**

**ਉੱਤਰ :-** ਭਾਈ ਸਾਹਿਬ ਨੇ ਹਿੰਦੂ ਧਰਮ ਵਿਚ ਪ੍ਰਚਲਿਤ ਚਾਰ ਵਰਣਾਂ ਬਾਰੇ ਜ਼ਿਕਰ ਕੀਤਾ ਹੈ। ਇਹ ਵਰਣ ਹਨ- ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਚਾਰ ਵਰਣਾਂ ਨੂੰ ਖ਼ਤਮ ਕਰਕੇ ਇੱਕ ਵਰਣ ਬਣਾ ਦਿੱਤਾ।

**ਪ੍ਰਸ਼ਨ :- ਭਾਈ ਗੁਰਦਾਸ ਅਨੁਸਾਰ ਚਾਰ ਆਸ਼ਰਮ ਕਿਹੜੇ-ਕਿਹੜੇ ਹਨ?**

**ਉੱਤਰ :-** ਚਾਰ ਆਸ਼ਰਮ ਵਿਅਕਤੀ ਦੇ ਜੀਵਨ ਦੇ ਚਾਰ ਪੜਾਉ ਹਨ। ਇਨ੍ਹਾਂ ਦੇ ਨਾਮ ਹਨ ਬ੍ਰਹਮਚਾਰਯ, ਗ੍ਰਹਿਸਥ, ਵਾਨ ਪ੍ਰਸਥ ਅਤੇ ਸੰਨਿਆਸ।

**ਪ੍ਰਸ਼ਨ :- ਭਾਈ ਸਾਹਿਬ ਕਲਿਯੁਗ ਦੀ ਪ੍ਰਕ੍ਰਿਤੀ ਨੂੰ ਕਿਵੇਂ ਬਿਆਨ ਕਰਦੇ ਹਨ?**

**ਉੱਤਰ :-** ਭਾਈ ਸਾਹਿਬ ਅਨੁਸਾਰ ਕਲਿਯੁਗ ਵਿਚ ਲੋਕ ਧਰਮ ਦੇ ਮਾਰਗ ਤੋਂ ਥਿੜਕ ਗਏ ਸਨ। ਰਾਜੇ ਪਾਪੀ ਬਣ ਕੇ ਭੋਲੀ ਭਾਲੀ ਜਨਤਾ ਨੂੰ ਲੁੱਟ ਰਹੇ ਹਨ। ਪਰਜਾ ਅਗਿਆਨ ਦੇ ਹਨ੍ਹੇਰੇ ਵਿਚ ਭਟਕਦੀ ਹੋਈ ਠੇਡੇ ਖਾ ਰਹੀ ਸੀ। ਧਾਰਮਿਕ ਗੁਰੂ ਗਿਆਨ ਦਾ ਉਪਦੇਸ਼ ਦੇਣ ਦੀ ਬਜਾਇ ਲੋਕਾਂ ਨੂੰ ਖੇਡ-ਤਮਾਸ਼ਿਆਂ ਵਿਚ ਉਲਝਾ ਕੇ ਉਨ੍ਹਾਂ ਤੋਂ ਪੈਸੇ ਬਟੋਰ ਰਹੇ ਸਨ। ਕਾਜ਼ੀਆਂ ਨੇ ਹੱਕ-ਸੱਚ ਉੱਤੇ ਪਹਿਰਾ ਦੇਣ ਦੀ ਥਾਂ ਤੇ ਵੱਢੀ ਲੈਣੀ ਸ਼ੁਰੂ ਕਰ ਦਿੱਤੀ ਸੀ। ਕਿਸੇ ਨੂੰ ਵੀ ਇਨਸਾਫ਼ ਨਹੀਂ ਸੀ ਮਿਲਦਾ। ਆਪਸ ਵਿਚ ਪ੍ਰੇਮ-ਭਾਵ ਸੀਮਤ ਹੋ ਗਿਆ ਸੀ। ਪੈਸੇ ਦੀ ਸਰਦਾਰੀ ਕਾਇਮ ਹੋ ਚੁੱਕੀ ਸੀ ਅਤੇ ਪੂਰੇ ਦੇਸ਼ ਵਿਚ ਪਾਪ ਪ੍ਰਧਾਨ ਹੋ ਗਿਆ ਸੀ।

## 1.10.4 ਪ੍ਰਸ਼ਨ :-ਉਪਰੋਕਤ ਪਾਠ ਸਮੱਗਰੀ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ।

(1) ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚੋਂ ਉੱਭਰਦੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਉੱਤੇ ਇਕ ਨੋਟ ਲਿਖੋ।

(2) ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਭਾਰਤ ਦੀ ਸਮਾਜਕ ਅਤੇ ਸਭਿਆਚਾਰਕ ਸਥਿਤੀ ਦਾ ਵਰਣਨ ਕਰੋ।

(3) ਕਿਸੇ ਇਕ ਰਚਨਾ ਵਿਚ ਪੇਸ਼ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ :

ਕਲਿ ਆਈ ਕੁਤੇ ਮੁਹੀ/ਸੁਣੀ ਪੁਕਾਰਿ ਦਾਤਾਰ ਪ੍ਰਭੁ/ਗੁੜ ਬਗਦਾਦੁ ਨਿਵਾਇਕੈ/ਮੇਲਾ ਸੁਣਿ ਸਿਵਰਾਤਿ ਦਾ।

## 1.10.5 ਸਹਾਇਕ ਪੁਸਤਕਾਵਲੀ


1. ਪ੍ਰੋ. ਬ੍ਰਹਮਜਗਦੀਸ਼ ਸਿੰਘ : *ਭਾਈ ਗੁਰਦਾਸ : ਰਚਨਾ ਸੰਸਾਰ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2000.
2. ਡਾ. ਰਤਨ ਸਿੰਘ ਜੱਗੀ : *ਭਾਈ ਗੁਰਦਾਸ : ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.
3. ਡਾ. ਹਰਨੇਕ ਸਿੰਘ ਕੋਮਲ : *ਭਾਈ ਗੁਰਦਾਸ ਦਾ ਕਾਵਿ ਲੋਕ,* ਪੰਜਾਬ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1990.
4. ਭਾਈ ਗੁਰਦਾਸ ਅੰਕ, *ਪੰਜਾਬੀ ਦੁਨੀਆਂ,* ਭਾਸ਼ਾ ਵਿਭਾਗ, ਪਟਿਆਲਾ ।

**ਪਾਠ ਨੰ. : 1.11**

# ਦਮੋਦਰ ਦੀਆਂ ਰਚਨਾਵਾਂ

## 1.11.1 ਭੂਮਿਕਾ ਅਤੇ ਰੂਪ ਰੇਖਾ

ਬੀ. ਏ. ਭਾਗ ਤੀਜਾ ਦੇ ਪੰਜਾਬੀ ਸਾਹਿੱਤ ਦੇ ਵਿਦਿਆਰਥੀਆਂ ਨੂੰ ਮੱਧਕਾਲੀਨ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਵੰਨਗੀਆਂ ਤੋਂ ਜਾਣੂ ਕਰਵਾਉਣ ਵਾਸਤੇ **'ਪੰਜਾਬੀ ਕਾਵਿ ਸੰਗ੍ਰਹਿ'** ਦੇ ਸੰਪਾਦਕਾਂ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ ਇਸ ਕਾਲ ਦੇ ਪ੍ਰਸਿੱਧ ਕਵੀਆਂ ਦੀਆਂ ਰਚਨਾਵਾਂ ਨੂੰ ਇਸ ਪਾਠ-ਪੁਸਤਕ ਵਿਚ ਸ਼ਾਮਲ ਕੀਤਾ ਹੈ। ਕਿੱਸਾ ਕਾਵਿ ਇਸ ਕਾਲ ਦੀ ਪ੍ਰਮੁੱਖ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਵਿਚ **ਦਮੋਦਰ, ਪੀਲੂ, ਮੁਕਬਲ, ਵਾਰਿਸ ਸ਼ਾਹ, ਹਾਸ਼ਮ ਸ਼ਾਹ** ਅਤੇ **ਕਾਦਰ ਯਾਰ** ਵਰਗੇ ਬਹੁਤ ਸਾਰੇ ਕਵੀਆਂ ਦੇ ਨਾਮ ਲਏ ਜਾ ਸਕਦੇ ਹਨ। ਪ੍ਰਾਪਤ ਸਮਗਰੀ ਦੇ ਆਧਾਰ ਤੇ ਅਜੇ ਤੱਕ ਦਮੋਦਰ ਨੂੰ ਪੰਜਾਬੀ ਦਾ ਪਹਿਲਾ ਕਿੱਸਾ ਕਵੀ ਮੰਨਿਆ ਜਾਂਦਾ ਹੈ। ਉਸ ਦੁਆਰਾ ਲਿਖਿਆ 'ਕਿੱਸਾ ਹੀਰ ਰਾਂਝਾ' ਇਸ ਪ੍ਰਵਿਰਤੀ ਦੀ ਸਭ ਤੋਂ ਪਹਿਲੀ ਰਚਨਾ ਹੈ। ਇਸ ਪਾਠ ਦਾ ਪ੍ਰਯੋਜਨ ਤੁਹਾਨੂੰ ਦਮੋਦਰ ਦੇ ਸਾਹਿੱਤਕ ਯੋਗਦਾਨ, ਕਾਵਿ ਕਲਾ ਅਤੇ ਹੀਰ ਰਾਂਝੇ ਦੀ ਕਥਾ ਦੇ ਪ੍ਰਮੁੱਖ ਵੇਰਵਿਆਂ ਤੋਂ ਜਾਣੂ ਕਰਵਾਉਣਾ ਹੈ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਵਿਭਾਗ ਜਾਂ ਸ਼ਹਿਰ ਦੀ ਲਾਇਬਰੇਰੀ ਵਿਚੋਂ ਦਮੋਦਰ ਰਚਿਤ 'ਕਿੱਸਾ ਹੀਰ ਰਾਂਝਾ' ਲੈ ਕੇ ਉਸ ਦਾ ਸੰਪੂਰਨ ਪਾਠ ਕਰੋ ਤਾਂ ਜੋ ਤੁਹਾਨੂੰ ਪੰਜਾਬ ਦੀ ਇਸ ਪ੍ਰੀਤ-ਕਹਾਣੀ ਦੇ ਸਮੂਹ ਵੇਰਵਿਆਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਇਸ ਤੋਂ ਬਿਨਾਂ ਇਸ ਪਾਠ ਦੇ ਅੰਤ ਵਿਚ ਪੁੱਛੇ ਪ੍ਰਸ਼ਨਾਂ ਦੇ ਹੱਲ ਆਪ ਲਿਖ ਕੇ ਵੇਖਣ ਦਾ ਅਭਿਆਸ ਵੀ ਕਰਨਾ ਚਾਹੀਦਾ ਹੈ।

## 1.11.2 ਦਮੋਦਰ : ਜੀਵਨ ਅਤੇ ਸਾਹਿੱਤਿਕ ਯੋਗਦਾਨ

1.11.2.1 ਦਮੋਦਰ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਬਾਰੇ ਕੁਝ ਮਾਲੂਮ ਨਹੀਂ ਹੋ ਸਕਿਆ। ਬਾਵਾ ਗੰਗਾ ਸਿੰਘ ਬੇਦੀ, ਪ੍ਰੋ. ਪਰਮਿੰਦਰ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਡਾ. ਜਗਤਾਰ ਨੇ ਦਮੋਦਰ ਦੇ ਜੀਵਨ ਬਾਰੇ ਕੁਝ ਖੋਜ ਕੀਤੀ ਹੈ। ਇਸ ਖੋਜ ਦੇ ਆਧਾਰ ਤੇ ਦਮੋਦਰ ਦਾ ਜੀਵਨ ਕਾਲ 1550 ਈ. ਤੋਂ 1625 ਈ. ਤੱਕ ਮੰਨਿਆ ਗਿਆ ਹੈ। ਦਮੋਦਰ ਪੱਛਮੀ ਪੰਜਾਬ ਦੀ ਇਕ ਤਹਿਸੀਲ ਚਨਿਓਟ ਦੇ ਇਕ ਛੋਟੇ ਜਿਹੇ ਪਿੰਡ ਦਾ ਰਹਿਣ ਵਾਲਾ ਸੀ। ਜਵਾਨ ਹੋਣ ਤੇ ਰੋਜ਼ਗਾਰ ਦੀ ਤਲਾਸ਼ ਵਿਚ ਉਹ ਸਿਆਲਾਂ ਦੇ ਪਿੰਡ ਵਿਚ ਆ ਗਿਆ। ਇਥੇ ਉਸ ਨੇ ਇਸ ਦੁਕਾਨ ਖੋਲ੍ਹ ਲਈ। ਇਥੇ ਰਹਿੰਦਿਆਂ ਹੀ ਉਸ ਨੇ ਹੀਰ-ਰਾਂਝੇ ਦੇ ਪ੍ਰੇਮ ਦੀ ਕਹਾਣੀ ਸੁਣੀ। ਦਮੋਦਰ ਆਪਣੇ ਇਸ ਕਿੱਸੇ ਵਿਚ ਕਈ ਥਾਵਾਂ ਤੇ ਲਿਖਦਾ ਹੈ ਕਿ ਇਸ ਕਿੱਸੇ ਦੀਆਂ ਘਟਨਾਵਾਂ ਉਸ ਨੇ

ਆਪਣੀਆਂ ਅੱਖਾਂ ਨਾਲ ਵੇਖੀਆਂ ਹਨ। ਪਰੰਤੂ ਪੰਜਾਬੀ ਸਾਹਿੱਤ ਦੇ ਇਤਿਹਾਸਕਾਰ ਉਸ ਦੇ ਇਸ ਦਾਅਵੇ ਨੂੰ ਸੱਚਾ ਨਹੀਂ ਸਮਝਦੇ। ਉਨ੍ਹਾਂ ਦਾ ਵਿਚਾਰ ਹੈ ਕਿ ਦਮੋਦਰ ਨੇ ਇਸ ਕਿੱਸੇ ਦੀਆਂ ਘਟਨਾਵਾਂ ਨੂੰ ਪ੍ਰਮਾਣਿਕ ਬਣਾਉਣ ਵਾਸਤੇ 'ਅੱਖੀਂ ਡਿੱਠਾ ਹੋਣ' ਦੀ ਗੱਲ ਐਵੇਂ ਜੋੜ ਦਿੱਤੀ ਹੈ।

1.11.2.2 ਦਮੋਦਰ ਪੱਛਮੀ (ਲਹਿੰਦਾ) ਪੰਜਾਬ ਦਾ ਰਹਿਣ ਵਾਲਾ ਸੀ। ਇਸ ਵਾਸਤੇ ਆਪਣੇ ਇਸ ਕਿੱਸੇ ਦੀ ਰਚਨਾ ਵਾਸਤੇ ਉਸ ਨੇ ਲਹਿੰਦੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਉਸ ਨੇ ਦਵੱਈਆਂ ਛੰਦ ਦਾ ਪ੍ਰਯੋਗ ਕੀਤਾ ਹੈ ਜਿਸ ਵਿਚ 16, 14 ਉੱਤੇ ਵਿਸ਼ਰਾਮ ਆਉਂਦਾ ਹੈ। ਉਸ ਦੀ ਇਸ ਰਚਨਾ ਵਿਚ ਕੁੱਲ 963 ਬੰਦ ਹਨ, ਹਰ ਬੰਦ ਵਿਚ ਚਾਰ-ਚਾਰ ਪੰਕਤੀਆਂ ਹਨ। ਦਮੋਦਰ ਨੇ ਇਸ ਕਿੱਸੇ ਨੂੰ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਉਪਮਾ, ਰੂਪਕ, ਅਤਿਕਥਨੀ, ਦ੍ਰਿਸ਼ਟਾਂਤ ਅਤੇ ਲੋਕੋਕਤੀ ਆਦਿ ਅਲੰਕਾਰਾਂ ਦਾ ਬੜਾ ਸੁੰਦਰ ਪ੍ਰਯੋਗ ਕੀਤਾ ਹੈ। ਸ਼ਿੰਗਾਰ ਰਸ ਤੋਂ ਬਿਨਾਂ ਕਰੁਣਾ ਰਸ, ਬੀਰ ਰਸ, ਹਾਸ ਰਸ ਅਤੇ ਅਦਭੁਤ ਰਸ ਵੀ ਬੜੀ ਕੁਸ਼ਲਤਾ ਨਾਲ ਪੇਸ਼ ਕੀਤੇ ਗਏ ਹਨ। ਭਾਵੇਂ ਦਮੋਦਰ ਦੀ ਇਸ ਰਚਨਾ ਦਾ ਮੂਲ ਆਧਾਰ ਲਹਿੰਦੀ ਉਪ ਭਾਸ਼ਾ ਹੈ ਪਰੰਤੂ ਇਸ ਵਿਚ ਸੰਸਕ੍ਰਿਤ, ਬ੍ਰਜੀ, ਅਰਬੀ ਅਤੇ ਫ਼ਾਰਸੀ ਆਦਿਕ ਭਾਸ਼ਾਵਾਂ ਦੇ ਵੀ ਬਹੁਤ ਸਾਰੇ ਸ਼ਬਦ ਦਿਖਾਈ ਦਿੰਦੇ ਹਨ। ਕਿਧਰੇ-ਕਿਧਰੇ ਗੁਰਬਾਣੀ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ।

1.11.2.3 ਦਮੋਦਰ ਨੇ ਹੀਰ ਰਾਂਝੇ ਦੀ ਇਸ ਪ੍ਰੇਮ ਕਹਾਣੀ ਦਾ ਅੰਤ ਸੁਖਾਂਤ ਵਿਚ ਕੀਤਾ ਹੈ। ਉਸ ਅਨੁਸਾਰ ਜਦੋਂ ਰਾਂਝਾ, ਹੀਰ ਨੂੰ ਉਸ ਦੇ ਪਿੰਡ ਰੰਗਪੁਰ ਖੇੜੇ ਤੋਂ ਨਠਾ ਕੇ ਲੈ ਗਿਆ ਤਾਂ ਦੋਵੇਂ ਪ੍ਰੇਮੀ ਕੋਟ ਕਬੂਲੇ ਦੇ ਨਜ਼ਦੀਕ ਪਕੜੇ ਗਏ। ਕੋਟ ਕਬੂਲੇ ਦੇ ਕਾਜ਼ੀ ਨੇ ਪਹਿਲਾਂ ਤਾਂ ਹੀਰ ਨੂੰ ਖੇੜਿਆਂ ਦੇ ਹਵਾਲੇ ਕਰ ਦਿੱਤਾ ਪਰ ਜਦੋਂ ਰਾਂਝੇ ਦੇ ਹਾਅ ਮਾਰਨ ਤੇ ਸ਼ਹਿਰ ਨੂੰ ਅੱਗ ਲੱਗ ਗਈ ਤਾਂ ਉਸ ਨੇ ਹੀਰ ਉੱਤੇ ਰਾਂਝੇ ਦਾ ਅਧਿਕਾਰ ਮੰਨ ਲਿਆ। ਇਸ ਪਿੱਛੋਂ ਇਹ ਦੋਵੇਂ ਪ੍ਰੇਮੀ ਮੱਕੇ ਵੱਲ ਕਿਧਰੇ ਦੂਰ ਨਿਕਲ ਗਏ ਅਤੇ ਮੁੜ ਕੇ ਆਪਣੇ ਵਤਨਾਂ ਵੱਲ ਨਾ ਪਰਤੇ। ਦਮੋਦਰ ਤੋਂ ਪਿੱਛੋਂ ਹੀਰ-ਰਾਂਝੇ ਦਾ ਕਿੱਸਾ ਲਿਖਣ ਵਾਲੇ ਕਵੀਆਂ ਨੇ ਇਸ ਰਚਨਾ ਦਾ ਅੰਤ ਦੁਖਾਂਤ ਵਿਚ ਕੀਤਾ ਅਤੇ ਉਨ੍ਹਾਂ ਨੇ ਹੀਰ ਅਤੇ ਰਾਂਝੇ ਦੋਹਾਂ ਨੂੰ ਪ੍ਰੇਮ ਵਿਚ ਮੌਤ ਦਾ ਜਾਮ ਪੀਂਦਿਆਂ ਦਿਖਾਇਆ।

1.11.2.4 ਦਮੋਦਰ ਦੇ ਇਸ ਕਿੱਸੇ ਦਾ ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਬਹੁਤ ਜ਼ਿਆਦਾ ਹੈ। ਪੁਰਾਣੇ ਪੰਜਾਬ ਵਿਚ ਰਸਮਾਂ ਰੀਤਾਂ ਅਤੇ ਸਾਕਾਦਾਰੀ ਸਿਸਟਮ ਨੂੰ ਸਮਝਣ ਵਾਸਤੇ ਇਹ ਰਚਨਾ ਬਹੁਤ ਉਪਯੋਗੀ ਹੈ। ਇਸ ਤਰ੍ਹਾਂ ਸਤਾਰ੍ਹਵੀਂ ਸਦੀ ਦਾ ਇਤਿਹਾਸ ਲਿਖਣ ਵਾਸਤੇ ਵੀ ਇਹ ਕਿੱਸਾ ਇਕ ਦਸਤਾਵੇਜ਼ੀ ਮਹੱਤਵ ਰੱਖਦਾ ਹੈ।

**ਦਮੋਦਰ ਦੇ ਕਿੱਸੇ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ :**

1. **ਸਭ ਤੋਂ ਪਹਿਲਾ ਕਿੱਸਾ**
2. **ਲਹਿੰਦੀ ਭਾਸ਼ਾ ਦੀ ਵਰਤੋਂ**
3. **ਅਲੰਕਾਰਾਂ ਦਾ ਸੁਚੱਜਾ ਪ੍ਰਯੋਗ**
4. **ਅੰਤ ਸੁਖਾਂਤਕ**
5. **ਇਤਿਹਾਸਕ ਅਤੇ ਸਭਿਆਚਾਰਕ ਮਹੱਤਵ**
6. **ਹੀਰ ਰਾਂਝੇ ਨਾਲ ਸੰਬੰਧਿਤ ਘਟਨਾਵਾਂ ਨੂੰ ਅੱਖੀ ਡਿੱਠਾ ਹੋਣ ਦਾ ਦਾਅਵਾ**

## ਹੀਰ ਦਮੋਦਰ : ਚੋਣਵੇਂ ਅੰਸ਼ਾਂ ਦਾ ਵਿਸ਼ਾ-ਵਸਤੂ

### 1.11.3.1 ਮੰਗਲਾਚਰਣ

ਮੰਗਲਾਚਰਣ ਵਿਚ ਕਵੀ ਆਪਣੇ ਇਸ਼ਟ ਦੇਵ ਅਤੇ ਗੁਰੂ-ਪੀਰ ਦਾ ਸਿਮਰਨ ਕਰਦਾ ਹੈ। ਇਸ ਭਾਗ ਵਿਚ ਦਮੋਦਰ ਸਭ ਤੋਂ ਪਹਿਲਾਂ ਉਸ ਪਰਮਾਤਮਾ ਨੂੰ ਧਿਆਉਂਦਾ ਹੈ ਜਿਸ ਨੇ ਇਸ ਦੁਨੀਆਂ ਦੀ ਉਤਪੱਤੀ ਕੀਤੀ। ਉਸ ਨੇ ਧਰਤੀ ਅਤੇ ਆਸਮਾਨ ਨੂੰ ਚੰਗੀ ਤਰ੍ਹਾਂ ਨਾਲ ਟਿਕਾਇਆ ਹੈ ਅਤੇ ਕੁਦਰਤ ਦੀ ਸਾਜਨਾ ਕੀਤੀ ਹੈ। ਉਸ ਨੇ ਚੰਦ ਅਤੇ ਸੂਰਜ ਦੇ ਚੱਕਰ ਵੀ ਪੂਰੀ ਤਰ੍ਹਾਂ ਨਿਸ਼ਚਿਤ ਕਰ ਰੱਖੇ ਹਨ। ਉਸ ਦੇ ਹੁਕਮ ਤੋਂ ਬਿਨਾਂ ਕੋਈ ਵੀ ਚੀਜ਼ ਇੱਧਰ-ਉੱਧਰ ਨਹੀਂ ਹੋ ਸਕਦੀ। ਉਹ ਸਰਵ-ਸ਼ਕਤੀਮਾਨ ਅਤੇ ਸਰਵ ਵਿਆਪਕ ਹੈ। ਉਪਰੰਤ ਕਵੀ ਆਪਣੇ ਬਾਰੇ ਜਾਣ-ਪਹਿਚਾਣ ਕਰਵਾਉਂਦਾ ਹੈ। ਉਹ ਲਿਖਦਾ ਹੈ ਕਿ ਮੇਰਾ ਨਾਮ ਦਮੋਦਰ ਹੈ ਤੇ ਮੈਂ ਗੁਲਾਟੀ ਜ਼ਾਤ ਨਾਲ ਸੰਬੰਧ ਰੱਖਦਾ ਹਾਂ। ਇਸ ਕਿੱਸੇ ਦੀਆਂ ਸਾਰੀਆਂ ਘਟਨਾਵਾਂ ਮੇਰੀਆਂ ਦੇਖੀਆਂ ਹੋਈਆਂ ਹਨ।

### 1.11.3.2 ਹੀਰ ਦਾ ਜਨਮ ਅਤੇ ਬਾਲ ਵਰੇਸ

ਇਸ ਰਚਨਾ ਵਿਚ ਦਮੋਦਰ ਨੇ ਆਪਣੇ ਕਿੱਸੇ ਦੀ ਨਾਇਕਾ ਹੀਰ ਦੇ ਜਨਮ ਅਤੇ ਬਾਲ ਵਰੇਸ ਬਾਰੇ ਚਰਚਾ ਕੀਤੀ ਹੈ। ਦਮੋਦਰ ਲਿਖਦਾ ਹੈ ਕਿ ਹੀਰ ਦਾ ਪਿਤਾ **ਚੂਚਕ** ਇਕ ਬਹੁਤ ਵੱਡਾ ਜ਼ਿਮੀਦਾਰ ਸੀ। ਕਵੀ ਉਸ ਦੀ ਤੁਲਨਾ **ਬਾਦਸ਼ਾਹ ਅਕਬਰ** ਨਾਲ ਕਰਦਾ ਹੈ। ਚੂਚਕ ਦੇ ਚਾਰ ਪੁੱਤਰ ਸਨ। **ਖਾਨ, ਪਠਾਣ, ਸੁਲਤਾਨ ਅਤੇ ਬਹਾਦਰ**। ਇਹ ਚਾਰੇ ਪੁੱਤਰ ਬੜੇ ਬਹਾਦਰ ਅਤੇ ਸੋਹਣੇ ਸਨ। ਹੀਰ ਆਪਣੇ ਚਾਰੇ ਭਰਾਵਾਂ ਤੋਂ ਛੋਟੀ ਸੀ ਅਤੇ ਉਸ ਦੇ ਜਨਮ ਲੈਣ ਸਮੇਂ ਉਸ ਦੀ ਮਾਂ **ਕੁੰਦੀ**, ਇੱਕ ਤਰ੍ਹਾਂ ਨਾਲ ਬੁਢਾਪੇ ਦੀ ਅਵਸਥਾ ਵਿਚ ਪਹੁੰਚ ਚੁੱਕੀ ਸੀ। ਹੀਰ ਦੇ ਜਨਮ ਲੈਣ ਤੇ ਪਰਿਵਾਰ ਵਿਚ ਬਹੁਤ ਖ਼ੁਸ਼ੀਆਂ ਮਨਾਈਆਂ ਗਈਆਂ। ਹਰ ਕਿਸੇ ਨੇ ਚੂਚਕ ਨੂੰ ਵਧਾਈ ਦਿੱਤੀ। ਹੀਰ ਬਚਪਨ ਤੋਂ ਹੀ ਬਹੁਤ ਸੁੰਦਰ ਸੀ। ਮਾਪਿਆਂ ਨੇ ਉਸ ਨੂੰ ਬੜੇ ਲਾਡਾਂ ਅਤੇ ਚਾਵਾਂ

ਨਾਲ ਪਾਲਿਆ। ਹੌਲੀ-ਹੌਲੀ ਹੀਰ ਵੱਡੀ ਹੁੰਦੀ ਗਈ। ਦਮੋਦਰ ਨੇ ਹੀਰ ਦੇ ਵੱਡੀ ਹੋਣ ਦੇ ਬਿਰਤਾਂਤ ਨੂੰ ਵੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਹੈ। ਜਦੋਂ ਹੀਰ ਦੋ ਵਰ੍ਹਿਆਂ ਦੀ ਹੋ ਗਈ ਤਾਂ ਉਸ ਦੀ ਕੁੜਮਾਈ ਕਰਨ ਦੀਆਂ ਗੱਲਾਂ ਤੁਰ ਪਈਆਂ। ਜਦੋਂ ਉਹ ਚਾਰ ਵਰ੍ਹੇ ਦੀ ਹੋਈ ਤਾਂ ਬੜੀਆਂ ਚੰਗੀਆਂ-ਚੰਗੀਆਂ ਗੱਲਾਂ ਕਰਨ ਲੱਗੀ। ਛੇ ਵਰ੍ਹੇ ਦੀ ਉਮਰ ਵਿਚ ਹੀਰ ਨੇਕੀ ਅਤੇ ਭਲਾਈ ਦੇ ਕੰਮ ਕਰਨ ਲੱਗੀ। ਅੱਠ ਵਰ੍ਹਿਆਂ ਦੀ ਹੋਈ ਤਾਂ ਉਸ ਦੇ ਰੂਪ ਅਤੇ ਜਵਾਨੀ ਦੀਆਂ ਧੁੰਮਾਂ ਪੈਣ ਲੱਗੀਆਂ। ਜਦ ਉਹ ਦਸ ਵਰ੍ਹਿਆਂ ਦੀ ਹੋਈ ਤਾਂ ਨੇੜੇ ਕੋਈ ਵੀ ਉਸ ਵਰਗੀ ਖ਼ੂਬਸੂਰਤ ਮੁਟਿਆਰ ਦਿਖਾਈ ਨਹੀਂ ਸੀ ਦਿੰਦੀ। ਜਦੋਂ ਉਹ ਬਾਰਾਂ ਵਰ੍ਹੇ ਦੀ ਹੋਈ ਤਾਂ ਉਸ ਦਾ ਰਾਂਝੇ ਨਾਲ ਪ੍ਰੇਮ ਪੈ ਗਿਆ। ਹੀਰ ਨੇ ਕਿਸ਼ੋਰ ਅਵਸਥਾ ਦੇ ਇਸ ਪ੍ਰੇਮ ਨੂੰ ਬੜੀ ਸਿਦਕ ਦਿਲੀ ਨਾਲ ਨਿਭਾਇਆ। ਦਮੋਦਰ ਲਿਖਦਾ ਹੈ ਕਿ ਉਸ ਨੇ ਹੀਰ ਅਤੇ ਰਾਂਝੇ ਦੇ ਪ੍ਰੇਮ ਦੀਆਂ ਸਾਰੀਆਂ ਘਟਨਾਵਾਂ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਹੈ।

### 1.11.3.3 ਧੀਦੋ ਰਾਂਝੇ ਦਾ ਜਨਮ ਤੇ ਬਾਲ ਵਰੇਸ

ਇਸ ਕਵਿਤਾ ਵਿਚ ਦਮੋਦਰ ਨੇ ਧੀਦੋ ਰਾਂਝੇ ਦੇ ਜਨਮ ਅਤੇ ਬਚਪਨ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਹੈ। ਦਮੋਦਰ ਦੇ ਕਥਨ ਅਨੁਸਾਰ ਧੀਦੋ ਰਾਂਝੇ ਦਾ ਪਿਤਾ ਮੌਜਮ ਰਾਂਝਾ ਵੀ ਇਕ ਬਹੁਤ ਅਮੀਰ ਜ਼ਿੰਮੀਦਾਰ ਸੀ। ਧੀਦੋ ਦੇ ਜਨਮ ਲੈਣ ਤੇ ਉਸ ਦੇ ਪਿਤਾ ਨੂੰ ਹਰ ਕਿਸੇ ਨੇ ਵਧਾਈਆਂ ਦਿੱਤੀਆਂ। ਚਾਰੇ ਪਾਸੇ ਖ਼ੁਸ਼ੀਆਂ ਦਾ ਮਾਹੌਲ ਛਾ ਗਿਆ। ਜਦੋਂ ਧੀਦੋ ਦੋ ਵਰ੍ਹਿਆਂ ਦਾ ਹੋਇਆ ਤਾਂ ਉਸ ਦੀ ਕੁੜਮਾਈ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਜਦੋਂ ਉਹ ਚਾਰ ਵਰ੍ਹਿਆਂ ਦਾ ਹੋਇਆ ਤਾਂ ਉਸ ਦੇ ਚਿਹਰੇ ਉੱਤੇ ਸੂਰਜ ਵਰਗਾ ਜਲਾਲ ਫੈਲ ਗਿਆ। ਜਦੋਂ ਉਹ ਛੇ ਵਰ੍ਹੇ ਦੀ ਉਮਰ ਵਿਚ ਪਹੁੰਚਿਆ ਤਾਂ ਲੋਕਾਂ ਵਿਚ ਉਸ ਦੀ ਸੁੰਦਰਤਾ ਅਤੇ ਜਵਾਨੀ ਦੀਆਂ ਗੱਲਾਂ ਧੁੰਮ ਗਈਆਂ। ਦੂਰ-ਦੂਰ ਤੋਂ ਲੋਕ ਇਸ ਸੁੰਦਰ ਬਾਲਕ ਨੂੰ ਵੇਖਣ ਲਈ ਆਉਂਦੇ। ਧੀਦੋ ਦੇ ਵੱਡੇ ਭਰਾਵਾਂ ਨੂੰ ਇਹ ਗੱਲ ਚੰਗੀ ਨਹੀਂ ਸੀ ਲਗਦੀ। ਇਸ ਲਈ ਉਹ ਧੀਦੋ ਨਾਲ ਈਰਖਾ ਕਰਨ ਲੱਗ ਪਏ। ਅਜੇ ਧੀਦੋ ਰਾਂਝਾ ਛੇ ਵਰ੍ਹਿਆਂ ਦਾ ਹੀ ਸੀ ਕਿ ਉਸ ਦੀ ਮਾਤਾ ਦਾ ਦੇਹਾਂਤ ਹੋ ਗਿਆ। ਹੁਣ ਰਾਂਝਾ ਬਿਲਕੁਲ ਇਕੱਲਾ ਰਹਿ ਗਿਆ ਕਿਉਂਕਿ ਉਸ ਦੇ ਭਰਾ ਤਾਂ ਪਹਿਲਾਂ ਤੋਂ ਹੀ ਉਸ ਨਾਲ ਸਾੜਾ ਕਰਦੇ ਸਨ। ਉਸ ਨੂੰ ਬੜੀ ਖ਼ੁਸ਼ੀ ਹੋਈ ਕਿ ਹੁਣ ਧੀਦੋ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਰਿਹਾ। ਕਈ ਵਾਰ ਤਾਂ ਉਹ ਧੀਦੋ ਨੂੰ ਮਾਰਨ ਦੀਆਂ ਸਕੀਮਾਂ ਵੀ ਬਣਾਉਣ ਲੱਗੇ। ਜਦੋਂ ਮੌਜਮ ਨੂੰ ਪੁੱਤਰਾਂ ਦੀ ਅਜਿਹੀ ਬਦਨੀਅਤੀ ਬਾਰੇ ਪਤਾ ਲੱਗਾ ਤਾਂ ਉਹ ਬੜਾ ਪਰੇਸ਼ਾਨ ਹੋਇਆ। ਉਹ ਧੀਦੋ ਨੂੰ ਸਦਾ ਆਪਣੀਆਂ ਨਜ਼ਰਾਂ ਦੇ ਸਾਹਮਣੇ ਰੱਖਣ ਲੱਗਾ ਅਤੇ ਕਦੇ ਵੀ ਉਸ ਦਾ ਵਿਸਾਹ ਨਾ ਖਾਂਦਾ। ਇਹ ਵੇਖ ਕੇ ਰਾਂਝੇ ਦੇ ਭਰਾ ਉਸ ਨਾਲ ਵਧੇਰੇ ਈਰਖਾ ਕਰਨ ਲੱਗੇ। ਰਾਂਝੇ ਦੇ ਭਰਾਵਾਂ **ਤਾਹਿਰ, ਜ਼ਾਹਿਰ** ਅਤੇ **ਜੀਵਨ** ਨੇ ਸਕੀਮ ਬਣਾਈ ਕਿ ਕਿਵੇਂ ਨਾ ਕਿਵੇਂ ਰਾਂਝੇ ਨੂੰ ਮਾਰ ਮੁਕਾਇਆ ਜਾਵੇ। ਮੌਜਮ ਨੂੰ ਉਨ੍ਹਾਂ ਦੀ ਇਸ ਸਕੀਮ ਦੀ ਭਿਣਕ ਪੈ ਗਈ। ਹੁਣ ਉਹ ਧੀਦੋ ਰਾਂਝੇ ਦੀ ਨਿਗਰਾਨੀ ਵਧੇਰੇ ਚੌਕਸੀ ਨਾਲ ਕਰਨ ਲੱਗਾ।

### 1.11.3.4 ਧੀਦੋ ਦੇ ਪਿਤਾ ਮੌਜਮ ਦੀ ਮੌਤ

ਇਸ ਪ੍ਰਸੰਗ ਵਿਚ ਦਮੋਦਰ ਨੇ ਧੀਦੋ ਦੇ ਪਿਤਾ ਮੌਜਮ ਦੀ ਮੌਤ ਬਾਰੇ ਸੂਚਨਾ ਦਿੱਤੀ ਹੈ। ਮੌਜਮ ਆਪਣੇ ਸਭ ਤੋਂ ਛੋਟੇ ਪੁੱਤਰ ਧੀਦੋ ਨੂੰ ਬਹੁਤ ਪਿਆਰ ਕਰਦਾ ਸੀ। ਕਿਉਂਕਿ ਉਸ ਦੇ ਵੱਡੇ ਪੁੱਤਰ, ਧੀਦੋ ਨੂੰ ਈਰਖਾ ਕਰਨ ਲੱਗੇ ਸਨ ਇਸ ਲਈ ਮੌਜਮ ਉਸ ਦਾ ਵਧੇਰੇ ਖਿਆਲ ਰੱਖਣ ਲੱਗ ਪਿਆ ਸੀ। ਪਰੰਤੂ ਮੌਜਮ ਬਹੁਤ ਦੇਰ ਤੱਕ ਉਸ ਦੀ ਦੇਖਭਾਲ ਨਾ ਕਰ ਸਕਿਆ। ਪਰਮਾਤਮਾ ਦਾ ਭਾਣਾ ਅਜਿਹਾ ਵਾਪਰਿਆ ਕਿ ਮੌਜਮ ਦੀ ਮੌਤ ਹੋ ਗਈ। ਹੁਣ ਧੀਦੋ ਬਿਲਕੁਲ ਹੀ ਇੱਕਲਾ ਰਹਿ ਗਿਆ। ਹੁਣ ਧੀਦੋ ਦੇ ਵੱਡੇ ਭਰਾ ਉਸ ਨਾਲ ਬਹੁਤ ਵਧੀਕੀਆਂ ਕਰਨ ਲੱਗੇ। ਇਸ ਕਰਕੇ ਧੀਦੋ ਬਹੁਤ ਦੁਖੀ ਅਤੇ ਪਰੇਸ਼ਾਨ ਰਹਿਣ ਲੱਗਾ।

### 1.11.3.5 ਧੀਦੋ ਨੂੰ ਭਰਾਵਾਂ ਵੱਲੋਂ ਤੰਗ ਕੀਤਾ ਜਾਣਾ

ਇਸ ਪ੍ਰਸੰਗ ਵਿਚ ਧੀਦੋ ਨੂੰ ਉਸ ਦੇ ਭਰਾਵਾਂ ਵੱਲੋਂ ਤੰਗ ਕਰਨ ਦਾ ਸਮਾਚਾਰ ਪੇਸ਼ ਹੋਇਆ ਹੈ। ਭਰਾਵਾਂ ਨੇ ਆਪੋ ਵਿਚ ਸਲਾਹ-ਮਸ਼ਵਰਾ ਕਰਕੇ ਧੀਦੋ ਨੂੰ ਵੱਖ ਕਰ ਦਿੱਤਾ। ਬਾਅਦ ਵਿਚ ਉਹ ਉਸ ਨੂੰ ਮਾਰ ਮੁਕਾਉਣ ਦੀਆਂ ਸਲਾਹਾਂ ਕਰਨ ਲੱਗੇ। ਕੋਈ ਕਹੇ ਕਿ ਉਸ ਨੂੰ ਜ਼ਹਿਰ ਦੇ ਕੇ ਮਾਰ ਦੇਈਏ। ਕਿਸੇ ਦੀ ਸਲਾਹ ਸੀ ਕਿ ਉਸ ਦੀ ਸੰਘੀ ਘੁੱਟ ਕੇ ਖ਼ਤਮ ਕਰ ਦਿੱਤਾ ਜਾਵੇ। ਆਖਰ ਸਲਾਹ ਇਹ ਬਣੀ ਕਿ ਪਹਿਲਾਂ ਉਸ ਦੇ ਹਿੱਸੇ ਦੀ ਜ਼ਮੀਨ ਜਾਇਦਾਦ ਅਤੇ ਪਸ਼ੂ-ਡੰਗਰ ਆਪਣੇ ਕਬਜ਼ੇ ਵਿਚ ਕਰਕੇ ਉਸ ਨੂੰ ਅੱਡ ਕਰ ਦਿੱਤਾ ਜਾਵੇ। ਅੱਡ ਹੋ ਕੇ ਉਹ ਦੁੱਖੀ ਹੋ ਕੇ ਆਪ ਮਰ ਖਪ ਜਾਵੇਗਾ। ਧੀਦੋ ਨੇ ਬਥੇਰੀ ਵਾਹ ਲਾਈ ਕਿ ਉਸ ਦੇ ਭਰਾ ਉਸ ਨਾਲ ਧੱਕਾ ਨਾ ਕਰਨ ਪਰੰਤੂ ਉਹ ਇਕੱਲਾ ਸੀ ਉਸ ਦੀ ਕਿਸੇ ਨਾ ਸੁਣੀ।

### 1.11.3.6 ਧੀਦੋ ਨੂੰ ਭਰਾ ਬੋਲੇ

ਇਸ ਪ੍ਰਸੰਗ ਵਿਚ ਦਮੋਦਰ ਨੇ ਧੀਦੋ ਦੇ ਭਰਾਵਾਂ ਦੀ ਕਮੀਨਗੀ ਨੂੰ ਬਿਆਨ ਕੀਤਾ ਹੈ। ਭਰਾਵਾਂ ਨੇ ਧੀਦੋ ਨੂੰ ਕਿਹਾ ਕਿ ਹੁਣ ਪਿਤਾ ਵਾਲੀਆਂ ਮੌਜਾਂ ਨਹੀਂ ਮਿਲਣੀਆਂ। ਤੂੰ ਆ ਕੇ ਸਾਡੇ ਨਾਲ ਖੇਤਾਂ ਵਿਚ ਕੰਮ ਕਰਾ। ਭਰਾਵਾਂ ਦੀ ਚਾਲ ਸੀ ਕਿ ਸੋਹਲ ਧੀਦੋ ਤੋਂ ਖੇਤਾਂ ਵਿਚ ਕੰਮ ਨਹੀਂ ਕਰ ਹੋਣਾ। ਇਸ ਲਈ ਉਹ ਆਪੇ ਕਿਧਰੇ ਦੂਰ ਨੱਠ ਭੱਜ ਜਾਵੇਗਾ।

### 1.11.3.7 ਧੀਦੋ ਦਾ ਉੱਤਰ

ਇਸ ਪ੍ਰਸੰਗ ਵਿਚ ਦਮੋਦਰ ਨੇ ਧੀਦੋ ਦਾ ਪੱਖ ਪੇਸ਼ ਕੀਤਾ ਹੈ। ਉਸ ਨੇ ਆਪਣੇ ਭਰਾਵਾਂ ਨੂੰ ਕਿਹਾ ਕਿ ਸਾਰੀ ਜ਼ਮੀਨ-ਜਾਇਦਾਦ ਤੁਹਾਡੀ ਹੈ। ਤੁਸੀਂ ਇਸ ਨੂੰ ਜਿਵੇਂ ਮਰਜ਼ੀ ਸਾਂਭੋ। ਕਹੀ ਪਕੜ ਕੇ ਹੀ ਮੇਰੇ ਤਾਂ ਹੱਥ ਪੈਰ ਲਾਲ ਹੋ ਗਏ ਹਨ। ਮੈਂ ਤੁਹਾਡੇ ਨਾਲ ਖੇਤੀਬਾੜੀ ਦਾ ਕੰਮ ਨਹੀਂ ਕਰਵਾ ਸਕਦਾ।

### 1.11.3.8 ਭਰਾਵਾਂ ਵੱਲੋਂ ਧੀਦੋ ਨੂੰ ਮਾਰਨ ਦਾ ਮਤਾ

ਇਸ ਪ੍ਰਸੰਗ ਵਿਚ ਦਮੋਦਰ ਨੇ ਭਰਾਵਾਂ ਵੱਲੋਂ ਧੀਦੋ ਨੂੰ ਮਾਰਨ ਦੀ ਸਾਜਿਸ਼ ਬਾਰੇ

ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਪਿੰਡ ਦੇ ਲੋਕਾਂ ਨੂੰ ਭਰਾਵਾਂ ਦੀ ਸਾਜ਼ਿਸ ਬਾਰੇ ਪਤਾ ਚੱਲ ਗਿਆ ਅਤੇ ਉਹ ਬੜਾ ਅਫਸੋਸ ਜ਼ਾਹਰ ਕਰਨ ਲੱਗੇ। ਕਿ ਕਿਵੇਂ ਭਰਾ ਹੀ ਆਪਣੇ ਭਰਾ ਨੂੰ ਮਾਰਨ ਦੀਆਂ ਗੋਂਦਾਂ ਗੁੰਦ ਰਹੇ ਹਨ। ਹੌਲੀ-ਹੌਲੀ ਧੀਦੋ ਤੱਕ ਵੀ ਇਹ ਗੱਲਾਂ ਪਹੁੰਚ ਗਈਆਂ। ਅਜਿਹੀਆਂ ਗੱਲਾਂ ਸੁਣ ਕੇ ਧੀਦੋ ਬਹੁਤ ਘਬਰਾ ਗਿਆ। ਉਸ ਨੂੰ ਸਮਝ ਨਾ ਆਈ ਕਿ ਉਹ ਕੀ ਕਰੇ। ਆਖਰ ਉਸ ਨੇ ਫੈਸਲਾ ਕੀਤਾ ਕਿ ਉਹ ਘਰ-ਬਾਰ ਛੱਡ ਕੇ ਕਿਧਰੇ ਦੂਰ ਨੱਸ ਜਾਵੇਗਾ।

### 1.11.3.9 ਧੀਦੋ ਦਾ ਹਜ਼ਾਰਿਓਂ ਨਿਕਲ ਜਾਣਾ

ਇਸ ਕਾਵਿ-ਬੰਦ ਵਿਚ ਦਮੋਦਰ ਨੇ ਧੀਦੋ ਦੇ ਹਜ਼ਾਰਿਓਂ ਨਿਕਲ ਤੁਰਨ ਦੇ ਪ੍ਰਸੰਗ ਨੂੰ ਬਿਆਨ ਕੀਤਾ ਹੈ। ਧੀਦੋ ਨੇ ਆਪਣੀ ਖੂੰਡੀ ਅਤੇ ਵੰਝਲੀ ਚੁੱਕੀ ਅਤੇ ਤਖ਼ਤ ਹਜ਼ਾਰਿਓਂ ਨਿਕਲ ਤੁਰਿਆ। ਉਸ ਨੇ ਸਿਰ ਉਪਰ ਲਾਲ ਚੀਰਾ ਬੰਨ੍ਹਿਆ ਜਿਸ ਉੱਤੇ ਅੰਬਰੀ ਲੱਗੀ ਹੋਈ ਸੀ ਅਤੇ ਲੱਕ ਨਾਲ ਨੀਲਾ ਖੇਸ ਬੰਨ੍ਹ ਲਿਆ। ਉਸ ਨੇ ਨੱਕ ਵਿਚ ਬੁਲਾਕ ਪਹਿਨਿਆ ਹੋਇਆ ਸੀ ਅਤੇ ਕੰਨਾਂ ਵਿੱਚ ਵਾਲੀਆਂ ਸਨ। ਉਸ ਦੀਆਂ ਜ਼ੁਲਫ਼ਾਂ ਉੱਡ-ਉੱਡ ਕੇ ਚਿਹਰੇ ਉੱਤੇ ਪੈ ਰਹੀਆਂ ਸਨ। ਅੱਧੀ ਰਾਤ ਨੂੰ ਧੀਦੋ ਤਖ਼ਤ ਹਜ਼ਾਰੇ ਨੂੰ ਛੱਡ ਕੇ ਨਿਕਲ ਤੁਰਿਆ। ਉਸ ਨੂੰ ਡਰ ਸੀ ਕਿ ਕਿਧਰੇ ਭਰਾ ਪਕੜ ਕੇ ਉਸ ਨੂੰ ਮਾਰ ਨਾ ਦੇਣ। ਪੂਰੀ ਰਾਤ ਅਤੇ ਅਗਲਾ ਸਾਰਾ ਦਿਨ ਧੀਦੋ ਤੁਰਦਾ ਗਿਆ। ਅਗਲੀ ਰਾਤ ਨੂੰ ਉਸ ਨੇ ਇਕ ਪਿੰਡ ਦੀ ਮਸੀਤ ਵਿਚ ਮੁਕਾਮ ਕਰ ਲਿਆ।

### 1.11.3.10 ਰਾਂਝੇ ਨੂੰ ਪੰਜ ਪੀਰਾਂ ਦਾ ਮਿਲਣਾ

ਇਸ ਕਾਵਿ-ਬੰਦ ਵਿਚ ਦਮੋਦਰ ਨੇ ਰਾਂਝੇ ਦੀ ਪੰਜ ਪੀਰਾਂ ਨਾਲ ਮੁਲਾਕਾਤ ਦੇ ਪ੍ਰਸੰਗ ਨੂੰ ਬਿਆਨ ਕੀਤਾ ਹੈ। ਘਰੋਂ ਨਿਕਲਣ ਤੋਂ ਪਿੱਛੋਂ ਫਿਰਦਾ-ਫਿਰਦਾ ਰਾਂਝਾ ਦਰਿਆ ਝਨਾਂ ਦੇ ਕਿਨਾਰੇ ਤੇ ਪਹੁੰਚ ਗਿਆ। ਦਰਿਆ ਤੋਂ ਪਾਰ ਲੰਘਣ ਲਈ ਕਿਸੇ ਬੇੜੀ ਦੀ ਉਡੀਕ ਕਰਦਾ ਹੋਇਆ ਰਾਂਝਾ ਆਪਣੀ ਵੰਝਲੀ ਵਜਾਉਣ ਲੱਗਾ। ਇਸ ਵੰਝਲੀ ਦੀ ਮਿੱਠੀ ਆਵਾਜ਼ ਬੇੜੀ ਵਿਚ ਸਫ਼ਰ ਕਰ ਰਹੇ ਪੰਜਾਂ ਪੀਰਾਂ ਦੇ ਕੰਨਾਂ ਵਿਚ ਪਈ। ਉਹ ਇਸ ਮਿੱਠੀ ਤਾਣ ਨੂੰ ਸੁਣ ਕੇ ਬਹੁਤ ਪ੍ਰਸੰਨ ਹੋ ਗਏ ਅਤੇ ਬੇੜੀ ਨੂੰ ਲੈ ਕੇ ਉਸ ਕਿਨਾਰੇ ਤੇ ਆ ਪਹੁੰਚੇ ਜਿਥੇ ਬੈਠਾ ਹੋਇਆ ਧੀਦੋ ਰਾਂਝਾ ਵੰਝਲੀ ਵਜਾ ਰਿਹਾ ਸੀ। ਇਥੋਂ ਤੱਕ ਪਹੁੰਚ ਕੇ ਉਹ ਬੇੜੀ ਵਿਚੋਂ ਉੱਤਰੇ ਅਤੇ ਰਾਂਝੇ ਪਾਸ ਆਣ ਬੈਠੇ। ਰਾਂਝਾ ਆਪਣੀ ਮਸਤੀ ਵਿਚ ਵੰਝਲੀ ਵਜਾ ਰਿਹਾ ਸੀ। ਜਦੋਂ ਰਾਂਝਾ ਰੁਕਿਆ ਤਾਂ ਪੀਰਾਂ ਨੇ ਉਸ ਦਾ ਹਾਲ-ਚਾਲ ਪੁੱਛਿਆ। ਰਾਂਝੇ ਨੇ ਘਰੋਂ ਨਿਕਲਣ ਵਾਲੀ ਸਾਰੀ ਹਕੀਕਤ ਇਨ੍ਹਾਂ ਪੀਰਾਂ ਦੇ ਸਾਹਮਣੇ ਬਿਆਨ ਕਰ ਦਿੱਤੀ। ਆਪਣਾ ਹਾਲ ਬਿਆਨ ਕਰਕੇ ਰਾਂਝਾ ਫਿਰ ਵੰਝਲੀ ਵਜਾਉਣ ਲੱਗਾ। ਇਸ ਵਾਰ ਉਸ ਨੇ ਰਾਗ ਲਲਿਤ ਵਜਾਇਆ। ਪੀਰ ਉਸ ਦੀ ਕਲਾ ਨੂੰ ਸੁਣ ਕੇ ਬਹੁਤ ਪ੍ਰਸੰਨ ਹੋ ਗਏ ਅਤੇ ਉਸ ਨੂੰ ਵਰ ਦਿੱਤਾ ਕਿ ਸਿਆਲਾਂ ਦੀ ਖ਼ੂਬਸੂਰਤ ਕੁੜੀ ਹੀਰ ਉਸ ਦੀ ਹੋ ਜਾਵੇਗੀ। ਦੂਜੇ ਪਾਸੇ ਇਨ੍ਹਾਂ ਪੰਜਾਂ ਪੀਰਾਂ ਨੇ ਹੀਰ ਨੂੰ ਸੁਪਨੇ ਵਿਚ ਦਰਸ਼ਨ ਦਿੱਤੇ ਅਤੇ ਬੜੀ ਤਕੜਾਈ ਨਾਲ ਉਸ ਨੂੰ ਸਮਝਾ ਦਿੱਤਾ ਕਿ ਉਹ ਧੀਦੋ ਰਾਂਝੇ ਤੋਂ ਬਿਨਾਂ ਕਿਸੇ ਹੋਰ ਦਾ ਖਿਆਲ ਵੀ ਆਪਣੇ ਮਨ ਵਿਚ ਨਾ

ਲਿਆਵੇ। ਪੀਰਾਂ ਦੀ ਇਹ ਗੱਲ ਸੁਣ ਕੇ ਧੀਦੋ ਰਾਂਝਾ ਬਹੁਤ ਪ੍ਰਸੰਨ ਹੋ ਗਿਆ। ਉਸ ਨੇ ਪੀਰਾਂ ਨੂੰ ਦੁੱਧ ਪਿਆ ਕੇ ਮਾਣ-ਸਨਮਾਨ ਕੀਤਾ। ਧੀਦੋ ਨੂੰ ਆਪਣਾ ਭਵਿੱਖ ਸਾਫ਼-ਸਾਫ਼ ਨਜ਼ਰ ਆਉਣ ਲੱਗਾ। ਥੋੜ੍ਹੀ ਦੇਰ ਪਿੱਛੋਂ ਉਹ ਪੀਰ ਵੀ ਵਿਦਾ ਹੋ ਗਏ ਅਤੇ ਰਾਂਝਾ ਆਪਣੀ ਮੰਜ਼ਲ ਵੱਲ ਰਵਾਨਾ ਹੋ ਗਿਆ। ਉਸ ਦੇ ਮਨ ਵਿਚ ਹੀਰ ਨੂੰ ਦੇਖਣ ਅਤੇ ਮਿਲਣ ਦੀ ਤਿੱਖੀ ਤਲਬ ਪੈਦਾ ਹੋ ਗਈ ਸੀ।

## 1.11.3.11 ਕੈਦੋਂ ਨੇ ਰਾਂਝੇ ਪਾਸੋਂ ਚੂਰੀ ਲਿਆਉਣੀ

ਇਸ ਕਾਵਿ-ਬੰਦ ਵਿਚ ਦਮੋਦਰ ਨੇ ਹੀਰ ਅਤੇ ਰਾਂਝੇ ਦੇ ਪ੍ਰੇਮ ਨਾਲ ਸੰਬੰਧਿਤ ਕੁਝ ਘਟਨਾਵਾਂ ਬਿਆਨ ਕੀਤੀਆਂ ਹਨ। ਝੰਗ ਸਿਆਲ ਪਹੁੰਚ ਕੇ ਰਾਂਝਾ ਹੀਰ ਦੇ ਘਰ ਉਨ੍ਹਾਂ ਦੀਆਂ ਮੱਝਾਂ ਚੁਰਾਉਣ ਲੱਗਾ। ਹੀਰ, ਰਾਂਝੇ ਵਾਸਤੇ ਰੋਜ਼ ਚੂਰੀ ਲਿਆਉਂਦੀ ਸੀ। ਹੀਰ ਅਤੇ ਰਾਂਝੇ ਦੀਆਂ ਪ੍ਰੇਮ ਮਿਲਣੀਆਂ ਨੂੰ ਹੀਰ ਦਾ ਚਾਚਾ ਕੈਦੋਂ ਪਸੰਦ ਨਹੀਂ ਸੀ ਕਰਦਾ। ਉਸ ਨੇ ਇਕ ਦੋ ਵਾਰ ਹੀਰ ਦੇ ਪਿਤਾ ਚੂਚਕ ਨੂੰ ਇਸ ਬਾਰੇ ਸੰਕੇਤ ਵੀ ਕੀਤਾ ਪਰੰਤੂ ਚੂਚਕ ਨੇ ਉਸ ਦੀ ਗੱਲ ਨਹੀਂ ਸੀ ਮੰਨੀ। ਇਸ ਵਾਰ ਉਹ ਦਿਖਾਉਣਾ ਚਾਹੁੰਦਾ ਸੀ ਕਿ ਹੀਰ ਚੂਰੀਆਂ ਖੁਆ-ਖੁਆ ਕੇ ਰਾਂਝੇ ਦੀ ਖਾਤਰਦਾਰੀ ਕਰਦੀ ਹੈ। ਇਸ ਮੰਤਵ ਦੀ ਪੂਰਤੀ ਲਈ ਉਸ ਨੇ ਧਿਆਨ ਰੱਖਿਆ ਕਿ ਕਿਸ ਸਮੇਂ ਹੀਰ ਰਾਂਝੇ ਵਾਸਤੇ ਚੂਰੀ ਲਿਆਉਂਦੀ ਹੈ। ਜਦੋਂ ਹੀਰ ਮੋਰ ਵਾਂਗ ਪੈਲਾਂ ਪਾਉਂਦੀ ਅਤੇ ਆਪਣੇ ਪ੍ਰੇਮੀ ਉਤੋਂ ਕੁਰਬਾਨ ਜਾਂਦੀ ਚੂਰੀ ਲੈ ਕੇ ਆਈ ਤਾਂ ਰਾਂਝੇ ਨੇ ਹੀਰ ਨੂੰ ਦੁੱਧ ਲਿਆਉਣ ਵਾਸਤੇ ਕਿਹਾ। ਹੀਰ ਆਪਣੇ ਪ੍ਰੇਮੀ ਦੀ ਇੱਛਾ ਨੂੰ ਪੂਰੀ ਕਰਨ ਵਾਸਤੇ ਚੂਰੀ ਉਸ ਦੇ ਅੱਗੇ ਟਿਕਾ ਗਈ ਅਤੇ ਆਪ ਦੁੱਧ ਲੈਣ ਵਾਸਤੇ ਚਲੀ ਗਈ। ਰਾਂਝੇ ਨੂੰ ਇਕੱਲਿਆਂ ਵੇਖ ਕੇ ਕੈਦੋਂ ਸਾਹਮਣੇ ਆ ਗਿਆ ਅਤੇ ਅੱਲਾ ਦਾ ਵਾਸਤਾ ਦੇ ਕੇ ਚੂਰੀ ਮੰਗਣ ਲੱਗਾ। ਰਾਂਝੇ ਨੂੰ ਕੈਦੋਂ ਦੀ ਸਾਜ਼ਿਸ਼ ਬਾਰੇ ਕੁਝ ਪਤਾ ਨਹੀਂ ਸੀ। ਇਸੇ ਲਈ ਉਸੇ ਨੇ ਚੂਰੀ ਦਾ ਕੁਝ ਹਿੱਸਾ ਕੈਦੋਂ ਨੂੰ ਦੇ ਦਿੱਤਾ ਅਤੇ ਕੈਦੋਂ ਇਹ ਚੂਰੀ ਲੈ ਕੇ ਹੀਰ ਦੇ ਪਿਤਾ ਪਾਸ ਸ਼ਿਕਾਇਤ ਲਾਉਣ ਵਾਸਤੇ ਰਵਾਨਾ ਹੋ ਗਿਆ।

## 1.11.3.12 ਕੈਦੋਂ ਸਿਆਲਾਂ ਨੂੰ

ਇਸ ਕਾਵਿ-ਬੰਦ ਵਿਚ ਦਮੋਦਰ ਨੇ ਕੈਦੋਂ ਦੇ ਸੁਭਾਉ ਦਾ ਵਰਣਨ ਕੀਤਾ ਹੈ। ਧੀਦੋ ਰਾਂਝੇ ਤੋਂ ਚਾਲਾਕੀ ਨਾਲ ਚੂਰੀ ਲੈ ਕੇ ਕੈਦੋਂ ਹੀਰ ਦੇ ਘਰ ਆ ਪਹੁੰਚਿਆ ਅਤੇ ਉੱਚੀ-ਉੱਚੀ ਰੌਲਾ ਪਾਉਣ ਲੱਗਾ। ਉਸ ਨੇ ਸਾਰੇ ਸਿਆਲਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਧੀਆਂ ਨੂੰ ਮਾਰ ਕੇ ਉਨ੍ਹਾਂ ਦੀ ਅਲਖ ਮੁਕਾ ਦਿਓ। ਇਹ ਤੁਹਾਡੀ ਬਦਨਾਮੀ ਦਾ ਕਾਰਣ ਬਣਨਗੀਆਂ। ਤੁਸੀਂ ਸਾਰਾ ਦਿਨ ਮਿਹਨਤ ਮੁਸ਼ਕੱਤ ਕਰਕੇ ਮਸਾਂ ਸੁੱਕੀ ਰੋਟੀ ਖਾਂਦੇ ਹੋ ਅਤੇ ਧੀਦੋ ਵਰਗੇ ਚਾਕਾਂ ਨੂੰ ਤੁਹਾਡੀਆਂ ਧੀਆਂ ਚੂਰੀਆਂ ਕੁੱਟ-ਕੁੱਟ ਕੇ ਖੁਆਉਂਦੀਆਂ ਹਨ। ਚੂਚਕ, ਕੈਦੋਂ ਦੀ ਚੂਰੀ ਫੜ ਕੇ ਆਪਣੀ ਪਤਨੀ ਕੁੰਦੀ ਪਾਸ ਲੈ ਆਇਆ ਅਤੇ ਆਪਣੀ ਧੀ ਦੀ ਕਰਤੂਤ ਬਾਰੇ ਦੱਸਣ ਲੱਗਾ। ਉਨ੍ਹਾਂ ਨੂੰ ਆਪਣੀ ਧੀ ਹੀਰ ਦੀ ਇਸ ਕਰਤੂਤ ਉੱਤੇ ਬਹੁਤ ਗੁੱਸਾ ਆਇਆ ਅਤੇ ਪਤੀ-ਪਤਨੀ ਦੋਵੇਂ ਰੋਣ ਲੱਗੇ।

### 1.11.3.13 **ਵਿਆਹ ਦੀਆਂ ਰੀਤਾਂ**

ਇਸ ਕਾਵਿ-ਬੰਦ ਵਿਚ ਦਮੋਦਰ ਨੇ ਹੀਰ ਦੇ ਵਿਆਹ ਦੀਆਂ ਰਸਮਾਂ-ਰੀਤਾਂ ਦਾ ਵਰਣਨ ਕੀਤਾ ਹੈ। ਬ੍ਰਾਹਮਣ ਨੇ ਹੀਰ ਦੇ ਘਰ ਆ ਕੇ ਵਿਆਹ ਦੀਆਂ ਰਸਮਾਂ-ਰੀਤਾਂ ਸ਼ੁਰੂ ਕਰ ਦਿੱਤੀਆਂ। ਉਹ ਮੌਲੀ ਲੈ ਕੇ ਆਇਆ ਸੀ। ਉਸ ਨੇ ਹੀਰ ਦੀ ਮਾਂ ਨੂੰ ਕਿਹਾ ਕਿ ਹੀਰ ਨੂੰ ਬੁਲਾਵੇ ਤਾਂ ਜੋ ਵਿਆਹ ਦਾ ਕਾਜ ਵੇਲੇ ਸਿਰ ਸੰਪੰਨ ਹੋ ਜਾਵੇ।

### **ਮਹਿਰੀ ਕੁੰਦੀ ਹੀਰ ਨੂੰ**

ਇਸ ਕਾਵਿ-ਬੰਦ ਵਿਚ ਹੀਰ ਦੀ ਮਾਂ ਕੁੰਦੀ ਹੀਰ ਨੂੰ ਵਿਆਹ ਵਾਸਤੇ ਮਨਾਉਣ ਦੀ ਕੋਸ਼ਿਸ਼ ਕਰਦੀ ਵਿਖਾਈ ਗਈ ਹੈ। ਹੀਰ ਦੇ ਮਾਤਾ-ਪਿਤਾ ਨੇ ਬਚਪਨ ਵਿਚ ਹੀ ਹੀਰ ਦੀ ਕੁੜਮਾਈ ਖੇੜਿਆਂ ਨਾਲ ਕੀਤੀ ਹੋਈ ਸੀ। ਹੁਣ ਖੇੜੇ ਵਿਆਹੁਣ ਲਈ ਆ ਪਹੁੰਚੇ ਸਨ ਪਰੰਤੂ ਹੀਰ ਦਾ ਧੀਦੋ ਨਾਲ ਪ੍ਰੇਮ ਹੋ ਗਿਆ ਸੀ। ਉਹ ਇਸ ਵਿਆਹ ਲਈ ਤਿਆਰ ਨਹੀਂ ਸੀ। ਇਸ ਕਰਕੇ ਹੀਰ ਦੀ ਮਾਂ, ਹੀਰ ਦੀਆਂ ਮਿੰਨਤਾਂ ਕਰਦੀ ਹੈ। ਉਹ ਕਹਿੰਦੀ ਹੈ ਕਿ ਖੇੜੇ ਬਰਾਤ ਲੈ ਕੇ ਪਹੁੰਚ ਚੁੱਕੇ ਹਨ ਬ੍ਰਾਹਮਣ ਵੀ ਵਿਆਹ ਦੀਆਂ ਰੀਤਾਂ ਕਰਨ ਵਾਸਤੇ ਪਹੁੰਚ ਚੁੱਕਾ ਹੈ। ਇਸ ਲਈ ਤੂੰ ਜਲਦੀ ਨਾਲ ਵਿਆਹ ਵਾਸਤੇ ਤਿਆਰ ਹੋ ਜਾ।

### 1.11.3.14 **ਹੀਰ ਮਾਂ ਨੂੰ**

ਜਦੋਂ ਹੀਰ ਦੀ ਮਾਂ ਉਸ ਨੂੰ ਵਿਆਹ ਵਾਸਤੇ ਤਿਆਰ ਹੋਣ ਲਈ ਕਹਿੰਦੀ ਹੈ ਤਾਂ ਹੀਰ ਉਸ ਨੂੰ ਕੋਰਾ ਜਵਾਬ ਦੇ ਦਿੰਦੀ ਹੈ। ਉਹ ਕਹਿੰਦੀ ਹੈ ਕਿ ਉਸ ਪਾਸ ਇੱਕ ਹੀ ਦਿਲ ਸੀ ਅਤੇ ਉਹ ਉਸ ਨੇ ਧੀਦੋ ਨੂੰ ਦੇ ਦਿੱਤਾ ਹੈ। ਹੁਣ ਉਹ ਕਿਸੇ ਹੋਰ ਦਾ ਖਿਆਲ ਵੀ ਆਪਣੇ ਮਨ ਵਿਚ ਨਹੀਂ ਲਿਆ ਸਕਦੀ। ਹੀਰ ਕਹਿੰਦੀ ਹੈ ਕਿ ਉਸ ਨੂੰ ਸੰਪੂਰਨ ਪ੍ਰੇਮੀ ਮਿਲ ਗਿਆ ਹੈ, ਇਸ ਲਈ ਹੁਣ ਉਸ ਨੂੰ ਕਿਸੇ ਦੂਸਰੇ ਮਰਦ ਦੀ ਝਾਕ ਨਹੀਂ ਰਹੀ। ਮੈਂ ਹੁਣ ਹੋਰ ਕਿਸੇ ਨਾਲ ਨਹੀਂ ਜਾਣਾ। ਮੈਂ ਰਾਂਝੇ ਦੀ ਹੋ ਚੁੱਕੀ ਹਾਂ ਅਤੇ ਉਹ ਮੇਰੇ ਸਿਰ ਦਾ ਸਾਂਈਂ ਹੈ। ਉਸ ਦਾ ਇਹ ਜਵਾਬ ਸੁਣ ਕੇ ਹੀਰ ਦੀ ਮਾਂ ਨੇ ਆਪਣੀ ਇਕ ਨੌਕਰਾਣੀ **ਹੰਸੀ** ਨੂੰ ਭੇਜ ਕੇ ਰਾਂਝੇ ਨੂੰ ਬੁਲਾ ਲਿਆ ਅਤੇ ਕਿਹਾ ਕਿ ਪਹਿਲਾਂ ਤੂੰ ਹੀ ਹੀਰ ਦੇ ਗਾਨਾ ਬੰਨ੍ਹ ਦੇ। ਜਦੋਂ ਰਾਂਝਾ ਸਾਹਮਣੇ ਆਇਆ ਤਾਂ ਹੀਰ ਗਲ ਵਿਚ ਪੱਲੂ ਪਾ ਕੇ ਉਸ ਦੇ ਪੈਰਾਂ ਉੱਤੇ ਡਿਗ ਪੈਂਦੀ ਹੈ।

### 1.11.3.15 **ਹੀਰ ਰਾਂਝੇ ਨੂੰ**

ਇਸ ਪ੍ਰਸੰਗ ਵਿਚ ਦਮੋਦਰ ਨੇ ਵਿਆਹ ਤੋਂ ਪਹਿਲਾਂ ਹੀਰ ਅਤੇ ਰਾਂਝੇ ਦੀ ਆਪਸੀ ਗੱਲ-ਬਾਤ ਨੂੰ ਪੇਸ਼ ਕੀਤਾ ਹੈ। ਹੀਰ ਰਾਂਝੇ ਨੂੰ ਬੇਨਤੀ ਕਰਦੀ ਹੋਈ ਕਹਿੰਦੀ ਹੈ ਕਿ ਤੂੰ ਮੈਨੂੰ ਜਿੱਥੇ ਮਰਜ਼ੀ ਲੈ ਚੱਲ। ਮੈਂ ਤੇਰੀ ਹਾਂ ਅਤੇ ਤੇਰੀ ਹੀ ਰਹਾਂਗੀ। ਮੈਂ ਤੇਰੀ ਕਿਸੇ ਵੀ ਗੱਲ ਅੱਗੇ ਉਜ਼ਰ ਨਹੀਂ ਕਰਾਂਗੀ ਅਤੇ ਤੇਰਾ ਹਰ ਹੁਕਮ ਮੰਨਾਂਗੀ। ਹੀਰ ਅਤੇ ਰਾਂਝੇ ਦੀ ਇਸ ਪ੍ਰੇਮ ਭਰੀ ਵਾਰਤਾਲਾਪ ਨੂੰ ਸੁਣ ਕੇ ਵਿਆਹ ਕਰਾਉਣ ਆਏ ਬ੍ਰਾਹਮਣ ਨੇ ਪੁੱਛਿਆ ਕਿ ਇਹ ਕੀ ਮਾਜਰਾ ਹੈ? ਆਖਰ ਉਸ ਨੂੰ ਸਾਰੀ ਹਕੀਕਤ ਦਾ ਪਤਾ ਚੱਲ ਗਿਆ। ਉਸ ਨੇ ਕਿਹਾ ਕਿ ਪਹਿਲਾਂ ਵੀ ਉਸ ਨੂੰ ਹੀਰ ਦੇ ਪ੍ਰੇਮ ਬਾਰੇ ਥੋੜ੍ਹਾ ਬਹੁਤ ਪਤਾ ਲੱਗਿਆ ਸੀ। ਪਰੰਤੂ ਅੱਜ ਤਾਂ ਮੈਂ ਸਾਰੀ ਹਕੀਕਤ ਆਪਣੀਆਂ ਅੱਖਾਂ ਨਾਲ ਵੇਖ ਲਈ ਹੈ। ਮਾਂ ਨੇ

ਬ੍ਰਾਹਮਣ ਨੂੰ ਵੱਢੀ ਦਿੰਦਿਆਂ ਹੋਇਆਂ ਸਮਝਾਇਆ ਕਿ ਉਹ ਹੀਰ ਦੇ ਪ੍ਰੇਮ ਦੀ ਗੱਲ ਨੂੰ ਬਾਹਰ ਨਾ ਕੱਢੇ। ਵੱਢੀ ਲੈ ਕੇ ਬ੍ਰਾਹਮਣ ਤਾਂ ਰਵਾਨਾ ਹੋ ਗਿਆ ਪਰੰਤੂ ਦੂਜੇ ਪਾਸੇ ਖੇੜੇ ਵਿਆਹ ਦੀ ਕਾਹਲ ਕਰ ਰਹੇ ਸਨ। ਉਨ੍ਹਾਂ ਦਾ ਪੁੱਤਰ ਖਾਨ ਖਾਰੇ ਉੱਤੇ ਚੜ੍ਹਿਆ ਬੈਠਾ ਸੀ। ਕਾਜ਼ੀ ਨੇ ਕਿਹਾ ਕਿ ਉਹ ਹੀਰ ਨੂੰ ਲੈ ਕੇ ਆਉਣ ਤਾਂ ਜੋ ਹੀਰ ਅਤੇ ਖਾਨ ਦਾ ਨਿਕਾਹ ਕੀਤਾ ਜਾ ਸਕੇ। ਹੀਰ ਦੇ ਮਾਮੇ, ਭਰਾ ਅਤੇ ਮਾਂ ਦੁਬਾਰਾ ਹੀਰ ਪਾਸ ਗਏ ਅਤੇ ਉਸ ਨੂੰ ਨਿਕਾਹ ਵਾਸਤੇ ਮਨਾਉਣ ਲੱਗੇ। ਉਨ੍ਹਾਂ ਨੂੰ ਵੇਖ ਕੇ ਹੀਰ ਗੁੱਸੇ ਵਿਚ ਆ ਗਈ ਅਤੇ ਕਿਹਾ ਕਿ ਮੈਨੂੰ ਹੱਥ ਨਾ ਲਾਉਣ। ਮੇਰੇ ਸਿਰ ਦਾ ਸਾਈਂ ਧੀਦੋ ਹੈ ਅਤੇ ਉਸ ਤੋਂ ਬਿਨਾਂ ਮੈਂ ਕਿਸੇ ਵੀ ਹੋਰ ਰਿਸ਼ਤੇ ਦੀ ਪਰਵਾਹ ਨਹੀਂ ਕਰਦੀ। ਏਨਾ ਕਹਿ ਕੇ ਉਹ ਕਾਜ਼ੀ ਪਾਸ ਆਪੇ ਪਹੁੰਚ ਗਈ।

### 1.11.3.16 ਹੀਰ ਅਤੇ ਕਾਜ਼ੀ ਦਾ ਸੰਵਾਦ

ਹੀਰ ਦੇ ਕਾਜ਼ੀ ਪਾਸ ਪਹੁੰਚਣ ਤੋਂ ਪਿੱਛੋਂ ਕਾਜ਼ੀ ਨੇ ਉਸ ਨੂੰ ਨਿਕਾਹ ਦੀ ਮਰਯਾਦਾ ਅਨੁਸਾਰ ਪੁੱਛਿਆ ਕਿ ਕੀ ਉਹ ਅਲੀ ਦੇ ਬੇਟੇ ਖਾਨ ਨਾਲ ਵਿਆਹ ਕਰਾਉਣ ਵਾਸਤੇ ਤਿਆਰ ਹੈ? ਇਸਲਾਮ ਅਨੁਸਾਰ ਜਿਤਨੀ ਦੇਰ ਲੜਕੀ ਆਪਣੀ ਮਰਜ਼ੀ ਨਾਲ ਹੋਣ ਵਾਲੇ ਪਤੀ ਨਾਲ ਸ਼ਾਦੀ ਕਰਨ ਵਾਸਤੇ ਤਿਆਰ ਨਹੀਂ ਹੁੰਦੀ, ਉਤਨੀ ਦੇਰ ਤੱਕ ਉਸ ਦੀ ਸ਼ਾਦੀ ਨਹੀਂ ਕੀਤੀ ਜਾ ਸਕਦੀ। ਕਾਜ਼ੀ ਕਹਿੰਦਾ ਹੈ ਕਿ ਜੇ ਉਹ ਚਾਹੇ ਤਾਂ ਆਪਣੇ ਲਈ ਕੋਈ ਵਕੀਲ ਵੀ ਕਰ ਸਕਦੀ ਹੈ।

### 1.11.3.17 ਹੀਰ

ਕਾਜ਼ੀ ਦੇ ਉੱਤਰ ਵਿਚ ਹੀਰ ਜਵਾਬ ਦਿੰਦੀ ਹੈ ਕਿ ਉਸ ਨੂੰ ਕਿਸੇ ਹੋਰ ਵਕੀਲ ਦੀ ਲੋੜ ਨਹੀਂ। ਉਹ ਕੋਈ ਗੁੰਗੀ-ਡੋਰੀ ਨਹੀਂ ਹੈ। ਆਪਣੇ ਅਧਿਕਾਰ ਲਈ ਉਹ ਖ਼ੁਦ ਲੜ ਸਕਦੀ ਹੈ ਹੀਰ ਕਹਿੰਦੀ ਹੈ ਕਿ ਮੈਂ ਆਪਣੇ ਹੱਕਾਂ ਵਾਸਤੇ ਜ਼ੋਰਦਾਰ ਆਵਾਜ਼ ਬੁਲੰਦ ਕਰਾਂਗੀ ਤਾਂ ਜੋ ਸਾਰੇ ਸਮਾਜ ਨੂੰ ਮੇਰੇ ਨਾਲ ਹੋ ਰਹੇ ਅਤਿਆਚਾਰ ਬਾਰੇ ਪਤਾ ਚਲ ਜਾਵੇ। ਮੈਂ ਤਾਂ ਰਾਂਝੇ ਨਾਲ ਹੀ ਵਿਆਹ ਕਰਾਂਗੀ। ਖੇੜਿਆਂ ਨਾਲ ਭਾਵੇਂ ਮੇਰੀ ਮਾਂ ਵਿਆਹ ਕਰ ਲਵੇ। ਹੀਰ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਸ ਦੇ ਭਰਾਵਾਂ ਨੂੰ ਉਸ ਦਾ ਮੂੰਹ ਬੰਦ ਕਰਾ ਦਿੱਤਾ। ਉਸ ਨੂੰ ਪਕੜ ਕੇ ਮੱਲੋਜ਼ੋਰੀ ਉਸ ਦੀਆਂ ਲਾਵਾਂ ਖੇੜੇ ਨਾਲ ਕਰਵਾ ਦਿੱਤੀਆਂ। ਇਸ ਤਰ੍ਹਾਂ ਹੀਰ ਦੀ ਮਰਜ਼ੀ ਦੇ ਵਿਰੁੱਧ ਉਸ ਦਾ ਵਿਆਹ ਖੇੜੇ ਨਾਲ ਕਰ ਦਿੱਤਾ ਗਿਆ।

### 1.11.3.18 ਹੀਰ ਦੀ ਬਿਰਹਾ

ਇਸ ਰਚਨਾ ਵਿਚ ਦਮੋਦਰ ਨੇ ਹੀਰ ਦੇ ਬਿਰਹਾ-ਭਾਵਾਂ ਦਾ ਵਰਨਣ ਕੀਤਾ ਹੈ। ਨਿਕਾਹ ਤੋਂ ਬਾਅਦ ਹੀਰ ਖੇੜਿਆਂ ਦੇ ਪਿੰਡ ਰੰਗਪੁਰ ਪਹੁੰਚ ਜਾਂਦੀ ਹੈ। ਇਥੇ ਆ ਕੇ ਆਪਣੇ ਪ੍ਰੇਮੀ ਧੀਦੋ ਦੇ ਸਾਥ ਤੋਂ ਬਿਨਾਂ ਉਹ ਬਿਲਕੁਲ ਇਕੱਲੀ ਰਹਿ ਜਾਂਦੀ ਹੈ। ਹੀਰ ਦੀ ਨਨਾਣ ਸਹਿਤੀ, ਉਹ ਦੀ ਹਮਰਾਜ਼ ਬਣ ਜਾਂਦੀ ਹੈ। ਹਵੇਲੀ ਵਿਚ ਬੈਠੀ ਹੀਰ ਕਾਵਾਂ ਹੱਥ ਆਪਣੇ ਪ੍ਰੇਮੀ ਨੂੰ ਸੁਨੇਹੇ ਭੇਜਦੀ ਰਹਿੰਦੀ ਹੈ ਅਤੇ ਬਾਰ-ਬਾਰ ਉਨ੍ਹਾਂ ਰਾਹਾਂ ਵੱਲ ਵੇਖਦੀ ਹੈ ਜਿੱਧਰ ਉਸ ਦਾ ਪ੍ਰੇਮੀ ਰਾਂਝਾ ਵੱਸਦਾ ਸੀ। ਉਹ ਧੀਦੋ ਰਾਂਝੇ ਦੇ ਵਿਛੋੜੇ ਵਿਚ ਤੜਪਦੀ ਰਹਿੰਦੀ ਹੈ। ਹੌਲੀ-ਹੌਲੀ ਉਹ ਕਮਜ਼ੋਰ ਹੋਣ ਲੱਗਦੀ ਹੈ ਅਤੇ ਉਸ ਦੀ ਸੁੰਦਰਤਾ ਵੀ ਗਾਇਬ ਹੋਣਾ ਸ਼ੁਰੂ ਕਰ ਦਿੰਦੀ ਹੈ।

ਉਸ ਦਾ ਸਾਰਾ ਦਿਨ ਰੋਣ ਕੁਰਲਾਉਣ ਵਿਚ ਗੁਜ਼ਰ ਜਾਂਦਾ ਹੈ। ਕਈ ਵਾਰ ਉਹ ਅਜਿਹੀ ਬੇਸੁੱਧ ਹੋ ਜਾਂਦੀ ਸੀ ਕਿ ਉਸ ਨੂੰ ਪਤਾ ਹੀ ਨਹੀਂ ਚਲਦਾ ਕਿ ਉਹ ਕੌਣ ਹੈ। ਰਾਂਝਾ-ਰਾਂਝਾ ਜਪਦਿਆਂ ਉਹ ਆਪ ਹੀ ਰਾਂਝੇ ਦਾ ਰੂਪ ਹੋ ਗਈ ਸੀ। ਕਦੇ-ਕਦੇ ਉਸ ਨੂੰ ਸੁੱਧ ਆਉਂਦੀ ਹੈ ਤਾਂ ਉਹ ਫਿਰ ਰਾਂਝੇ ਦੀ ਯਾਦ ਵਿਚ ਰੋਣਾ ਸ਼ੁਰੂ ਕਰ ਦਿੰਦੀ ਹੈ। ਉਹ ਸੋਚਦੀ ਹੈ ਕਿ ਪਤਾ ਨਹੀਂ ਰਾਂਝਾ ਮੇਰੇ ਬਿਨਾਂ ਕਿਵੇਂ ਜ਼ਿੰਦਗੀ ਗੁਜ਼ਾਰਦਾ ਹੋਵੇਗਾ। ਮੈਂ ਤਾਂ ਉਸ ਦੇ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦੀ। ਕਦੇ-ਕਦੇ ਸਹਿਤੀ ਉਸ ਨੂੰ ਧੀਰਜ ਦਿੰਦੀ ਹੈ ਨਹੀਂ ਤਾਂ ਸਾਰਾ-ਸਾਰਾ ਦਿਨ ਹੀਰ, ਰਾਂਝੇ ਦੀ ਯਾਦ ਵਿਚ ਵਿਆਕੁਲ ਰਹਿੰਦੀ ਹੈ। ਦਮੋਦਰ ਨੇ ਹੀਰ ਦੀ ਬੇਚੈਨੀ ਅਤੇ ਤੜਪ ਨੂੰ ਬੜੇ ਭਾਵਪੂਰਕ ਅੰਦਾਜ਼ ਵਿਚ ਪੇਸ਼ ਕੀਤਾ ਹੈ।

### 1.11.3.19 ਰਾਂਝੇ ਦਾ ਜੋਗ ਲੈਣ ਜਾਣਾ

ਇਸ ਪ੍ਰਸੰਗ ਵਿਚ ਦਮੋਦਰ ਨੇ ਰਾਂਝੇ ਦੇ ਜੋਗੀ ਬਣਨ ਨੂੰ ਬੜੇ ਨਾਟਕੀ ਅੰਦਾਜ਼ ਵਿਚ ਪੇਸ਼ ਕੀਤਾ ਹੈ। ਜਦੋਂ ਧੀਦੋ ਉਸ ਦੀ ਯਾਦ ਵਿਚ ਬਹੁਤ ਵਿਆਕੁਲ ਹੋ ਗਿਆ ਤਾਂ ਉਸ ਨੇ ਸਿਆਲਾਂ ਦਾ ਪਿੰਡ ਛੱਡ ਕੇ ਹੀਰ ਦੇ ਪਿੱਛੇ ਰੰਗਪੁਰ ਖੇੜੇ ਨੂੰ ਜਾਣ ਦਾ ਮਤਾ ਬਣਾਇਆ। ਸਭ ਤੋਂ ਪਹਿਲਾਂ ਉਹ ਜੋਗੀਆਂ ਦੇ ਟਿੱਲੇ ਵੱਲ ਰਵਾਨਾ ਹੋਇਆ। ਉਸ ਨੇ ਪਹਿਲਾ ਮੁਕਾਮ ਦਰਿਆ ਜਿਹਲਮ ਦੇ ਕਿਨਾਰੇ ਤੇ ਕੀਤਾ, ਦੂਜਾ ਮੁਕਾਮ ਪਹਾੜਾਂ ਦੇ ਕਰੀਬ ਜਾ ਕੇ ਕੀਤਾ ਅਤੇ ਤੀਜਾ ਮੁਕਾਮ ਉਸ ਨੇ ਜੋਗੀਆਂ ਦੇ ਟਿੱਲੇ ਤੇ ਪਹੁੰਚ ਕੇ ਹੀ ਕੀਤਾ। ਜਦੋਂ ਰਾਂਝਾ ਜੋਗੀਆਂ ਦੇ ਟਿਕਾਣੇ ਤੇ ਪਹੁੰਚਿਆ ਤਾਂ ਉਸ ਦੀ ਸਿੱਧ ਬਗਾਈ ਨਾਲ ਮੁਲਾਕਾਤ ਹੋਈ। ਜੋਗੀ ਨੇ ਉਸ ਨੂੰ ਵੇਖਦਿਆਂ ਹੀ ਉਸ ਦਾ ਪਤਾ-ਟਿਕਾਣਾ ਪੁੱਛਿਆ ਅਤੇ ਮਨ ਹੀ ਮਨ ਵਿਚ ਰਾਂਝੇ ਦੀ ਸੁੰਦਰਤਾ ਦੀ ਸਿਫ਼ਤ ਕੀਤੀ। ਸਿੱਧ ਬਗਾਈ ਜੋਗੀ ਨੇ ਉਸ ਨੂੰ ਟਿੱਲੇ ਉੱਤੇ ਆਉਣ ਦਾ ਕਾਰਣ ਵੀ ਪੁੱਛਿਆ। ਧੀਦੋ ਨੇ ਕਿਹਾ ਕਿ ਮੈਂ ਤਾਂ ਤੁਹਾਡੇ ਦਰਸ਼ਨਾਂ ਲਈ ਆਇਆ ਹਾਂ। ਹੋਰ ਮੇਰੇ ਦਿਲ ਵਿਚ ਕੋਈ ਤਮੰਨਾ ਨਹੀਂ ਹੈ। ਮੇਰਾ ਇਸ ਦੁਨੀਆਂ ਵਿਚ ਕੋਈ ਨਹੀਂ ਹੈ। ਮੈਂ ਬਿਲਕੁਲ ਇਕੱਲਾ ਹਾਂ ਤੁਸੀਂ ਕ੍ਰਿਪਾ ਕਰਕੇ ਮੈਨੂੰ ਆਪਣਾ ਚੇਲਾ ਬਣਾ ਲਵੋ। ਸਿੱਧ ਬਗਾਈ ਨੇ ਕਿਹਾ ਕਿ ਤੂੰ ਬੜਾ ਖ਼ੂਬਸੂਰਤ ਨੌਜਵਾਨ ਹੈ। ਤੂੰ ਜੋਗੀ ਬਣ ਕੇ ਕੀ ਲੈਣਾ ਹੈ? ਰਾਂਝੇ ਨੇ ਕਿਹਾ ਕਿ **ਗੋਪੀ ਚੰਦ** ਤੇ **ਭਰਥਰੀ** ਵਰਗੇ ਰਾਜੇ ਜੋਗੀ ਬਣ ਗਏ ਸਨ। ਤੁਸੀਂ ਮੇਰੀ ਗ਼ਰੀਬੀ ਦੀ ਲਾਜ ਰੱਖੋ ਅਤੇ ਮੈਨੂੰ ਆਪਣਾ ਜੋਗੀ ਬਣਾ ਲਵੋ।

### 1.11.3.20 ਸਿੱਧ ਬਗਾਈ

ਇਸ ਪ੍ਰਸੰਗ ਵਿਚ ਸਿੱਧ ਬਗਾਈ ਧੀਦੋ ਰਾਂਝੇ ਨੂੰ ਜੋਗ ਮੱਤ ਦੀਆਂ ਮੁਸ਼ਕਿਲਾਂ ਅਤੇ ਕਠਿਨਾਈਆਂ ਬਾਰੇ ਦੱਸਦਾ ਹੈ। ਉਹ ਕਹਿੰਦਾ ਹੈ ਕਿ ਆਮ ਆਦਮੀ ਇਸ ਮਾਰਗ ਉੱਤੇ ਨਹੀਂ ਚੱਲ ਸਕਦੇ। ਮੰਗ ਕੇ ਖਾਣਾ ਅਤੇ ਜ਼ਮੀਨ ਉੱਤੇ ਸੌਣਾ ਬਹੁਤ ਕਠਿਨ ਹੈ। ਇਸ ਲਈ ਜੋਗੀ ਬਣਨ ਦੀ ਜ਼ਿੱਦ ਨਾ ਕਰ।

### 1.11.3.21 ਰਾਂਝਾ

ਇਸ ਪ੍ਰਸੰਗ ਵਿਚ ਦਮੋਦਰ ਨੇ ਰਾਂਝੇ ਦੇ ਜੋਗੀ ਬਣਨ ਦੇ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਸਿੱਧ ਬਗਾਈ ਦੇ ਇਨਕਾਰ ਕਰਨ ਤੇ ਰਾਂਝਾ ਉਸ ਨੂੰ ਆਪਣੇ ਜੀਵਨ ਦੀ ਸਾਰੀ ਹਕੀਕਤ ਬਿਆਨ

ਕਰਦਾ ਹੈ। ਉਹ ਕਹਿੰਦਾ ਹੈ ਕਿ ਮੈਂ ਤਖ਼ਤ ਹਜ਼ਾਰੇ ਦਾ ਰਹਿਣ ਵਾਲਾ ਹਾਂ। ਮੇਰੇ ਪਿਤਾ ਮੌਜਮ ਚੌਧਰੀ ਦੀ ਮੌਤ ਹੋ ਜਾਣ ਪਿੱਛੋਂ ਭਰਾਵਾਂ ਤੋਂ ਡਰਦਾ ਮਾਰਿਆ ਮੈਂ ਸਿਆਲਾਂ ਦੇ ਪਿੰਡ ਪਹੁੰਚ ਗਿਆ ਸਾਂ। ਉਸ ਪਿੰਡ ਦੇ ਚੌਧਰੀ ਚੂਚਕ ਦੀ ਬੇਟੀ ਹੀਰ ਨਾਲ ਮੇਰਾ ਪ੍ਰੇਮ ਹੋ ਗਿਆ ਸੀ। ਪਰ ਹੁਣ ਉਹ ਖੇੜਿਆਂ ਦੇ ਪਿੰਡ ਵਿਆਹੀ ਗਈ ਹੈ। ਹੁਣ ਮੇਰਾ ਕਿਧਰੇ ਕੋਈ ਟਿਕਾਣਾ ਨਹੀਂ। ਇਸ ਲਈ ਮੈਂ ਤੁਹਾਡੀ ਸ਼ਰਨ ਵਿਚ ਆ ਗਿਆ ਹਾਂ। ਧੀਦੋ ਦੀਆਂ ਗੱਲਾਂ ਸੁਣ ਕੇ ਜੋਗੀ ਬੜਾ ਹੈਰਾਨ ਹੋਇਆ ਅਤੇ ਉਸ ਨੇ ਸਲਾਹ-ਮਸ਼ਵਰੇ ਲਈ ਆਪਣੇ ਹੋਰ ਚੇਲਿਆਂ ਨੂੰ ਵੀ ਬੁਲਾ ਲਿਆ। ਚੇਲਿਆਂ ਨੇ ਰਾਂਝੇ ਦੀ ਜੀਵਨ ਕਹਾਣੀ ਸੁਣ ਕੇ ਸਿੱਧ ਬਗਾਈ ਨੂੰ ਕਿਹਾ ਕਿ ਇਹ ਆਦਮੀ ਯੋਗੀ ਬਣਨ ਦੇ ਯੋਗ ਨਹੀਂ ਹੈ ਚੇਲਿਆਂ ਦੀ ਗੱਲ ਸੁਣ ਕੇ ਸਿੱਧ ਬਗਾਈ ਨੇ ਆਪਣੇ ਚੇਲਿਆਂ ਨੂੰ ਝਿੜਕਿਆ ਅਤੇ ਕਿਹਾ ਕਿ ਤੁਸੀਂ ਰਾਂਝੇ ਨਾਲ ਬੇਇਨਸਾਫ਼ੀ ਨਾ ਕਰੋ। ਉਸ ਨੇ ਰਾਂਝੇ ਨੂੰ ਥਾਪੀ ਦਿੱਤੀ ਅਤੇ ਹੌਸਲਾ ਕਰਨ ਵਾਸਤੇ ਆਖਿਆ। ਉਸ ਨੇ ਕਿਹਾ ਕਿ ਤੂੰ ਜੋਗੀਆਂ ਦੇ ਟਿੱਲੇ ਤੋਂ ਆਇਆ ਹੈਂ। ਇਸ ਲਈ ਮੈਂ ਤੈਨੂੰ ਆਸ਼ੀਰਵਾਦ ਦੇ ਰੂਪ ਵਿਚ ਹੀਰ ਪ੍ਰਦਾਨ ਕਰਦਾ ਹਾਂ। ਅੱਜ ਤੋਂ ਬਾਅਦ ਹੀਰ ਉੱਤੇ ਤੇਰਾ ਹੱਕ ਹੋਵੇਗਾ। ਸਿੱਧ ਬਗਾਈ ਤੋਂ ਆਸ਼ੀਰਵਾਦ ਲੈ ਕੇ ਰਾਂਝਾ ਉਥੋਂ ਚੱਲ ਪਿਆ। ਉਸ ਨੇ ਜੋਗੀਆਂ ਵਾਂਗ ਭਗਵੇ ਰੰਗ ਦੇ ਕੱਪੜੇ ਪਹਿਨ ਲਏ, ਮੱਥੇ ਉਪਰ ਵਿਭੂਤੀਲਾ ਲਈ ਅਤੇ ਹਜ਼ਾਰੇ ਪਹੁੰਚ ਗਿਆ। ਹਜ਼ਾਰੇ ਤੋਂ ਚੱਲ ਕੇ ਉਹ **ਚਨਿਓਟ** ਅਤੇ **ਆਲੀਪੁਰ** ਹੁੰਦਾ ਹੋਇਆ **ਝੰਗ ਸਿਆਲ** ਪਹੁੰਚ ਗਿਆ। ਇਸ ਤਰ੍ਹਾਂ ਧੀਦੋ ਰਾਂਝਾ ਜੋਗੀ ਦੇ ਭੇਸ ਵਿਚ ਹੀਰ ਨੂੰ ਮਿਲਣ ਵਾਸਤੇ ਤਿਆਰ ਹੋ ਗਿਆ।

ਦਮੋਦਰ ਰਚਿਤ 'ਹੀਰ ਰਾਂਝੇ' ਦੇ ਕਿੱਸੇ ਵਿਚੋਂ ਪਾਠ-ਪੁਸਤਕ ਵਿਚ ਸ਼ਾਮਲ ਕੀਤੇ ਗਏ ਅੰਸ਼ਾਂ ਤੋਂ ਸਾਨੂੰ ਇਹ ਜਾਣਕਾਰੀ ਮਿਲਦੀ ਹੈ :

1. **ਹੀਰ ਦੇ ਚਾਰ ਭਰਾ ਸਨ : ਖਾਨ, ਪਠਾਣ, ਸੁਲਤਾਨ ਅਤੇ ਬਹਾਦਰ।**
2. **ਰਾਂਝੇ ਦੇ ਬਚਪਨ ਵਿਚ ਹੀ ਉਸ ਦੇ ਪਿਉ ਦੀ ਮੌਤ ਹੋ ਗਈ ਸੀ।**
3. **ਧੀਦੋ (ਰਾਂਝੇ) ਦੇ ਭਰਾਵਾਂ ਨੇ ਉਸ ਨੂੰ ਮਾਰਨ ਦੀ ਯੋਜਨਾ ਬਣਾਈ ਸੀ।**
4. **ਕੈਦੋਂ ਨੇ ਰਾਂਝੇ ਕੋਲੋਂ ਹੀਰ ਦੀ ਦਿੱਤੀ ਹੋਈ ਦੁੱਧ ਚੂਰੀ ਮੰਗ ਲਈ ਸੀ।**
5. **ਉਸ ਸਮੇਂ ਮੁਸਲਮਾਨ ਪਰਿਵਾਰਾਂ ਵਿਚ ਵੀ ਕਈ ਹਿੰਦੂ ਰਸਮਾਂ ਪ੍ਰਚਲਿਤ ਸਨ।**
6. **ਹੀਰ ਕਾਜ਼ੀ ਨੂੰ ਸੈਦੇ ਨਾਲ ਵਿਆਹ ਕਰਨ ਸੰਬੰਧੀ ਇਨਕਾਰ ਕਰ ਦਿੰਦੀ ਹੈ।**

7. **ਹੀਰ ਦਾ ਵਿਆਹ ਜ਼ਬਰਦਸਤੀ ਕੀਤਾ ਜਾਂਦਾ ਹੈ।**
8. **ਰਾਂਝਾ ਜੋਗੀ ਬਣਨ ਦਾ ਫ਼ੈਸਲਾ ਕਰਦਾ ਹੈ।**
9. **ਸਿੱਧ ਬਾਲਨਾਥ ਰਾਂਝੇ ਦੀ ਦੁਖ ਭਰੀ ਵਿਥਿਆ ਸੁਣ ਕੇ ਉਸ ਨੂੰ ਜੋਗ ਦੇਣਾ ਮੰਨ ਜਾਂਦਾ ਹੈ।**
10. **ਜੋਗੀ ਬਣਿਆ ਰਾਂਝਾ ਝੰਗ ਸਿਆਲ ਪਹੁੰਚਦਾ ਹੈ।**

### 1.11.4 ਸੰਖੇਪ ਪ੍ਰਸ਼ਨ-ਉੱਤਰ

**ਪ੍ਰਸ਼ਨ :- ਹੀਰ ਦੇ ਮਾਤਾ-ਪਿਤਾ ਬਾਰੇ ਤੁਸੀਂ ਕੀ ਜਾਣਦੇ ਹੋ?**

**ਉੱਤਰ :-** ਹੀਰ ਦਾ ਪਿਤਾ ਚੌਧਰੀ ਚੂਚਕ ਝੰਗ ਸਿਆਲ ਦਾ ਵੱਡਾ ਚੌਧਰੀ ਸੀ ਜਿਸ ਦੀ ਜ਼ਮੀਨ ਜਾਇਦਾਦ ਬਹੁਤ ਜ਼ਿਆਦਾ ਸੀ। ਹੀਰ ਦੀ ਮਾਤਾ ਦਾ ਨਾਮ **ਮਲਕੀ** (ਮਹਿਰੀ) ਸੀ। ਹੀਰ ਦਾ ਜਨਮ ਆਪਣੇ ਭਰਾਵਾਂ ਤੋਂ ਬਾਅਦ ਹੋਇਆ। ਮਾਪਿਆਂ ਨੇ ਉਸ ਨੂੰ ਬੜੇ ਲਾਡਾਂ ਨਾਲ ਪਾਲਿਆ ਸੀ।

**ਪ੍ਰਸ਼ਨ :- ਧੀਦੋ ਰਾਂਝਾ ਕੌਣ ਸੀ? ਉਸ ਦੇ ਮਾਤਾ-ਪਿਤਾ ਬਾਰੇ ਤੁਸੀਂ ਕੀ ਜਾਣਦੇ ਹੋ?**

**ਉੱਤਰ :-** ਧੀਦੋ ਰਾਂਝਾ ਤਖਤ ਹਜ਼ਾਰੇ ਦੇ ਚੌਧਰੀ ਮੌਜਮ ਦਾ ਛੋਟਾ ਪੁੱਤਰ ਸੀ। ਉਸ ਦੇ ਤਿੰਨ ਵੱਡੇ ਭਰਾ ਸਨ- ਤਾਹਿਰ, ਜ਼ਾਹਿਰ ਅਤੇ ਜੀਵਨ। ਕਿਉਂਕਿ ਰਾਂਝਾ ਬਹੁਤ ਖੂਬਸੂਰਤ ਸੀ ਅਤੇ ਸਾਰੇ ਉਸ ਨਾਲ ਪਿਆਰ ਕਰਦੇ ਸਨ ਇਸ ਲਈ ਰਾਂਝੇ ਦੇ ਭਰਾ ਉਸ ਨਾਲ ਈਰਖਾ ਕਰਦੇ ਸਨ।

**ਪ੍ਰਸ਼ਨ :- ਧੀਦੋ ਰਾਂਝੇ ਨੇ ਆਪਣਾ ਘਰ-ਬਾਰ ਕਿਉਂ ਛੱਡਿਆ?**

**ਉੱਤਰ :-** ਧੀਦੋ ਰਾਂਝੇ ਨੂੰ ਡਰ ਸੀ ਕਿ ਉਸ ਦੇ ਭਰਾ ਉਸ ਨੂੰ ਮਾਰ ਦੇਣਗੇ। ਉਸ ਨੇ ਕਈ ਵਾਰ ਆਪਣੇ ਭਰਾਵਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਦਿਆਂ ਹੋਇਆਂ ਵੀ ਸੁਣਿਆ ਸੀ। ਲੋਕ ਵੀ ਧੀਦੋ ਰਾਂਝੇ ਨੂੰ ਭਰਾਵਾਂ ਤੋਂ ਖ਼ਬਰਦਾਰ ਕਰਦੇ ਰਹਿੰਦੇ ਸਨ।

**ਪ੍ਰਸ਼ਨ :- ਪੰਜ ਪੀਰ ਕੌਣ ਸਨ ਅਤੇ ਉਹ ਰਾਂਝੇ ਨੂੰ ਕਿਵੇਂ ਮਿਲੇ?**

**ਉੱਤਰ :-** ਘਰ ਛੱਡਣ ਤੋਂ ਬਾਅਦ ਰਾਂਝਾ ਤੁਰਦਾ-ਫਿਰਦਾ ਦਰਿਆ ਝਨਾਂ ਦੇ ਕਿਨਾਰੇ ਤੇ ਆ ਪਹੁੰਚਿਆ। ਦਰਿਆ ਨੂੰ ਪਾਰ ਕਰਨ ਲਈ ਕੋਈ ਬੇੜੀ ਮੌਜੂਦ ਨਹੀਂ ਸੀ। ਬੇੜੀ ਦੀ ਉਡੀਕ ਵਿਚ ਉਹ ਵੰਝਲੀ ਵਜਾਉਂਣ ਲੱਗਾ। ਉਸ ਦੀ ਵੰਝਲੀ ਨੂੰ ਸੁਣ ਕੇ ਪੰਜ ਪੀਰ ਉਸ ਕੋਲ ਪਹੁੰਚ ਗਏ। ਰਾਂਝੇ ਨੇ ਇਨ੍ਹਾਂ ਪੀਰਾਂ ਨੂੰ ਦੁੱਧ ਪਿਆਇਆ। ਖ਼ੁਸ਼ ਹੋ ਕੇ ਇਨ੍ਹਾਂ ਪੀਰਾਂ ਨੇ ਰਾਂਝੇ ਨੂੰ ਹੀਰ ਮਿਲਣ ਦਾ ਵਰ ਦੇ ਦਿੱਤਾ।

**ਪ੍ਰਸ਼ਨ :- ਕੈਦੋਂ ਕੌਣ ਸੀ? ਉਸ ਦੇ ਚਰਿੱਤਰ ਬਾਰੇ ਤੁਸੀਂ ਕੀ ਜਾਣਦੇ ਹੋ?**

**ਉੱਤਰ :-** ਕੈਦੋਂ ਹੀਰ ਦਾ ਚਾਚਾ ਸੀ। ਉਸ ਨੂੰ ਹੀਰ ਅਤੇ ਰਾਂਝੇ ਦੇ ਪ੍ਰੇਮ ਬਾਰੇ ਭਿਣਕ ਪੈ

ਗਈ। ਉਸ ਨੇ ਹੀਰ ਦੇ ਪਿਤਾ ਚੌਧਰੀ ਚੂਚਕ ਨੂੰ ਕਿਹਾ ਕਿ ਉਹ ਹੀਰ ਦਾ ਫਸਤਾ ਵੱਢ ਦੇਵੇ ਨਹੀਂ ਤਾਂ ਹੀਰ ਉਨ੍ਹਾਂ ਦੇ ਖ਼ਾਨਦਾਨ ਨੂੰ ਲੀਕ ਲਾ ਦੇਵੇਗੀ। ਆਪਣੇ ਇਸ ਕਥਨ ਦੀ ਗਵਾਹੀ ਵਾਸਤੇ ਇੱਕ ਵਾਰ ਉਹ ਰਾਂਝੇ ਪਾਸੋਂ ਚੂਰੀ ਵੀ ਮੰਗ ਕੇ ਲੈ ਗਿਆ ਸੀ। ਉਸ ਨੇ ਸਿਆਲਾਂ ਦੇ ਚੌਧਰੀਆਂ ਨੂੰ ਕਿਹਾ ਕਿ ਉਹ ਤਾਂ ਸਾਰੇ ਦਿਨ ਦੀ ਮਿਹਨਤ ਮੁਸ਼ੱਕਤ ਪਿੱਛੋਂ ਸੁੱਕੀਆਂ ਰੋਟੀਆਂ ਤੋੜਦੇ ਹਨ ਅਤੇ ਧੀਦੋ ਰਾਂਝੇ ਵਰਗੇ ਵਿਹਲੜ ਚੂਰੀਆਂ ਖਾਕੇ ਐਸ਼ ਕਰਦੇ ਹਨ।

### 1.7.5 ਪ੍ਰਸੰਗ ਸਹਿਤ ਵਿਆਖਿਆ

**ਚੀਰਾ ਲਾਲ ਤੇ ਉੱਤੇ ਅੰਬਰੀ, ਮਢ ਨੀਲਾ ਖੇਸ ਬਨ੍ਹਾਇਆ।**
**ਨਕ ਬੁਲਾਕ ਕੰਨੀ ਲੁਢਕੇ ਬੁਹਿਆ ਢੁਕ ਢੁਕ ਲਾਇਆ।**
**ਅੱਧੀ ਰਾਤ ਚਲਿਆ ਉਠ ਧੀਦੋ ਪੱਲੇ ਖਰਚ ਨਾ ਪਾਇਆ।**
**ਤ੍ਰਾਸ ਜਿੰਦ ਦਾ ਅੰਦਰ ਧੀਦੋ, ਰਹੇ ਨ ਮੂਲ ਰਹਾਇਆ।**

ਇਹ ਕਾਵਿ-ਬੰਦ 'ਹੀਰ-ਦਮੋਦਰ' ਵਿਚੋਂ ਲਿਆ ਗਿਆ ਹੈ। ਪੰਜਾਬੀ ਕਾਵਿ ਸੰਗ੍ਰਹਿ ਦੇ ਵਿਦਵਾਨ ਸੰਪਾਦਕਾਂ ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ ਨੇ 'ਹੀਰ ਦਮੋਦਰ' ਦੇ ਚੌਣਵੇਂ ਅੰਸ਼ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਹਨ। ਦਮੋਦਰ ਪੰਜਾਬੀ ਦਾ ਪਹਿਲਾ ਕਿੱਸਾ ਕਵੀ ਹੈ ਅਤੇ ਹੀਰ-ਰਾਂਝੇ ਦੇ ਪ੍ਰੇਮ ਦਾ ਕਿੱਸਾ ਵੀ ਉਸ ਨੇ ਸਭ ਤੋਂ ਪਹਿਲਾਂ ਲਿਖਿਆ ਹੈ।

ਇਸ ਬੰਦ ਵਿਚ ਦਮੋਦਰ ਨੇ ਧੀਦੋ ਰਾਂਝੇ ਦੇ ਆਪਣੇ ਘਰੋਂ ਵਿਦਾ ਹੋਣ ਦੀ ਘਟਨਾ ਨੂੰ ਬਿਆਨ ਕੀਤਾ ਹੈ। ਧੀਦੋ ਬਚਪਨ ਤੋਂ ਹੀ ਬਹੁਤ ਸੁੰਦਰ ਸੀ ਜਿਸ ਕਾਰਣ ਉਸ ਦੇ ਵੱਡੇ ਭਰਾ ਉਸ ਨਾਲ ਈਰਖਾ ਕਰਨ ਲੱਗੇ ਸਨ। ਕਈ ਵਾਰ ਉਹ ਧੀਦੋ ਨੂੰ ਮਾਰ ਦੇਣ ਦੀਆਂ ਗੋਂਦਾਂ ਵੀ ਗੁੰਦਦੇ। ਇਹ ਵੇਖ ਕੇ ਧੀਦੋ ਬਹੁਤ ਡਰ ਗਿਆ ਅਤੇ ਇਕ ਰਾਤ ਆਪਣਾ ਘਰ-ਬਾਰ ਛੱਡ ਕੇ ਦੂਰ ਨਿਕਲ ਗਿਆ। ਜਿਸ ਰਾਤ ਧੀਦੋ ਆਪਣੇ ਘਰ ਤੋਂ ਵਿਦਾ ਹੋਇਆ ਸੀ ਦਮੋਦਰ ਨੇ ਉਸ ਦੇ ਰੰਗ-ਰੂਪ ਅਤੇ ਪਹਿਰਾਵੇ ਦਾ ਵਰਣਨ ਬੜੀ ਕੁਸ਼ਲਤਾ ਨਾਲ ਕੀਤਾ ਹੈ। ਰਾਂਝੇ ਨੇ ਲਾਲ ਰੰਗ ਦਾ ਚੀਰਾ ਬੰਨ੍ਹਿਆ ਹੋਇਆ ਸੀ। ਲੱਕ ਨਾਲ ਨੀਲੇ ਰੰਗ ਦਾ ਖੇਸ ਬੰਨ੍ਹਿਆ ਸੀ। ਨੱਕ ਵਿਚ ਬੁਲਾਕ ਅਤੇ ਕੰਨਾਂ ਵਿਚ ਵਾਲੇ ਪਹਿਨੇ ਹੋਏ ਸਨ। ਜ਼ੁਲਫਾਂ ਉੱਡ-ਉੱਡ ਕੇ ਉਸ ਦੇ ਚਿਹਰੇ ਉੱਤੇ ਪੈ ਰਹੀਆਂ ਸਨ। ਧੀਦੋ ਦੀ ਵੇਸ਼-ਭੂਸ਼ਾ ਰੋਜ਼ ਹੀ ਇਹੋ ਜਿਹੀ ਹੁੰਦੀ ਸੀ। ਅੱਧੀ ਰਾਤ ਨੂੰ ਅਛੋਪਲੇ ਜਿਹੇ ਉੱਠ ਕੇ ਉਹ ਆਪਣਾ ਘਰ-ਬਾਰ ਛੱਡ ਤੁਰਿਆ। ਉਸ ਪਾਸ ਕੋਈ ਪੈਸਾ-ਧੇਲਾ ਵੀ ਨਹੀਂ ਸੀ। ਪਰ ਆਪਣੇ ਭਰਾਵਾਂ ਤੋਂ ਡਰਦਾ ਮਾਰਿਆ ਉਹ ਨਿਕਲ ਤੁਰਿਆ।

ਦਮੋਦਰ ਨੇ ਆਪਣੀ ਰਚਨਾ ਵਿਚ ਲਹਿੰਦੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਸ ਕਾਵਿ-ਬੰਦ ਵਿਚ ਵੀ ਲਹਿੰਦੀ ਸ਼ਬਦਾਵਲੀ ਅਤੇ ਵਾਕ-ਰਚਨਾ ਦਾ ਪ੍ਰਬੰਧ ਵੇਖਿਆ ਜਾ ਸਕਦਾ ਹੈ। ਕਵੀ ਦਾ ਛੰਦ-ਵਿਧਾਨ ਉੱਤੇ ਪੂਰਾ ਅਧਿਕਾਰ ਹੈ।*16-14* ਮਾਤਰਾਵਾਂ ਵਾਲਾ ਦਵਈਆ ਛੰਦ ਵਰਤਿਆ ਗਿਆ ਹੈ। ਕਵੀ ਨੇ ਸ਼ਿੰਗਾਰ ਅਤੇ ਕਰੁਣਾ ਰਸ ਦੇ ਸੁਮੇਲ ਦੁਆਰਾ ਇਸ ਦ੍ਰਿਸ਼

ਨੂੰ ਬਹੁਤ ਪ੍ਰਭਾਵਸ਼ਾਲੀ ਬਣਾ ਦਿੱਤਾ ਹੈ।

## 1.7.6 ਪ੍ਰਸ਼ਨ :-ਉਪਰੋਕਤ ਪਾਠ ਸਮੱਗਰੀ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

(1) ਕਿਸੇ ਇਕ ਕਾਵਿ-ਰਚਨਾ ਵਿਚ ਪੇਸ਼ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ :

(ੳ) ਹੀਰ ਦਾ ਜਨਮ ਅਤੇ ਬਾਲ ਵਰੇਸ।

(ਅ) ਰਾਂਝੇ ਦਾ ਜਨਮ ਅਤੇ ਬਾਲ ਵਰੇਸ।

(ੲ) ਧੀਦੋ ਨੂੰ ਧੀਦੋ ਦੇ ਭਰਾਵਾਂ ਵੱਲੋਂ ਤੰਗ ਕਰਨਾ।

(ਸ) ਰਾਂਝੇ ਨੂੰ ਪੰਜ ਪੀਰਾਂ ਦਾ ਮਿਲਣਾ।

(2) ਦਮੋਦਰ ਰਚਿਤ ਹੀਰ ਦੇ ਕਾਵਿ ਗੁਣਾਂ ਉੱਤੇ ਇਕ ਨੋਟ ਲਿਖੋ।

(3) ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(ੳ) ਅਵੱਲ ਨਾਮ ਸਾਹਿਬ ਦਾ ...ਇਹੁ ਕਿੱਸਾ ਚਾਇਆ।

(ਅ) ਘਰ ਚੂਚਕ ਦੇ ਬੇਟੀ ਜੰਮੀ...ਗੱਲਾਂ ਕਰੇ ਸਚਿਆਈਆਂ।

(ੲ) ਸੁਣਹੁ ਸਿਆਲੇ ਧੀਆਂ ਵਾਲਿਓ...ਚਾਕ ਖਾਏ ਇਹੁ ਵੱਥੇ।

(4) 'ਹੀਰ ਦਾ ਜਨਮ ਤੇ ਬਾਲ ਵਰੇਸ' ਕਵਿਤਾ ਵਿਚ ਕਵੀ ਚੂਚਕ ਦੀ ਵਡਿਆਈ ਕਿਵੇਂ ਕਰਦਾ ਹੈ? (ਦਸੰਬਰ 2017)

Type Setting :
Department of Distance Education, Punjabi University, Patiala.